46

੧ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਜੀਵਨ ਬ੍ਰਿਤਾਂਤ

# ਸ੍ਰੀ ਗੁਰੂ ਅਮਰ ਦਾਸ ਜੀ



17

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ

(2)

ਕੀ ਤਤਕਰਾ ਕਿਥੇ?


1. ਸਤਿਗੁਰਾਂ ਦੀ ਪ੍ਰਮਾਣੀਕ ਜੀਵਨ ਗਾਥਾ ਬਾਰੇ 3
2. ਭੱਟ ਵਿਦਵਾਨਾਂ ਦੀਆਂ ਸ਼ਰਧਾਂਜਲੀਆਂ 8
3. ਮੁਢਲਾ ਜੀਵਨ 10
(ੳ) ਆਰੰਭਕ ਸਮਾਚਾਰ 10, (ਅ) ਦੁਰਗਾ ਬ੍ਰਾਹਮਣ ਅਤੇ ਬ੍ਰਹਮਚਾਰੀ ਸਾਧ ਨਾਲ ਮੇਲ 12
4. ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ 13
5. (ੳ) ਬੀਬੀ ਅਮਰੋ ਜੀ ਦਾ ਬਾਣੀ ਪੜ੍ਹਨਾ 13, (ਅ) (ਗੁਰੂ) ਅਮਰਦਾਸ ਜੀ ਦਾ ਖਡੂਰ ਸਾਹਿਬ ਆਉਣਾ ਤੇ ਗੁਰਮਤਿ ਉਪਦੇਸ਼ 16, (ੲ) ਸਿੱਖੀ ਦੀ ਕਮਾਈ ਅਤੇ ਸੇਵਾ 17, (ਸ) ਜੋਗੀ ਸ਼ਿਵਨਾਥ ਤੇ (ਗੁਰੂ) ਅਮਰਦਾਸ ਜੀ 19, (ਹ) ਨਗਰ ਗੋਇੰਦਵਾਲ ਵਸਾਉਣਾ 25 (ਕ ) ਗੁਰਤਾ ਗਦੀ ਦੀ ਜ਼ਿੰਮੇਵਾਰੀ 27, (ਖ) ਕੁਝ ਮਨਘੜਤ ਤੇ ਗੁਰੂ ਆਸ਼ੇ ਵਿਰੁਧ ਸਾਖੀਆਂ 30
5. ਗੁਰਗੱਦੀ ਜੀਵਨ ਦੀ ਗਾਥਾ
(ੳ) ਦਾਸੂ ਜੀ ਤੇ ਦਾਤੂ ਜੀ ਵਲੋਂ ਵਿਰੋਧਤਾ 32, (ਅ) ਬੀਬੀ ਭਾਨੀ ਲਈ (ਗੁਰੂ) ਰਾਮਦਾਸ ਜੀ ਦੀ ਚੋਣ 39 (ੲ) ਗੁਰੂ ਅਮਰਦਾਸ ਜੀ ਦਾ ਇਤਹਾਸਕ ਪ੍ਰਚਾਰ ਦੌਰਾ 40, (ਸ) ਗੋਇੰਦਵਾਲ ਨਗਰ ਦੀ ਅਸਥਾਪਨਾ ਤੇ ਵਿਕਾਸ 44, (ਹ) ਬਉਲੀ ਦੀ ਰਚਨਾ 46, (ਕ) ਹਰੀ ਰਾਮ ਤੱਪੇ ਦਾ ਪਾਜ ਉਘੜਨਾ 51, (ਖ) ਮਰਵਾਹੇ ਚੌਧਰੀ ਵਲੋਂ ਵਿਰੋਧਤਾ ਤੇ ਉਸਦਾ ਫਾਵਾ ਹੋਣਾ 55, (ਗ) ਅਸਥਾਨਕ ਮੁਸਲਮਾਨਾਂ ਵਲੋਂ ਵਿਰੋਧਤਾ 59, (ਘ) ਹਕੂਮਤ ਕੋਲ ਗੁਰੂ ਅਮਰਦਾਸ ਜੀ ਵਿਰੁਧ ਸ਼ਿਕਾਇਤਾਂ ਤੇ ਦਾਅਵਾਂ 61, (ਚ) ਬਾਈ ਮੰਜੀਆਂ 68, (ਛ) ਨਗਰ ਅੰਮ੍ਰਿਤਸਰ ਦੀ ਅਸਥਾਪਨਾ 74, (ਜ) ਗੁਰੱਗਦੀ ਦੀ ਜ਼ਿੰਮੇਵਾਰੀ ਲਈ ਗੁਰੂ ਰਾਮਦਾਸ ਜੀ ਦੀ ਚੋਣ 75, (ਝ) ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣਾ 77
6. ਗੁਰਆਈ ਸਮੇਂ ਦੇ ਉਪਦੇਸ਼
(ੳ) ਜਾਤਪਾਤ ਦਾ ਵਿਰੋਧ 86, (ਅ) ਸਤੀ ਦੀ ਅਣਮਨੁਖੀ ਰਸਮ ਦਾ ਵਿਰੋਧ 91, (ੲ) ਵਿਆਹ ਸ਼ਾਦੀਆਂ ਦੀਆਂ ਰਸਮਾਂ ਵਿਚ ਸੁਧਾਰ 93 (ਸ) ਸਿੱਖੀ ਦੀ ਨਿਆਰੀ ਹੋਂਦ ਦਾ ਉਪਦੇਸ਼ 100, (ਹ) ਮਨੁੱਖਾਜੀਵਨ ਦਾ ਮਨੋਰਥ 107, (ਕ) ਸਤਿਗੁਰੂ ਦੀ ਸਿਖਿਆ ਦੀ ਲੋੜ 109, (ਖ) ਸਾਧੂ ਦੇ ਲੱਛਣ 110, (ਗ) ਗੁਰਬਾਣੀ ਇਸ ਜਗ ਮਹਿ ਚਾਨਣੁ 111, (ਘ) ਮਾਇਆ 111, (ਙ) ਅਕਾਲ ਪੁਰਖ ਤੇ ਦ੍ਰਿੜ ਵਿਸ਼ਵਾਸ 114, (ਚ) ਪ੍ਰਮੇਸ਼ਰ ਪ੍ਰਾਪਤੀ ਦੇ ਸਾਧਨ 115, (ਛ) ਹਉਮੈ 116 (ਜ ) ਮਨਮੁਖ 117, (ਝ) ਸੰਗਰਾਂਦ ਮਸਿਆ ਪੂਰਨਮਾਸ਼ੀ ਦਿਨਾਂ ਦੇ ਭਰਮ 118, (ਞ) ਰੱਬੀ ਗੁਣ ਅਪਨਾਉਣ ਦੀ ਲੋੜ, (ਟ) ਨਾਮ ਸਿਮਰਨ ਬਾਰੇ 119, (ਠ) ਬਖਸ਼ਿਸ਼ ਤੇ ਅਰਦਾਸ ਉਤੇ ਟੇਕ 120, (ਡ) ਪ੍ਰਚਾਰਕ ਦਾ ਅਮਲੀ ਜੀਵਨ 121
7. ਕਲਿ ਵਿਚਿ ਧੂ ਅੰਧਾਰ ਸਾ ਚੜ੍ਹਿਆ ਰੈ ਭਾਣੁ
8 ਭਾਈ ਨੰਦ ਲਾਲ ਸਿੰਘ ਜੀ ਦੀ ਸ਼ਰਧਾਂਜਲੀ 123

# ਸਤਿਗੁਰਾਂ ਦੀ ਪ੍ਰਮਾਣੀਕ ਜੀਵਨ ਗ਼ਾਥਾ ਬਾਰੇ

ਅਮਰੀਕਨ ਸ਼ਾਇਰ ਐਚ. ਡਬਲੀਊ. ਲਾਂਗਫੈਲੋ ਨੇ ਮਹਾਂਪਰਖਾਂ ਦੇ ਜੀਵਨ ਕਾਰਨਾਮਿਆਂ ਸਬੰਧੀ ਵਿਚਾਰ ਕਰਨ ਤੇ ਪਰਚਾਰ ਕਰਨ ਬਾਰੇ ਆਪਣੀ ਇਕ ਕਵਿਤਾ "Psalm of Life" ਵਿਚ ਬਹੁਤ ਠੀਕ ਕਿਹਾ ਹੈ :—

Lives of greatmen always remind us,
We can make our life sublime,
And departure leave behind us,
footprints on the sands of time.

ਮਹਾਂਪੁਰਖਾਂ ਦੇ ਜੀਵਨ ਕਾਰਨਾਮਿਆਂ ਨੂੰ ਪੜ੍ਹ-ਸੁਣਕੇ ਸਾਨੂੰ ਆਪਣੇ ਜੀਵਨ ਨੂੰ ਉਹਨਾਂ ਦੇ ਪੂਰਨਿਆਂ ਤੇ ਚਲਾਉਣ ਦੀ ਪਰੇਰਨਾਂ ਮਿਲਦੀ ਹੈ । ਆਪਣੇ ਬਜ਼ੁਰਗਾਂ ਦੀਆਂ ਮਹਾਨ ਜੀਵਨ ਕਹਾਣੀਆਂ ਸਾਨੂੰ ਸਾਧਾਰਨ ਪੁਤਰਾਂ ਤੋਂ ਸਪੁਤਰ ਬਣਨ ਦੀ ਪ੍ਰੇਰਨਾ ਦਿੰਦੀਆ ਹਨ । ਮਹਾਂਪੁਰਖਾਂ ਬਜ਼ੁਰਗਾਂ ਦੇ ਕਾਰਨਾਮੇ ਵਾਚ-ਪੜ੍ਹ ਕੇ ਸਾਨੂੰ ਆਪਣੇ ਵਰਤਮਾਨ ਜੀਵਨ ਦੇ ਅੱਡ-ਅੱਡ ਪਹਿਲੂਆਂ ਵਿਚ ਵਾਪਰ ਰਹੀਆਂ ਔਕੜਾਂ, ਮੁਸ਼ਕਲਾਂ ਦੇ ਹਲ ਲੱਭਣ ਵਿਚ ਭਾਰੀ ਮਦਦ ਮਿਲ਼ਦੀ ਹੈ । ਬੀਤ ਚੁਕੇ ਸਮੇਂ ਵਿਚ ਵਾਪਰੀਆਂ ਗਲਤ ਗੱਲਾਂ ਅਥਵਾ ਗਲਤੀਆਂ ਤੋਂ ਅਸੀ ਆਪਣੇ ਆਪ ਨੂੰ ਬਚਾ ਸਕਦੇ ਹਾਂ, ਤਾਂਕਿ ਦੁਬਾਰਾ ਉਹ ਗਲਤੀਆਂ ਨਾ ਦੁਹਰਾਈਆਂ ਜਾਣ, ਜਿਨ੍ਹਾਂ ਨੇ ਬੀਤ ਚੁਕੇ ਸਮੇਂ ਵਿਚ ਸਾਡੇ ਸ਼ਖਸੀ ਜੀਵਨ ਜਾਂ ਜਮਾਤੀ ਜੀਵਨ ਵਿਚ ਨੁਕਸਾਨ ਪਹੁੰਚਾਇਆ ਹੈ ।

ਇਹ ਗੱਲ ਤਾਂ ਅੱਜ ਨਿਰਸੰਸੇ ਕਹੀ ਜਾ ਸਕਦੀ ਹੈ ਕਿ ਕੌਮ ਅੰਨ੍ਹੇ ਵੇਗ ਨਾਲ ਅਧੋਗਤੀ ਵਲ ਧਸਦੀ ਜਾ ਰਹੀ ਹੈ । ਸਾਡਾ ਆਤਮਕ ਅਰ ਧਾਰਮਕ ਬਲ ਖੀਣ ਹੁੰਦਾ ਜਾ ਰਿਹਾ ਹੈ । ਕੌਮ ਦੀ ਅਗਲੀ ਪੀੜੀ (next generation) ਆਪਣੇ ਇਤਿਹਾਸ ਅਰ ਵਿਰਸੇ ਤੋਂ ਲਗਪਗ ਪੂਰੀ ਤਰ੍ਹਾਂ ਆਣਜਾਣ ਹੈ । ਸਕੂਲਾਂ, ਕਾਲਜਾਂ, ਗੁਰਦੁਆਰਿਆਂ ਰਾਹੀਂ ਅਸੀ ਆਪਣੇ ਬਜ਼ੁਰਗਾਂ ਦੇ ਜੀਵਨ ਕਾਰਨਾਮਿਆਂ ਤੇ ਸਿੱਖ ਸਿਧਾਂਤਾਂ ਦਾ ਪਰਚਾਰ ਉਸ ਹਾਲਤ ਵਿਚ ਹੀ ਕਰ ਸਕਦੇ ਹਾਂ, ਜੇ ਸਾਡੇ ਪਾਸ ਵਧੀਆ ਕਿਸਮ ਦੀ ਕੋਈ ਕੇਂਦਰੀ ਪਰਚਾਰਕ ਆਰਗੇਨਾਈਜ਼ੇਸ਼ਨ ਹੋਵੇ, ਜੋ ਅਸਲੀਅਤ ਵਿਚ ਕੌਮ ਪਾਸ ਹੈ ਨਹੀਂ । ਦੂਜੇ, ਕੌਮ ਪਾਸ ਆਪਣੇ ਬਜ਼ੁਰਗਾਂ ਦੇ ਜੀਵਨ ਕਾਰਨਾਮਿਆਂ ਦਾ ਪ੍ਰਮਾਣੀਕ ਇਤਿਹਾਸ ਹੋਵੇ ਤਾਂਕਿ ਸਭ ਪਰਚਾਰਕ ਤੇ ਲਿਖਾਰੀ ਇਕੋ ਭਾਂਤ ਦਾ ਪਰਚਾਰ ਕਰਨ, ਜਿਸ ਨਾਲ ਕੌਮ ਵਿਚ ਏਕਤਾ ਪੈਦਾ ਹੋਵੇ ਤੇ ਕੌਮ ਕਿਸੇ ਕੇਂਦਰੀ ਨਿਸ਼ਾਨੇ-ਆਦਰਸ਼ ਲਈ ਇੱਕਠੀ ਹੋ ਸਕੇ।

ਸ਼ੁਰੂ ਤੋਂ ਹੀ ਇਸ ਦੇਸ਼ ਦੇ ਲੋਕਾਂ ਵਿਚ ਇਤਿਹਾਸ ਨੂੰ ਲਿਖਣ ਅਤੇ ਇਤਿਹਾਸ ਨੂੰ ਸੰਭਾਲਣ ਲਈ ਦਿਲਚਸਪੀ ਨਹੀਂ ਰਹੀ । ਇਥੇ ਸ਼ੁਰੂ ਤੋਂ ਹੀ ਪੁਰਾਣਕ ਲੀਹਾਂ ਉਤੇ ਕੁਝ

ਕੁ ਘਟਨਾਵਾਂ ਦੇ ਵੇਰਵਾ ਲਿਖ ਲਿਆ ਜਾਂਦਾ ਰਿਹਾ ਹੈ, ਜਿਸ ਵਿੱਚ ਉਪਦੇਸ਼ਾਮਕਤਾ, ਕਾਵਿ-ਰੰਗ ; ਅਤਿ-ਕਥਨੀ ਆਦਿ ਸਭ ਨੂੰ ਮਿਲਾ ਲਿਆ ਜਾਂਦਾ ਰਿਹਾ ਹੈ । ਇਸ ਸਭ ਕਾਸੇ ਕਾਰਨ ਅਜਿਹੇ ਵੇਰਵਿਆਂ ਅੰਦਰ ਇਤਿਹਾਸਕਤਾ ਆਟੇ ਵਿਚ ਲੂਣ ਜਿੱਡੀ ਹੀ ਰਹਿ ਜਾਂਦੀ ਰਹੀ ਹੈ । ਸੰਮਤਾਂ ਅਤੇ ਤ੍ਰੀਕਾਂ ਅਨੁਸਾਰ ਬੀਤੇ ਸਮੇਂ ਦੇ ਵੇਰਵੇ ਲਿਖਣੇ ਇਥੋਂ ਦੇ ਲੋਕਾਂ ਦੀ ਰੁਚੀ ਨਹੀਂ ਰਹੀ। ਨਤੀਜਾ ਇਹ ਨਿਕਲਿਆ ਹੈ ਕਿ ਸਮੇਂ ਦੇ ਫੇਰ ਵਿਚ ਅਜਿਹੀਆਂ ਅਨੇਕਾਂ ਘਟਨਾਵਾਂ ਦੇ ਵੇਰਵੇ ਕਈ ਵੱਖ-ਵੱਖ ਰੂਪਾਂ ਵਿਚ ਬਿਆਨ ਹੋਣ ਲੱਗ ਪਏ । ਇਹਨਾਂ ਸਭ ਲਿਖਤਾਂ ਨੂੰ ਵਾਚ ਪੜਤਾਲ ਕੇ ਅਜ ਦੇ ਵਿਗਿਆਨਕ ਰੁਚੀਆਂ ਵਾਲੇ ਵਿਦਿਆਰਥੀ ਉਹਨਾਂ ਨੂੰ ਇਤਿਹਾਸ ਮੰਨਣੋਂ ਉਕੇ ਇਨਕਾਰੀ ਜਿਹੇ ਹੋਏ ਪਏ ਹਨ ਅਤੇ ਉਸ ਸਭ ਨੂੰ ਨਾਵਲੀ ਸਾਹਿਤ ਸਮਝ ਰਹੇ ਹਨ ਅਰ ਉਹਨਾਂ ਦਾ ਐਸਾ ਸੋਚਣਾ ਸੁਭਾਵਕ ਜਿਹਾ ਹੀ ਹੈ ।

ਪੁਰਾਣੇ ਲਿਟਰੇਚਰ ਦੀ ਅਜਿਹੀ ਬ੍ਰਿਤੀ ਸਿੱਖ ਸਾਹਿਤ ਉਤੇ ਵੀ ਭਾਰੂ ਰਹੀ ਹੈ । ਸਮਕਾਲੀ ਮੁਸਲਮਾਨ ਬਹੁਤ ਹੱਦ ਤਕ ਇਤਿਹਾਸਕ ਵੇਰਵੇ ਲਿਖਣ ਦੀ ਰੁਚੀ ਰਖਦੇ ਸਨ, ਪਰ ਉਹਨਾਂ ਦੇ ਮੁਤਅਸਬ, ਜਨੂੰਨ ਅਤੇ ਪਖਪਾਤ ਨੇ ਸਹੀ ਵਾਕਿਆਤ ਦਰਜ ਨਹੀਂ ਹੋਣ ਦਿਤੇ । ਹਿੰਦੂ ਲਿਖਾਰੀਆਂ ਵਿਚੋਂ ਕਿਸੇ-ਕਿਸੇ ਨੂੰ ਛੱਡ ਕੇ ਬਾਕੀ ਸਭ ਨੇ ਸਿੱਖ ਬਜ਼ੁਰਗਾਂ ਬਾਰੇ ਲਿਖਣ ਸਮੇਂ ਕਮਾਲ ਦਰਜੇ ਦੀ ਚਤੁਰਾਈ ਅਤੇ ਚਲਾਕੀ ਤੋਂ ਕੰਮ ਲਿਆ ਹੈ । ਜ਼ਾਹਿਰਾ ਤੌਰ ਤੇ ਉਹ ਅਨੇਕਾਂ ਥਾਵਾਂ ਤੇ ਸਿੱਖ ਸਤਿਗੁਰੂਆਂ ਤੇ ਸਿੱਖ ਬਜ਼ੁਰਗਾਂ ਦੀ ਤਾਰੀਫ਼ ਕਰ ਰਹੇ ਹੁੰਦੇ ਹਨ । ਪਰ ਅੰਦਰਖਾਤੇ ਇਹਨਾਂ ਦਾ ਪੂਰਾ ਜ਼ੋਰ ਇਸੇ ਗੱਲ ਉਪਰ ਲਗਾ ਹੁੰਦਾ ਹੈ ਕਿ ਸਿੱਖ ਮਤ ਨੂੰ ਇਕ ਆਲਮਗੀਰੀ, ਆਜ਼ਾਦ ਤੇ ਸੰਪੂਰਨ ਮੱਤ ਦੇ ਰੂਪ ਵਿਚ ਪੇਸ਼ ਕਰਨ ਦੀ ਥਾਵੇਂ ਕੇਵਲ ਮਾਤਰ ਹਿੰਦੂ ਮੱਤ ਦੀ ਇਕ ਸ਼ਾਖ ਰੂਪ ਵਿਚ ਹੀ ਪੇਸ਼ ਕੀਤਾ ਜਾਵੇ । ਸਿੱਖ ਸਤਿਗੁਰੂਆਂ ਅਤੇ ਸਿੱਖ ਬਜ਼ੁਰਗਾਂ ਨੂੰ ਉਹ ਹਿੰਦੂ ਦੇ ਤੌਰ ਤੇ ਬਿਆਨਣ ਉਤੇ ਹੀ ਪੂਰਾ ਜ਼ੋਰ ਲਗਾ ਰਹੇ ਹਨ । ਸਪੱਸ਼ਟ ਸਿਧਾਂਤਕ ਵਿਲਖਣਤਾ ਨੂੰ ਦੇਖ ਕੇ ਵੀ ਇਹ ਗਲਤ-ਬਿਆਨੀ ਕਰਦੇ ਹੀ ਗਏ ਹਨ । ਇਹ ਲੋਕ ਮੂਲੋਂ ਹੀ ਸਿੱਖ ਮੱਤ ਦੀ ਸੁਤੰਤਰ ਤੇ ਆਜ਼ਾਦ ਹੋਂਦ ਦੇ ਵਿਰੋਧੀ ਰਹੇ ਹਨ, ਪਰ ਜ਼ਾਹਿਰਾ ਤੌਰ ਤੇ ਦੁਸ਼ਮਣ ਦੇ ਰੂਪ ਵਿਚ ਨਹੀਂ, ਸਿੱਖੀ ਦੇ ਸ਼ਰਧਾਲੂ ਤੇ ਪ੍ਰਸ਼ੰਸਕ ਦੀ ਸ਼ਕਲ ਧਾਰ ਕੇ ਇਹ ਆਪਣਾ ਦਾਅ ਲਗਾਉਂਦੇ ਰਹੇ ਹਨ ।

ਪੱਛਮ ਦੇ ਲਿਖਾਰੀਆਂ ਦੀਆਂ ਲਿਖਤਾਂ ਵੀ ਪ੍ਰਮਾਣਿਕ ਨਹੀਂ ਮੰਨੀਆਂ ਜਾ ਸਕਦੀਆਂ ਕਿਉਂਕਿ ਸਿੱਖ ਮੱਤ ਬਾਰੇ ਲਿਖਣ ਸਮੇਂ ਉਹਨਾਂ ਨੇ ਵਾਕਿਆਤਾਂ ਨੂੰ ਆਪਣੇ ਤੌਰ ਤੇ ਪੜਚੋਲਿਆ ਪੜਤਾਲਿਆ ਨਹੀਂ, ਬਲਕਿ ਸੁਣੀਆਂ-ਸੁਣਾਈਆਂ ਤੇ ਮੂੰਹ-ਚੜ੍ਹੀਆਂ ਗੱਲਾਂ ਨੂੰ, ਜੋ ਬਹੁਤ ਵੇਰ ਗਲਤ ਹੀ ਹੁੰਦੀਆਂ ਸਨ, ਹਕੀਕਤ ਦੀ ਤਹਿ ਤਕ ਪੁਜੇ ਬਿਨਾਂ ਹੀ ਲਿਖਕੇ ਉਹਨਾਂ ਨੂੰ ਅੰਗਰੇਜ਼ੀ ਆਦਿਕ ਬੋਲੀਆਂ ਵਿਚ ਪ੍ਰਕਾਸ਼ਤ ਕਰਾ ਲਿਆ ਹੈ ।

ਸਿੱਖ ਲਿਖਾਰੀਆਂ ਦਾ ਇਤਿਹਾਸ ਲਿਖਣ ਸਮੇਂ ਇਸ ਤੋਂ ਵੀ ਭੈੜਾ ਹਾਲ ਰਿਹਾ ਹੈ । ਵਿਦਵਤਾ ਤੇ ਖੋਜ ਵਾਲੇ ਪਾਸੇ ਤੁਰਨਾ ਇਹਨਾਂ ਨੂੰ ਕੁਝ ਔਖਾ ਹੀ ਲਗਾ ਹੈ । ਸ਼ਰਧਾ

ਵਿਚ ਆ ਕੇ ਤੇ ਬਿਬੇਕ-ਵਿਤਰੇਕ ਬੁਧੀ ਨੂੰ ਇਕ ਪਾਸੇ ਰਖਕੇ ਆਪਣੇ ਵਲੋਂ ਉਸਤਤ ਰੂਪ ਵਿਚ ਬੇਸ਼ੁਮਾਰ ਵਾਕਿਆਤ ਲਿਖਦੇ ਹਨ, ਜਿਸ ਨਾਲ ਅਸਲ ਸਿੱਖ ਸਤਿਗੁਰੂਆਂ ਦੇ ਬਜ਼ੁਰਗਾਂ ਦੀ ਮਹਾਨ ਸ਼ਖ਼ਸੀਅਤ ਉਘੜਨ ਦੀ ਥਾਵੇਂ ਕਈ ਥਾਈਂ ਦਾਗਦਾਰ ਜਿਹੇ ਰੂਪ ਵਾਲੀ ਬਣ ਗਈ ਹੈ ।

ਦਰਅਸਲ ਲੋੜ ਹੈ ਕਿ ਕੌਮ ਪਾਸ ਕੋਈ ਕੇਂਦਰੀ, ਸਰਬ-ਪ੍ਰਵਾਣਤ ਸੰਸਥਾ ਹੋਵੇ, ਜੋ ਕੌਮ ਦੇ ਮੁਖੀ ਵਿਦਵਾਨਾਂ ਨੂੰ ਇੱਕਤਰ ਕਰਕੇ ਦਸ-ਵੀਹ ਸਾਲ ਲਗਵਾ ਕੇ ਪ੍ਰਮਾਣੀਕ ਸਿੱਖ ਇਤਿਹਾਸ ਤਿਆਰ ਕਰਵਾਏ ਅਤੇ ਸੋਧ-ਸੁਧਾਈ ਕਰਕੇ ਇਸਨੂੰ ਪ੍ਰਮਾਣੀਕ ਰੂਪ ਵਿਚ ਪ੍ਰਕਾਸ਼ਤ ਕੀਤਾ ਜਾਏ ਅਤੇ ਇਹੋ ਪ੍ਰਮਾਨਿਕ ਇਤਿਹਾਸ ਹੀ ਸਾਡੇ ਪਰਚਾਰ ਦਾ ਆਧਾਰ ਬਣੇ । ਸਿੱਖ ਸਤਿਗੁਰੂਆਂ ਅਤੇ ਬਜ਼ੁਰਗਾਂ ਦੀਆਂ ਜੀਵਨ ਘਟਨਾਵਾਂ ਅੱਡ-ਅੱਡ ਇਤਿਹਾਸ ਵਿਚ ਅਨੇਕਾਂ ਰੂਪਾਂ ਵਿਚ ਮੌਜੂਦ ਹਨ । ਸੰਨਾਂ, ਸੰਮਤਾਂ ਸਬੰਧੀ ਹੀ ਮਤਭੇਦ ਨਹੀ ਹਨ, ਘਟਨਾਵਾਂ ਦੇ ਵੇਰਵਿਆਂ, ਰੂਪਾਂ ਅਤੇ ਉਹਨਾਂ ਰਾਹੀਂ ਕੱਢੇ ਨਤੀਜਿਆਂ ਵਿਚ ਖ਼ਤਰਨਾਕ ਕਿਸਮ ਦੇ ਮਤਭੇਦ ਮੌਜੂਦ ਹਨ । ਫਿਰ, ਐਸੇ ਮਤਭੇਦ ਦੋ, ਚਾਰ ਜਾਂ ਛੇ ਤਕ ਦੀ ਗਿਣਤੀ ਦੇ ਹੋਣ, ਐਸੀ ਗੱਲ ਨਹੀਂ, ਸੈਂਕੜੇ ਵਾਕਿਆਤ ਅੱਡ-ਅੱਡ ਇਤਿਹਾਸਾਂ ਵਿਚ ਦਰਜ ਹਨ, ਜੋ ਇਕਸਾਰਤਾ, ਖੋਜ ਅਰ ਸੁਧਾਈ ਦੀ ਮੰਗ ਕਰਦੇ ਹਨ ।

ਸਤਿਗੁਰੂਆਂ ਦੀ ਕਹਿਣੀ ਅਰ ਕਥਨੀ ਵਿਚ ਫਰਕ ਹੋਣਾ ਨਾਮੁਮਕਿਨ ਹੈ । ਜਿਹਨਾਂ ਵਿਸ਼ਿਆਂ ਉਤੇ ਸਤਿਗੁਰਾਂ ਨੇ ਆਪਣੀ ਬਾਣੀ ਵਿਚ ਨਿਰਨਾ-ਜਨਕ ਅੰਤਿਮ ਫੈਸਲੇ ਦਿਤੇ ਹੋਏ ਹਨ, ਇਹ ਕਿਵੇਂ ਸੰਭਵ ਹੈ ਕਿ ਸਤਿਗੁਰੂ ਖੁਦ ਉਹਨਾਂ ਦੇ ਐਨ ਉਲਟ ਅਮਲ ਕਰਦੇ ਰਹੇ ਹੋਣ । ਪਰ ਦਾਨੇ ਦੁਸ਼ਮਣਾਂ ਨੇ ਬੜੀਆਂ ਗਹਿਰੀਆਂ ਚਾਲਾਂ ਨਾਲ ਸਿੱਖ ਇਤਿਹਾਸ ਵਿਚ ਰਲਾ ਪਾਇਆ ਹੈ । ਸਾਡੇ ਇਤਿਹਾਸਾਂ ਵਿਚ ਮਨਘੜਤ ਗਪੌੜੇ ਹੋਣ, ਹਾਸੋ-ਹੀਣੇ ਅਤੇ ਹਿੰਦੂ ਜਾਂ ਬ੍ਰਹਮਣੀ ਰੰਗਤ ਵਿਚ ਰੰਗੇ ਵਾਕਿਆਤ ਹੋਣ, ਤਾਂ ਇਹਨਾਂ ਦੇ ਮਿਲਗੋਭਾ ਪਰਚਾਰ ਨਾਲ ਪੰਥ ਵਿਚ ਖ਼ਾਲਸਪੁਣਾ, ਨਿਆਰਾਪਣ ਅਰ ਇਕਸਾਰਤਾ ਕਿਵੇਂ ਆ ਸਕਦੀ ਹੈ ?

ਜੇ. ਡੀ. ਕਨਿੰਘਮ ਨੇ ਸੰਨ 1848 ਵਿਚ 'ਸਿੱਖ ਇਤਿਹਾਸ' ਅੰਗਰੇਜ਼ੀ ਜ਼ਬਾਨ ਵਿਚ ਲਿਖਿਆ । ਇਹ 1951 ਵਿਚ ਪੰਜਾਬੀ ਵਿਚ ਛਪਿਆ । ਐਮ. ਏ. ਮੈਕਾਲਿਫ ਨੇ 1909 ਵਿਚ 'ਸਿੱਖ ਰਿਲੀਜਨ' ਪੁਸਤਕ ਲਿਖੀ । ਮੈਕਾਲਿਫ ਨੇ ਆਪ 1903 ਵਿਚ ਇਕ ਲੈਕਚਰ ਰਾਹੀਂ ਇਹ ਕਿਹਾ ਸੀ ਕਿ ਕਨਿੰਘਮ ਦਾ ਸਿੱਖ ਇਤਿਹਾਸ ਇਕ ਪੁਲੀਟੀਕਲ ਇਤਿਹਾਸ ਹੈ ਅਤੇ ਉਹ ਗੁਰਬਾਣੀ ਦੀ ਅੰਤਰ ਆਤਮਾ ਨੂੰ ਨਹੀਂ ਪਛਾਣ ਸਕਿਆ । ਮੈਕਾਲਿਫ ਭੀ ਗੁਰਪ੍ਰਤਾਪ-ਸੂਰਜ ਅਤੇ ਮਹਿਮਾ ਪ੍ਰਕਾਸ਼ ਆਦਿਕ ਉਹਨਾਂ ਸਿੱਖ ਪੁਸਤਕਾਂ ਦੇ ਪੂਰਨਿਆਂ ਤੇ ਹੀ ਚਲਦਾ ਰਿਹਾ, ਜਿਹੜੇ ਗਰੰਥ ਆਪਣੇ ਆਪ ਵਿਚ ਅਸਲੀਅਤ ਵਿਰੋਧੀ ਤੱਤ ਅਨੇਕਾਂ ਥਾਵਾਂ ਤੇ ਲਈ ਬੈਠੇ ਹਨ । ਇਹ ਠੀਕ ਹੈ ਕਿ ਮੈਕਾਲਿਫ ਨੇ ਗੁਰ ਇਤਿਹਾਸ ਅਤੇ ਗੁਰਬਾਣੀ ਨੂੰ ਸ਼ਰਧਾ ਭਰੇ ਢੰਗਾਂ ਨਾਲ ਚੰਗੀ ਬੋਲੀ ਵਿਚ ਪੱਛਮੀ ਲੋਕਾਂ ਤਕ ਜ਼ਰੂਰ ਪੁਚਾਇਆ ਹੈ । ਸਿੱਖ ਇਤਿਹਾਸ ਬਾਰੇ ਇਕ ਹਿਸਾਬ ਨਾਲ ਮੋਹਸਨ ਫ਼ਾਨੀ ਦੀ ਕਿਤਾਬ 'ਦਬਿਸਤਾਨੇ

ਮਜ਼ਾਹਿਬ ਹੈ । ਕਨਿਘੰਮ ਨੇ ਇਸ ਕਿਤਾਬ ਤੋਂ ਛੁੱਟ ਮੈਲਕਮ, ਵਿਲਸਨ (ਏਸ਼ੀਆ ਇਕ ਰੀਸਰਚ), ਸਿਯਰਲ ਮੁਤਾਖਰੀਨ, ਸਦਰਾਸ (ਲਾਇਫ਼ ਜੀਸੱਫ਼), ਵਾਰਡ ਆਨ ਹਿੰਦੂਜ਼, ਫਾਰਸਟਰ ਟਰੈਵਲਰ ਆਦਿਕ ਪੁਸਤਕਾਂ ਵਿਚੋਂ ਰੈਫ਼ਰੈਂਸ ਦਿਤੇ ਹਨ। ਇਸ ਤੋਂ ਬਾਅਦ ਬੇਸ਼ੁਮਾਰ ਲਿਖਾਰੀ ਕਨਿਘੰਮ ਨੂੰ ਪ੍ਰਮਾਣੀਕ ਜਿਹਾ ਮੰਨ ਕੇ ਇਸ ਦੇ ਹਵਾਲੇ ਮੱਖੀ ਤੇ ਮੱਖੀ ਮਾਰ ਕੇ ਦਿੰਦੇ ਜਾ ਰਹੇ ਹਨ । ਕਨਿਘੰਮ ਨੇ ਅਵੱਸ਼ ਕੁਝ ਗੱਲਾਂ ਠੀਕ ਲਿਖੀਆਂ ਹਨ, ਪਰ ਹਕੀਕਤ ਤੋਂ ਉਲਟ ਊਟ-ਪਟਾਂਗ ਚੀਜ਼ਾਂ ਵੀ ਉਸਦੀ ਲਿਖਤ ਵਿਚ ਸ਼ਾਮਲ ਹਨ । ਕਨਿਘੰਮ ਨੇ ਸੁਣੀਆਂ ਸੁਣਾਈਆਂ ਗੱਲਾਂ ਬਹੁਤ ਲਿਖੀਆਂ ਹਨ ਅਤੇ ਅਪ੍ਰਮਾਣਿਕ ਗਰੰਥਾਂ ਦੀ ਨਕਲ ਵੀ ਰੱਜ ਕੇ ਮਾਰੀ ਹੈ । ਚੂੰਕਿ ਉਸਦੀ ਰਚਨਾ ਅੰਗਰੇਜ਼ੀ ਵਿਚ ਹੈ, ਇਸ ਲਈ ਇਸ ਰਚਨਾ ਵਿਚੋਂ ਲੋਕੀਂ ਧੜਾ-ਧੜ ਰੈਫ਼ਰੈਂਸ ਦੇ ਰਹੇ ਹਨ । ਉਸ ਨੇ 9293 ਪੰਨਿਆਂ ਦੀ ਕੋਈ ਖਾਰੀ ਬੀੜ ਵੇਖੀ ਹੋਈ ਸੀ, ਐਸਾ ਪ੍ਰਤੀਤ ਹੁੰਦਾ ਹੈ ਕਿ ਅਥਵਾ ਨਕਲ-ਦਰ-ਨਕਲ ਮਾਰੀ ਹੈ ਜਾਂ ਸੁਣੀ-ਸੁਣਾਈ ਉਤੇ ਹੀ ਲਿਖੀ ਗਿਆ ਹੈ ਕਿ " ਜਿਤ ਦਰ ਲਖ ਮੁਹੰਮਦਾ" ਆਦਿਕ ਸ਼ਬਦ ਬੀੜ ਵਿਚ ਹਨ ਅਤੇ ਰਤਨ ਮਾਲਾ ਭੋਗ ਦੀ ਬਾਣੀ ਹੈ । ਉਹ ਭੱਟਾਂ ਦੇ ਨੌਂ ਨਾਮਾਂ ਦੀ ਅਥਵਾ ਕਲਪਿਤ ਨਾਮਾਂ ਦੀ ਚਰਚਾ ਹੀ ਨਹੀਂ ਕਰਦਾ, ਬਲਕਿ ਮੀਰਾਂਬਾਈ ਨੂੰ ਬੀੜ ਵਿਚ ਸੈਟ ਕਰੀ ਬੈਠਾ ਹੈ ।

ਸਿੱਖਾਂ ਦੇ ਪੁਰਾਣੇ ਇਤਿਹਾਸਾਂ ਵਿਚ (ਦੋਵੇਂ ਗੁਰ ਬਿਲਾਸ ਪਾਤਸ਼ਾਹੀ ੬ ਅਤੇ ਪਾਤਸ਼ਾਹੀ ੧੦, ਸੌ ਸਾਖੀ, ਗੁਰ ਪ੍ਰਤਾਪ ਸੂਰਜ, ਤਵਾਰੀਖ ਗੁਰੂ ਖਾਲਸਾ, ਪੰਥ ਪ੍ਰਕਾਸ਼ ਆਦਿਕਾਂ ਵਿਚ) ਬੇਸ਼ੁਮਾਰ ਊਟ-ਪਟਾਂਗ, ਗੁਰਮਤ ਵਿਰੁਧ ਮਨਘੜਤ ਪਰਸੰਗ ਹਨ, ਅਤੇ ਅਗੇ ਨਕਲ-ਦਰ-ਦਰ ਬਤੌਰੇ-ਅਸਲ ਬਣਾ ਕੇ ਪੇਸ਼ ਕੀਤੇ ਜਾ ਰਹੇ ਹਨ । ਘਟੋ ਘੱਟ ਸੌ ਸਫ਼ਾ ਤਾਂ ਦੇਵੀ ਦੇ ਜੱਸ ਉਤੇ ਲਗਿਆ ਪਿਆ ਹੈ । ਅਨਮਤੀ ਲਿਖਾਰੀਆਂ ਅਤੇ ਦੂਜੀਆਂ ਬੋਲੀਆਂ ਵਿਚ ਲਿਖਣ ਵਾਲਿਆਂ ਨੂੰ ਕੀ ਕਹੀਏ, ਸਾਡੇ ਪੁਰਾਣੇ ਇਤਿਹਾਸਾਂ ਦੇ ਸਿੱਖ ਲਿਖਾਰੀਆਂ ਨੇ ਭਾਵ ਗੁਰਬਿਲਾਸ ਪਾਤਸ਼ਾਹੀ ੬ ਅਤੇ ਪਾਤਸ਼ਾਹੀ ੧੦, ਸੌ ਸਾਖੀ, ਸੂਰਜ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ (ਗਿ: ਗਿਆਨ ਸਿੰਘ) ਆਦਿਕਾਂ ਵਿਚ ਕਨਿੰਘਮ ਨਾਲੋਂ ਵੀ ਕਿਤੇ ਵਧੇਰੇ ਗੁਰਮਤ ਅਰ ਗੁਰੂ ਆਸ਼ੇ ਵਿਰੁਧ ਪਰਸੰਗ ਲਿਖ ਰਖੇ ਹਨ । ਭਾਈ ਭਗਤ ਸਿੰਘ ਕਰਤਾ ਗੁਰ ਬਿਲਾਸ ਅਤੇ ਸੁਖਾ ਸਿੰਘ ਪਟਨਾ ਨਿਵਾਸੀ ਬ੍ਰਹਮਣੀ ਰੰਗਤ ਵਾਲੇ ਸਿੱਖ ਸਨ ਜੋ ਦੇਵੀ ਮਾਤਾ ਤੋਂ ਬੜੇ ਯਰਕੇ ਪਏ ਸਨ । ਪਰ ਚੂੜਾਮਣੀ ਕਵੀ ਸੰਤੋਖ ਸਿੰਘ ਸੌ ਸਾਖੀ ਦੇ ਬਹੁਤਾ ਢਹੇ ਚੜ੍ਹੇ ਹੋਏ ਸਨ ਅਤੇ ਉਹਨਾਂ ਨੇ ਸੌ ਸਾਖੀ ਦੇ ਪ੍ਰਸੰਗਾਂ ਨੂੰ ਕਵਿਤਾ ਦੁਆਰਾ ਐਸਾ ਸ਼ਿੰਗਾਰਿਆ ਹੈ ਅਤੇ ਕਵਿਤਾ ਵਿਚ ਐਸਾ ਰਸ ਪੈਦਾ ਕੀਤਾ ਹੈ ਕਿ ਉਹਨਾਂ ਦੀ ਲਿਖਤ ਵਿਚੋਂ ਗੁਰਮਤ ਤੇ ਮਨਮਤ ਨੂੰ ਨਖੇੜਨਾ, ਸੱਚ ਝੂਠ ਵਿਚ ਤਮੀਜ਼ ਕਰਨਾ ਸਾਧਾਰਨ ਬੁੱਧੀ ਦੇ ਮਨੁੱਖ ਦੇ ਵੱਸ ਦੀ ਬਾਤ ਨਹੀਂ ਰਹੀ । ਫਿਰ, ਸੂਰਜ ਪ੍ਰਕਾਸ਼ ਤੇ ਗੁਰ ਬਿਲਾਸ ਤੋਂ ਪ੍ਰਸੰਗ ਲੈਕੇ ਗਿ: ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਅਤੇ ਪੰਥ ਪ੍ਰਕਾਸ਼ ਵਿਚ ਅਨੇਕਾਂ ਕਪੋਲ ਕਲਪਿਤ ਮਨ-ਘੜਤ ਸਾਖੀਆ ਲਿਖ ਦਿਤੀਆਂ ਹਨ ।

ਸਮੁਚੇ ਸਿੱਖ ਇਤਿਹਾਸ ਸਬੰਧੀ ਸਹੀ ਵਾਕਿਆਤ ਜਾਣਨ ਸਮੇਂ ਜੋ ਦਿੱਕਤ ਪੇਸ਼ ਆਉਦੀ ਹੈ, ਉਹ ਦਿੱਕਤ ਸ੍ਰੀ ਗੁਰੂ ਅਮਰਦਾਸ ਜੀ ਦੀ ਜੀਵਨ ਗਾਥਾ ਜਾਣਨ ਜਾਂ ਸਮਝਣ ਸਮੇਂ ਹੋਰ ਭੀ ਤਿੱਖੀ ਹੋ ਟਕਰਦੀ ਹੈ । ਸ਼ੱਕ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਪਿਛੋਂ ਸਭ ਵਿਅਕਤੀਆਂ ਅਤੇ ਭਗਤਾਂ ਅਤੇ ਮਹਾਂਪੁਰਖਾਂ ਤੋਂ ਵਧੇਰੇ ਬਾਣੀ ਸਤਿ ਗੁਰੂ ਅਮਰਦਾਸ ਜੀ ਦੀ ਹੈ, ਜਿਸ ਰਾਹੀਂ ਸਾਹਿਬਾਂ ਦੇ ਮਹਾਨ ਗੁਰਮਤਿ ਸਿਧਾਂਤ ਤਾਂ ਸੁਤੇ ਹੀ ਸੱਪਸ਼ਟ ਹੋ ਜਾਂਦੇ ਹਨ : ਪਰ ਜਿਥੇ ਤਕ ਸਤਿਗੁਰੂ ਅਮਰਦਾਸ ਜੀ ਦੀ ਜੀਵਨ ਗਾਥਾ ਦਾ ਸੁਆਲ ਹੈ, ਉਸ ਲਈ ਭਰੋਸੇ ਯੋਗ ਇਤਿਹਾਸਕ ਆਧਾਰਾਂ ਦੀ ਬਹੁਤ ਥੋੜ ਹੈ । ਪੁਰਾਣੇ ਇਤਿਹਾਸਾਂ ਨੂੰ ਸਾਡੇ ਲਿਖਾਰੀਆਂ ਨੇ ਵਿਗਿਆਨਕ ਲੀਹਾਂ ਉਤੇ ਲਿੱਖਣ ਦੀ ਉਕੀ ਹੀ ਲੋੜ ਨਹੀਂ ਸਮਝੀ । ਸੰਨਾਂ, ਸੰਮਤਾਂ, ਤ੍ਰੀਕਾਂ ਨੂੰ ਨਿਭਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ । ਸਾਖੀਆ ਨੂੰ ਅਗੇ ਪਿਛੇ ਕਰਕੇ ਵਾਕਿਆਤਾਂ ਤੇ ਘਟਨਾਵਾਂ ਨੂੰ ਨਵੇਂ ਸਿਰਿਓਂ ਤਰਤੀਬ ਦੇਣੀ ਪੈਂਦੀ ਹੈ, ਜਿਸ ਨਾਲ ਨਿਸਚੇ ਹੀ ਵਿਗਿਆਨਕ ਇਤਿਹਾਸ ਦੀ ਸਿਰਜਨਾ ਸੰਭਵ ਨਹੀਂ ।

ਸਤਿਗੁਰਾਂ ਦੇ ਜੀਵਨ ਵਾਕਿਆਤਾਂ ਨੂੰ ਲੱਭਣ ਲਈ ਮੁਖ ਰੂਪ ਵਿਚ ਸਰੂਪ ਦਾਸ ਭੱਲਾ ਕ੍ਰਿਤ " ਮਹਿਮਾ ਪ੍ਰਕਾਸ਼" , ਕਵੀ ਸੰਤੋਖ ਸਿੰਘ ਕ੍ਰਿਤ "ਗੁਰ ਪ੍ਰਤਾਪ ਸੂਰਜ", ਕਵੀ ਬੀਰ ਸਿੰਘ ਰਚਿਤ ਗੁਰ ਕੀਰਤਨ ਪ੍ਰਕਾਸ਼, ਕੁਝ ਕੁ ਹੱਥ-ਲਿਖਤ ਸਾਖੀਆ ਅਤੇ ਬਾਣੀ ਦੀ ਵਿਆਖਿਆ ਸਬੰਧੀ ਕੁਝ ਹੱਥ-ਲਿਖਤ ਪੁਰਾਤਨ ਗੋਸ਼ਟਾਂ ਦਾ ਹੀ ਆਸਰਾ ਲਿਆ ਜਾ ਸਕਦਾ ਹੈ । ਕਨਿੰਘਮ ਅਤੇ ਮੈਕਾਲਿਫ " ਮਹਿਮਾ ਪ੍ਰਕਾਸ਼ " ਅਤੇ " ਗੁਰ ਪ੍ਰਤਾਪ ਸੂਰਜ " ਦੇ ਮਗਰ ਹੀ ਚਲੇ ਹਨ। ਇਸ ਤੋਂ ਬਾਅਦ ਦੇ ਲਿਖਾਰੀ ਬਾਵਾ ਛਜੂ ਸਿੰਘ, ਖਜ਼ਾਨ ਸਿੰਘ, ਤੇਜਾ ਸਿੰਘ, ਗੰਡਾ ਸਿੰਘ, ਖੁਸ਼ਵੰਤ ਸਿੰਘ, ਤਾਰਨ ਸਿੰਘ, ਐਮ. ਐਲ. ਪੀਸ ਤੇ ਜੋਧ ਸਿੰਘ ਆਦਿਕ ਲਿਖਾਰੀ ਕਨਿੰਘਮ ਆਦਿਕ ਦੇ ਮਗਰ ਚਲਣ ਪੁਰ ਮਜਬੂਰ ਹੋਏ ਹਨ ।

ਜੋ ਸਾਰੇ ਸਬੰਧਤ ਮਸਾਲੇ ਦੇ ਆਧਾਰ ਤੇ ਮਿਲਣ ਵਾਲੇ ਪਰਸੰਗਾਂ ਨੂੰ ਇਸ ਢੰਗ ਨਾਲ ਤਰਤੀਬ ਦੇਣ ਦਾ ਜਤਨ ਇਸ ਪੁਸਤਕ ਵਿਚ ਕੀਤਾ ਗਆ ਹੈ, ਕਿ ਗੁਰੂ ਅਮਰਦਾਸ ਜੀ ਦੀ ਜੀਵਨ ਗਾਥਾ ਜੇ ਵਿਗਿਆਨਕ ਇਤਿਹਾਸ ਦਾ ਰੂਪ ਨ ਵੀ ਲੈ ਸਕੇ, ਤਾਂ ਭੀ ਉਹ ਸਾਹਿਬਾਂ ਦੁਆਰਾ ਉਚਾਰੀ ਬਾਣੀ, ਅਤੇ ਗੁਰਮਤਿ ਸਿਧਾਤਾਂ ਦੇ ਅਨੁਕੂਲ ਹੋਣ ਦੇ ਨਾਲ ਨਾਲ ਉਸ ਸਮੇਂ ਦੇ ਪੰਜਾਬ ਦੇਸ਼ ਅਤੇ ਉਤਰੀ ਹਿੰਦੋਸਤਾਨ ਦੇ ਇਤਿਹਾਸਕ ਵਾਤਾਵਰਣ ਦੇ ਭੀ ਮੁਤਾਬਿਕ ਹੀ ਹੋਵੇ । ਕੁਝ ਭੀ ਹੋਵੇ, ਇਹ ਤਥ ਤਾਂ ਸਮਝ ਹੀ ਲੈਣਾ ਚਾਹੀਦਾ ਹੈ ਕਿ ਸਾਹਿਬਾਂ ਦੀ ਕੇਵਲ ਉਹੋ ਜੀਵਨ-ਗਾਥਾ ਪੰਥ ਵਿਚ ਪ੍ਰਵਾਨ ਚੜ੍ਹ ਸਕਦੀ ਹੈ ਜੋ ਗੁਰਬਾਣੀ ਵਿਚ ਦਰਸਾਏ ਗੁਰਮਤਿ ਸਿਧਾਂਤਾਂ ਨੂੰ ਦ੍ਰਿੜ ਕਰਵਾਏ ਅਰ ਜਿਸ ਰਾਹੀਂ ਸਤਿਗੁਰਾਂ ਦਾ ਉਹ ਸਰੂਪ ਉਘੜੇ ਜੋ ਉਹਨਾਂ ਦੁਆਰਾ ਉਚਾਰੀ ਬਾਣੀ ਦੇ ਅਨੁਕੂਲ ਹੋਣ ਦੇ ਨਾਲ ਨਾਲ ਸਿੱਖ ਸਿਧਾਂਤਾ ਅਤੇ ਸਿੱਖ ਰਵਾਇਤਾਂ ਦੀ ਮੁਖੀ ਧਾਰਾ ਵਿਚ ਰੜਕ ਪੈਦਾ ਕਰਨ ਦੀ ਥਾਵੇਂ ਉਹਨਾਂ ਪ੍ਰਤੀ ਹੋਰ ਦ੍ਰਿੜਤਾ ਅਰ ਸੱਪਸ਼ਟਤਾ ਪੈਦਾ ਕਰੇ ।

ਵਿਗਿਆਨਕ ਇਤਿਹਾਸ ਦੇ ਰੂਪ ਵਿਚ ਸਾਹਿਬਾਂ ਦੀ ਜੀਵਨ ਗਾਥਾ ਨਾ ਲਿਖ ਸਕਣ ਦੀ ਮਜਬੂਰੀ ਨੂੰ ਸਪੱਸ਼ਟ ਕਰਦਿਆਂ ਬਤੌਰ ਭਲੇ-ਮਾਣਸ ਇਹ ਗੱਲ ਮੰਨ ਲੈਣ ਵਿਚ ਕੋਈ ਹਰਜ ਨਹੀਂ, ਕਿ ਸਹਿਬਾਂ ਦੀ ਇਸ ਜੀਵਨ-ਗਾਥਾ ਨੂੰ ਪ੍ਰਮਾਣੀਕ ਕਹਿਣ ਲਈ ਸਾਡਾ ਥੇੜ੍ਹਾ ਵੀ ਹੱਠ ਨਹੀਂ । ਹਾਂ, ਗੁਰਮਤਿ ਆਸ਼ਿਆਂ ਨੂੰ ਦ੍ਰਿੜ੍ਹ ਕਰਾਉਣ ਅਤੇ ਗੁਰਮਤਿ ਦੇ ਪਰਚਾਰ-ਪਰਸਾਰ ਵਿਚ ਨਿਸਚੇ ਹੀ ਇਹ ਚੰਗਾ ਯੋਗਦਾਨ ਦੇ ਸਕੇਗੀ, ਐਸਾ ਦ੍ਰਿੜ੍ਹ ਵਿਸ਼ਵਾਸ ਹੈ ।

# ਸ੍ਰੀ ਗੁਰੂ ਅਮਰਦਾਸ ਜੀ ਬਾਰੇ ਭਟ ਵਿਦਵਾਨਾਂ ਦੀਆਂ ਸ਼ਰਧਾਂਜਲੀਆਂ

ਸਾਹਿਬ ਸਤਿਗੁਰੂ ਅਮਰਦਾਸ ਜੀ ਬਾਰੇ ਕਲਸਹਾਰ, ਜਾਲਪ, ਕੀਰਤ, ਭਿਖਾ, ਸਲ੍ਹ ਤੇ ਭਲ੍ਹ ਨਾਮਕ ਭੱਟ ਵਿਦਵਾਨਾਂ ਨੇ, ਜਿਹਨਾਂ ਦਾ ਪਵਿਤਰ ਕਲਾਮ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ ਅਤੇ ਜੋ ਸਿੱਖੀ ਭਾਵਨਾ ਅਰ ਸ਼ਰਧਾ ਨਾਲ ਸ਼ਰਸਾਰ ਸਨ, ਗੁਰੂ ਪਾਤਸ਼ਾਹ ਬਾਰੇ ਬੜੇ ਸ਼ਰਧਾ-ਭਰਪੂਰ ਅਤੇ ਵਾਸਤਵਕ ਵਿਚਾਰ ਦਿਤੇ ਹਨ ।

ਕਲਸਹਾਰ ਜੀ ਦੇ ਕਥਨ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਹੂ-ਬ-ਹੂ ਉਸੇ ਨਾਮ ਮਾਰਗ ਦਾ ਉਤਰ-ਦੱਖਣ ਤੇ ਪੂਰਬ-ਪੱਛਮ ਸਭ ਪਾਸੇ ਪ੍ਰਚਾਰ ਕੀਤਾ, ਜਿਸਦਾ ਪ੍ਰਚਾਰ ਆਦਿ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ । ਆਦਿ ਤੋਂ ਲੈ ਕੇ ਅਜ ਤਕ ਸੰਸਾਰ ਦੇ ਸਭ ਲੋਕਾਂ ਨੇ, ਜੋ ਦਿਲੋਂ ਮਨੋਂ ਸੱਚ ਦੇ ਮੁਤਲਾਸ਼ੀ ਸਨ, ਪ੍ਰਮੇਸ਼ਰ ਦੇ ਜਿਸ ਮੂਲ ਅਤੇ ਅਸਲ ਰੂਪ ਦੀ ਪਛਾਣ ਕੀਤੀ ਸੀ, ਪ੍ਰੇਮਸ਼ਰ ਦਾ ਉਹੋ ਅਸਲੀ ਤੱਤ ਰੂਪ ਸ੍ਰੀ ਗੁਰੂ ਅਮਰਦਾਸ ਜੀ ਨੇ ਜਾਣਿਆ ਅਤੇ ਉਸੇ ਦਾ ਪ੍ਰਚਾਰ ਕੀਤਾ ਹੈ । ਸ੍ਰੀ ਗੁਰੂ ਅਮਰਦਾਸ ਜੀ ਵਿਚ ਸਤਿ, ਸ਼ੀਲ, ਸ਼ਾਂਤੀ, ਗੰਭੀਰਤਾ, ਨਿਰਵੈਰਤਾ, ਧੀਰਜ ਆਦਿਕ ਸਭ ਦੈਵੀ-ਗੁਣ ਭਰਪੂਰ ਸਨ । ਆਪ ਜੀ ਦੇ ਸੰਗਤ ਬਹੁਤ ਵਡੀ ਸੀ । ਜਿਸ ਮਨੁਖ ਨੇ ਭੀ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਜਾਂ ਛੁਹ ਪ੍ਰਾਪਤ ਕੀਤੀ, ਉਹੋ ਪ੍ਰਭੂ ਨੂੰ ਸਮਝਣ ਵਿਚ ਸੱਮਰਥ ਹੋ ਗਿਆ ਤੇ ਪ੍ਰਭੂ ਪ੍ਰਮੇਸ਼ਰ ਨੂੰ ਪ੍ਰਾਪਤ ਕਰਕੇ, ਜਾਣੋ, ਉਸਨੇ ਸਭ ਇਛਿਆਵਾਂ ਪੂਰੀਆਂ ਕਰ ਲਈਆਂ।

ਭੱਟ ਜਾਲਪ ਜੀ ਸਤਿਗੁਰੂ ਅਮਰਦਾਸ ਜੀ ਦੀ ਮਹਾਨ ਸ਼ਖਸੀਅਤ ਨੂੰ ਪਰਗਟ ਕਰਨ ਲਈ ਫੁਰਮਾਉਂਦੇ ਹਨ ਕਿ ਮਨੁਖ ਦੇ ਸਭ ਇੰਦਰੇ-ਪੈਰ, ਹੱਥ, ਜੀਭ, ਅੱਖਾਂ, ਕੰਨ, ਹਿਰਦਾ ਤੇ ਸੀਸ, ਤਦੋਂ ਹੀ ਸਫਲ ਹਨ, ਜੇ ਇਹਨਾਂ ਰਾਹੀਂ ਗੁਰੂ ਅਮਰਦਾਸ ਜੀ ਦੀ ਪਵਿਤਰ ਸਿਖਿਆ ਦ੍ਰਿੜ੍ਹ ਕਰਕੇ ਪ੍ਰਭੂ ਦੀ ਪ੍ਰਾਪਤੀ ਕੀਤੀ ਜਾਵੇ । ਗੁਰੂ ਅਮਰਦਾਸ ਜੀ ਦੇ ਪਵਿਤਰ ਉਪਦੇਸ਼ਾਂ ਦੀ ਜਿਹਨਾਂ ਮਨੁਖਾਂ ਉਤੇ ਮਿਹਰ ਹੋ ਜਾਂਦੀ ਹੈ, ਉਹਨਾਂ ਨੂੰ ਸੰਸਾਰ ਦਾ ਕੋਈ ਦੁਖ, ਭੁਖ, ਗੁਰਬਤ, ਚਿੰਤਾ-ਝੋਰਾ ਆਪਣੀ ਆਤਮਕ ਅਡੋਲਤਾ ਦੀ ਅਵੱਸਥਾ ਤੋਂ ਨਹੀਂ ਹਟਾ ਸਕਦਾ । ਗੁਰੂ ਅਮਰਦਾਸ ਜੀ ਦੇ ਮੱਤ ਦਾ ਆਧਾਰ ਕੇਵਲ ਇਕ ਵਾਹਿਦ ਪ੍ਰਮੇਸ਼ਰ ਹੈ । ਇਕੋ-ਇਕ ਪ੍ਰਮੇਸ਼ਰ ਤੋਂ ਛੁਟ ਹੋਰ ਕਿਸੇ ਨੂੰ ਮਨਣ ਦੀ ਕੋਈ ਗੁੰਜਾਇਸ਼ ਨਹੀਂ ।

ਗੁਰੂ ਅਮਰਦਾਸ ਜੀ ਆਦਿ-ਜੁਗਾਦਿ ਤੋਂ ਚਲੇ ਆ ਰਹੇ ਸੱਚ ਧਰਮ ਵਾਲੇ ਇਕੋ-ਇਕ ਮੱਤ ਨੂੰ ਮੰਨਦੇ ਸਨ, ਜਿਸ ਅਨੁਸਾਰ ਕੇਵਲ ਮਾਤਰ ਇਕੋ ਪ੍ਰਮੇਸ਼ਰ ਨੂੰ ਸਚੇ ਦਿਲੋਂ ਪਿਆਰ ਕਰਨਾ ਤੇ ਉਸਦਾ ਸਿਮਰਨ ਕਰਨਾ ਹੀ ਮਨੁਖੀ ਜੀਵਨ ਦਾ ਮਨੋਰਥ ਹੈ ਅਤੇ ਜਿਸ ਜੀਵਨ ਜੁਗਤੀ ਅਨੁਸਾਰ ਲੋਭ, ਕ੍ਰੋਧ, ਤ੍ਰਿਸ਼ਨਾ ਆਦਿਕ ਵਿਕਾਰ ਤਿਆਗਣੇ ਪੈਂਦੇ ਹਨ । ਗੁਰੂ ਅਮਰਦਾਸ ਜੀ ਦੀ ਸਿਖਿਆ ਜਾਂ ਉਪਦੇਸ਼ ਇਤਨੇ ਮਹਾਨ ਹਨ ਕਿ ਉਹਨਾਂ ਨੂੰ ਮੰਨ ਕੇ ਸਾਡੇ ਮਨਾਂ ਚੋਂ ਪਾਪਾਂ-ਭਰੇ ਵਿਚਾਰ ਖ਼ਤਮ ਹੋ ਜਾਂਦੇ ਹਨ ਅਤੇ ਸਾਨੂੰ ਪ੍ਰਮੇਸ਼ਰ ਵਿਚ ਬਿਰਤੀ ਜੋੜਨ ਦੀ ਜੁਗਤ ਦੀ ਸਮਝ ਆ ਜਾਂਦੀ ਹੈ ।

ਭੱਟ ਕੀਰਤ ਜੀ ਸਤਿਗੁਰੂ ਅਮਰਦਾਸ ਜੀ ਦੀ ਮਹਾਨ ਸ਼ਖਸੀਅਤ ਬਾਰੇ ਫੁਰਮਾਉਂਦੇ ਹਨ ਕਿ ਗੁਰੂ ਅਮਰਦਾਸ ਜੀ ਵਿਚ ਇਤਨੇ ਮਹਾਨ ਗੁਣ ਹਨ ਜਿਹਨਾਂ ਨੂੰ ਅਗੰਮ, ਅਲੱਖ ਅਰ ਬੇਅੰਤ ਕਿਹਾ ਜਾ ਸਕਦਾ ਹੈ । ਗੁਰੂ ਅਮਰਦਾਸ ਦੀ ਜਗਿਆਸੂਆਂ ਲਈ ਸੰਸਾਰ-ਸਾਗਰ ਨੂੰ ਕਾਮਯਾਬੀ ਨਾਲ ਪਾਰ ਕਰਾ ਸਕਣ ਵਾਲੇ ਜਹਾਜ਼ ਹਨ । ਆਪਜੀ ਵਿਚ ਐਸੇ ਮਹਾਨ ਦੈਵੀ ਗੁਣ ਹਨ ਜਿਹਨਾਂ ਨੂੰ ਦੇਖ ਕੇ ਬਦੋ-ਬਦੀ ਮੂੰਹੋਂ ਨਿਕਲਦਾ ਹੈ ਕਿ ਆਪ ਜੀ ਪ੍ਰਮੇਸ਼ਰ ਦਾ ਰੂਪ ਹੀ ਹਨ । ਗੁਰੂ ਅਮਰਦਾਸ ਜੀ ਦੀ ਸਿਖਿਆ ਨੂੰ ਅਪਨਾਉਣ ਵਾਲੇ ਭਰਪੂਰ ਆਤਮਕ ਗੁਣਾਂ ਦੇ ਸੁਤੇ ਹੀ ਧਾਰਨੀ ਬਣ ਜਾਂਦੇ ਹਨ ।

ਭੱਟ ਭਿਖਾ ਜੀ ਫੁਰਮਾਉਂਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਆਪਣੇ ਆਪ ਨੂੰ ਹਰੀ ਪ੍ਰਮੇਸ਼ਰ ਨਾਲ ਇਕ-ਮਿਕ ਕਰ ਲਿਆ ਹੈ । ਆਪ ਸਦਾ ਪ੍ਰਮੇਸ਼ਰ ਦੀ ਯਾਦ ਦੇ ਮੰਡਲ ਵਿਚ ਵਿਚਰਦੇ ਹਨ । ਆਪ ਨੇ ਕਾਮ, ਕ੍ਰੋਧ ਆਦਿਕ ਵਿਕਾਰਾਂ ਨੂੰ ਪੂਰੀ ਤਰ੍ਹਾਂ ਵੱਸ ਵਿਚ ਕਰਕੇ ਮਨ ਨੂੰ ਸਾਧ ਲਿਆ ਹੈ । ਭਿਖਾ ਜੀ ਫੁਰਮਾਉਂਦੇ ਹਨ ਕਿ ਸੱਚ ਦੀ ਭਾਲ ਵਿਚ ਮੈਂ ਅਨੇਕਾਂ ਸੰਤਾਂ, ਸਾਧਾਂ, ਸੰਨਿਆਸੀਆਂ, ਤੱਪਸਵੀਆਂ ਅਤੇ ਸ਼ੀਰੀਂ ਜ਼ਬਾਨ ਵਾਲੇ ਪੰਡਤਾਂ ਵਿਦਵਾਨਾ ਨੂੰ ਮਿਲਿਆਂ ਹਾਂ, ਪਰ ਇਹਨਾਂ ਵਿਚੋਂ ਕੋਈ ਭੀ ਮੇਰੀ ਆਤਮਕ ਤਸੱਲੀ ਨਹੀਂ ਕਰਵਾ ਸਕਿਆ, ਕਿਉਂਕਿ ਇਹਨਾਂ ਸਭਨਾਂ ਨੂੰ ਮੈਂ ਕੇਵਲ ਹੋਰਨਾਂ ਨੂੰ ਕੇਵਲ ਉਪਦੇਸ਼ ਦਿੰਦੇ ਹੀ ਸੁਣਿਆ ਹੈ, ਪਰ ਉਹਨਾਂ ਵਿਚ ਉਸ ਉਪਦੇਸ਼ ਦੇ ਉਲਟ ਦਿਸਣ ਵਾਲੀ ਰਹਿਤ ਜਾਂ ਅਮਲ ਦੇਖ ਕੇ ਮਨ ਵਿਚ ਖ਼ੁਸ਼ੀ ਨਹੀਂ ਪੈਦਾ ਹੁੰਦੀ ।

ਸਲ੍ਹ ਭੱਟ ਜੀ ਫੁਰਮਾਉਂਦੇ ਹਨ ਕਿ ਗੁਰੂ ਅਮਰਦਾਸ ਜੀ ਦੀ ਆਤਮਕ ਅਡੋਲਤਾ, ਗੁਰਮਤ ਗਿਆਨ, ਧਰਮ ਅਤੇ ਗੁਰਮੁਖੀ ਸ਼ੀਲ ਦੇ ਦੈਵੀ ਗੁਣਾਂ ਨਾਲ ਭਰਪੂਰ ਹਨ । ਪ੍ਰਮੇਸ਼ਰ ਦੇ ਅਦਬ ਵਿਚ ਰਹਿਣ ਕਾਰਨ ਆਪ ਨਿਰਭਉ ਅਵਸਥਾ ਵਿਚ ਵਿਚਰਦੇ ਹਨ ਅਤੇ ਸਦਾ ਹੀ ਰਬ ਦੀ ਯਾਦ ਨੂੰ ਹਿਰਦੇ ਵਿਚ ਧਾਰਨ ਕਰੀ ਰਖਦੇ ਹਨ । ਆਪ ਨੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿਕ ਪੰਜੇ ਵੈਰੀਆਂ ਦਾ ਨਾਸ ਕਰ ਰਖਿਆ ਹੈ ।

ਭੱਟ ਭਲ੍ਹ ਜੀ ਸ੍ਰੀ ਗੁਰੂ ਅਮਰਦਾਸ ਜੀ ਬਾਰੇ ਬਹੁਤ ਹੀ ਭਾਵਪੂਰਤ ਕਥਨ ਕਰਦੇ ਹਨ । ਆਪ ਕਹਿੰਦੇ ਹਨ ਕਿ ਇਹ ਤਾ ਸੰਭਵ ਹੈ ਕਿ ਕੋਈ ਸਿਰੜੀ ਪੁਰਖ ਬੱਦਲਾਂ ਦੀਆਂ ਬੂਦਾਂ ਦੀ ਗਿਣਤੀ ਕਰ ਲਵੇ, ਧਰਤੀ ਉਪਰ ਉਗੇ ਰੁਖਾਂ ਬੂਟਿਆਂ ਭਾਵ ਬਨਸਪਤੀ ਦੀ ਗਿਣਤੀ ਕਰ ਲਵੇ, ਬਸੰਤ ਰੁਤ ਵਿਚ ਉਪਜੇ ਫੁਲਾਂ ਦੀ ਗਿਣਤੀ ਦਾ ਜਾਂ ਸੂਰਜ

ਚੰਦਰਮਾ ਆਦਿਕ ਦੀਆਂ ਕਿਰਨਾਂ ਦੀ ਗਿਣਤੀ ਦਾ ਅੰਦਾਜ਼ਾ ਲਗਾ ਲਵੇ, ਸਮੁੰਦਰਾਂ ਦੇ ਪੇਟ ਵਿਚ ਪਏ ਪਦਾਰਥਾਂ ਦਾ ਜਾਂ ਗੰਗਾ ਵਿਚ ਉਠਣ ਵਾਲੀਆਂ ਲਹਿਰਾਂ ਦਾ ਹਿਸਾਬ ਕਿਤਾਬ ਕਰ ਲਵੇ, ਪਰ ਇਹ ਸਮਰੱਥਾ ਕਿਸੇ ਵਿਚ ਨਹੀਂ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਣਾਂ ਦੀ ਥਾਹ ਪਾ ਸਕੇ । ਗੁਰਦੇਵ ਦੀ ਉਪਮਾ ਲਈ ਗੁਰਦੇਵ ਦੀ ਮਹਾਨ ਸ਼ਖਸੀਅਤ ਤੋਂ ਬਿਨਾਂ ਹੋਰ ਕੋਈ ਚੀਜ਼ ਪੇਸ਼ ਨਹੀਂ ਕੀਤੀ ਜਾ ਸਕਦੀ ।

# ਮੁਢਲਾ ਜੀਵਨ

## (ੳ) ਆਰੰਭਕ ਸਮਾਚਾਰ

ਸਾਹਿਬ ਸਤਿਗੁਰੂ ਅਮਰਦਾਸ ਜੀ ਦਾ ਜਨਮ 5 ਮਈ 1479 ਵਿੱਚ ਪਿੰਡ ਬਾਸਰਕੇ ਗਿੱਲਾਂ (ਅੰਮ੍ਰਿਤਸਰ ਤੋਂ ਪੰਜ ਕੁ ਮੀਲਾਂ ਦੀ ਦੂਰੀ ਤੇ) ਪਿਤਾ ਸ੍ਰੀ ਤੇਜਭਾਨ ਭੱਲੇ ਅਤੇ ਮਾਤਾ ਲਖਮੀ ਜੀ ਦੇ ਘਰ ਵਿਖੇ ਹੋਇਆ । ਦੇਸੀ ਹਿਸਾਬ ਅਨੁਸਾਰ ਜਨਮ 8 ਜੇਠ ਸੰਮਤ 1536 ਨੂੰ ਹੋਇਆ । ਚੰਦਰਮਾ ਦੀਆਂ ਤਿਥਾ ਮੁਤਾਬਕ ਇਹ ਦਿਨ ਵੈਸਾਖ ਸੁਦੀ 14 ਹੈ । ਇਸ ਤਰ੍ਹਾਂ ਸਪਸ਼ਟ ਹੈ ਕਿ ਉਮਰ ਵਿਚ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਦਸ ਸਾਲ ਛੋਟੇ ਸਨ ।

ਬਾਸਰਕੇ ਵਿਚ ਸ੍ਰੀ ਤੇਜਭਾਨ ਜੀ ਖੇਤੀ-ਬਾੜੀ ਕਰਦੇ ਅਤੇ ਕੁਝ ਵਪਾਰ ਦੁਕਾਨਦਾਰੀ ਆਦਿ ਦਾ ਕੰਮ ਵੀ ਕਰਦੇ ਸਨ । ਆਪਦੇ ਚਾਰ ਭਰਾ ਸਨ, ਜੋ ਸਭ ਖੇਤੀ-ਬਾੜੀ ਅਰ ਵਪਾਰ ਆਦਿ ਦਾ ਕੰਮ ਹੀ ਕਰਦੇ ਸਨ । ਸੰਨ 1503 ਵਿਚ (11 ਮਾਘ ਸੰਮਤ 1559) ਆਪਦਾ ਵਿਆਹ ਪਿੰਡ ਸਣਖਤ੍ਰੇ ਵਿਚ ਦੇਵੀ ਚੰਦ ਬਹਿਲ ਖਤਰੀ ਦੀ ਬੇਟੀ ਰਾਮ ਕੌਰ ਨਾਲ ਹੋਇਆ । ਬਾਸਰਕੇ ਤੋਂ ਸਣਖਤ੍ਰਾ 50-60 ਮੀਲਾਂ ਦੀ ਦੂਰੀ ਤੇ ਹੈ ਅਤੇ ਇਹ ਪਿੰਡ ਅੱਜਕਲ੍ਹ ਜ਼ਿਲ੍ਹਾ ਅੰਮ੍ਰਿਤਸਰ, ਥਾਣਾ ਖੇਮਕਰਨ ਵਿੱਚ ਹੈ। ਆਪ ਦੇ ਘਰ ਦੋ ਲੜਕੇ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਅਤੇ ਦੋ ਲੜਕੀਆਂ ਬੀਬੀ ਭਾਨੀ ਤੇ ਬੀਬੀ ਦਾਨੀ (ਨਿਧਾਨੀ) ਜੀ ਜਨਮੇ।

ਚੰਗੇ ਘਰਬਾਰੀ ਹੋਣ ਦੇ ਨਾਲ ਨਾਲ ਆਪ ਉਸ ਵੇਲੇ ਹਿੰਦੂਆਂ ਵਿਚ ਮੰਨੇ ਜਾ ਰਹੇ ਧਾਰਮਕ ਕਰਮ-ਕਾਂਡ ਵਿਚ ਬੜੀ ਸ਼ਰਧਾ ਰਖਦੇ ਸਨ । ਇਹ ਕਰਮ-ਕਾਂਡ ਸਨ-ਜਪ, ਤਪ, ਪੁੰਨ ਦਾਨ, ਦੇਵੀ ਦੇਵਤਿਆਂ ਦੀ ਪੂਜਾ, ਹਿੰਦੂ ਮੰਦਰਾਂ ਦੀ ਯਾਤਰਾ ਅਤੇ ਤੀਰਥ ਇਸ਼ਨਾਨ, ਦਿਨਾਂ ਤਿਹਾਰਾਂ ਨੂੰ ਸ਼ੁਭ-ਅਸ਼ੁਭ ਭੇਦਾਂ ਨਾਲ ਮੰਨਣਾ, ਉੱਚੀ ਨੀਵੀਂ ਜਾਤ ਦਾ ਵਿਤਕਰਾ ਕਰਨਾ, ਖਾਣ-ਪੀਣ ਦੇ ਮਾਮਲੇ ਦੇ ਸੁਚ-ਭਿੱਟ ਦਾ ਭੇਦ-ਭਾਵ ਰਖਕੇ ਵਿਚਰਨਾ ਆਦਿਕ। ਇਹ ਸਮੂਹ ਕਰਮ-ਕਾਂਡ ਗੁਰੂ ਅਮਰਦਾਸ ਜੀ ਨੇ ਭੀ ਸਿਖੀ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਰੱਜ ਕੇ ਕਮਾਏ ਸਨ । ਸੰਨ 1521 ਨੂੰ ਜਦ ਆਪਦੀ ਉਮਰ 42 ਕੁ ਸਾਲ ਦੀ ਸੀ, ਆਪ ਹਰਦੁਆਰ ਆਦਿਕ ਤੀਰਥਾਂ ਦੀ ਯਾਤਰਾ ਤੇ ਗਏ । ਫਿਰ ਇਹ ਕਰਮ-ਕਾਂਡ ਜੋ ਹਿੰਦੂ ਧਰਮ ਦੀ ਜਿੰਦ-ਜਾਨ ਸੀ, 1541 ਤਕ ਭਾਵ ਲਗਪਗ 20 ਸਾਲਾਂ ਤਕ ਨਿਭਾਹੁੰਦੇ

ਰਹੇ । ਹਿੰਦੂ ਰਹੁ-ਰੀਤੀ ਵਿਚ ਬ੍ਰਾਹਮੰਣ ਦੀ ਬੜੀ ਮਾਨਤਾ ਹੈ ਅਰ ਇਸ ਪੱਖ ਨੂੰ ਪੂਰਾ ਕਰਨ ਲਈ ਉਹ ਬ੍ਰਾਹਮਣਾਂ ਨੂੰ ਆਪਣੇ ਵਿੱਤ ਮੁਜਬ ਦਾਨ ਦੇਣ ਵਿਚ ਬਹੁਤ ਯਕੀਨ ਅਰ ਭਰੋਸਾ ਰਖਦੇ ਸਨ ।

ਇਸ ਮੱਤ ਦੇ ਅਵਿਲੰਬੀਆਂ ਦੇ ਮਨਾਂ ਵਿਚ ਪੰਡਤਾਂ, ਜੋਤਸ਼ੀਆਂ, ਸਾਧ ਬਾਣੇ ਵਿਚ ਵਿਚਰਨ ਵਾਲੇ ਭੇਖੀਆਂ ਅਤੇ ਵਿਆਹ ਸ਼ਾਦੀ ਨਾ ਕਰਵਾ ਕੇ ਬ੍ਰਹਮਚਾਰੀ ਰਹਿਣ ਵਾਲਿਆਂ ਪ੍ਰਤੀ ਬਹੁਤ ਹੀ ਸ਼ਰਧਾ ਤੇ ਸਤਿਕਾਰ ਹੁੰਦਾ ਸੀ ਅਤੇ ਇਹ ਪ੍ਰਵਿਰਤੀਆਂ ਅੱਜ ਕਲ੍ਹ ਵੀ ਇਸ ਮੱਤ ਦੇ ਮੰਨਣ ਹਾਰਿਆਂ ਵਿਚ ਕਾਫੀ ਦੇਖੀਆਂ ਜਾ ਸਕਦੀਆਂ ਹਨ । ਸਿੱਖੀ ਧਾਰਨ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦੇ ਮਨ ਵਿਚ ਵੀ ਇਸ ਪੁਰਾਣੇ ਮੱਤ ਲਈ ਅਗਾਧ ਸ਼ਰਧਾ ਸੀ, ਜਿਸ ਕਾਰਨ ਆਪ ਦੀਆਂ ਧਾਰਮਕ ਸਰਗਰਮੀਆਂ, ਰੁਚੀਆਂ, ਆਦਤਾਂ ਤੇ ਸੁਭਾਅ ਆਦਿਕ ਉਸੇ ਹਿੰਦਵਾਣੇ ਭਾਂਤ ਦੇ ਸਨ ।

ਇਕ ਗੱਲ ਪੱਕੀ ਹੈ ਕਿ ਆਪ ਜੀ ਦੀ ਲਗਨ ਬਹੁਤ ਗੰਭੀਰ ਅਰ ਪੱਕੀ ਸੀ । ਇਹ ਗੱਲ ਵੱਖਰੀ ਹੈ ਕਿ ਸਾਧਨਾਂ ਬਿਧੀ ਪੁਰਾਣੇ ਹਿੰਦੂ ਮੱਤ ਦੀ ਸੀ, ਜਿਸ ਨਾਲ ਕੇਵਲ ਸਬੰਧਤ ਫਲ ਹੀ ਆਪ ਨੂੰ ਮਿਲ ਸਕਦਾ ਸੀ । ਇਸ ਸਾਧਨਾਂ ਬਿਧੀ ਨਾਲ ਭਾਵ ਕੇਵਲ ਮਾਤਰ ਕਰਮਕਾਂਡਾਂ ਦਾ ਘਰ ਪੂਰਾ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਸੀ ? ਪਰ ਅਸੀਂ ਆਪਦੀ ਬਹੁਤ ਡੂੰਘੀ ਅਤੇ ਬਹੁਤ ਪੱਕੀ ਲਗਨ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਗੰਗਾ ਆਦਿਕ ਦਰਿਆਵਾਂ ਅਤੇ ਤੀਰਥ ਅਸਥਾਨਾਂ ਦੇ ਇਸ਼ਨਾਨ ਅਰ ਯਾਤਰਾਵਾਂ ਕੋਈ ਸੌਖਾ ਕੰਮ ਨਹੀਂ ਸੀ । ਫਿਰ, ਇਸੇ ਕੰਮ ਉਤੇ ਤੁਰੇ ਰਹਿਣਾ ਆਪਦੀ ਘਾਲਣਾ ਅਰ ਅਣਥੱਕ ਬਿਰਤੀ ਨੂੰ ਭਲੀ-ਭਾਂਤ ਸਪਸ਼ਟ ਕਰਦਾ ਹੈ । ਆਵਾਜਾਈ ਦੇ ਅਜੋਕੇ ਸਾਧਨ ਬੱਸਾਂ, ਰੇਲ ਗਡੀਆਂ, ਜਹਾਜ਼ ਆਦਿਕ ਤਾਂ ਉਸ ਸਮੇਂ ਹੋਂਦ ਵਿਚ ਹੀ ਨਹੀਂ ਆਏ ਸਨ । ਘਰ-ਗ੍ਰਿਹਸਤੀ ਵਿਚੋਂ ਇਤਨਾ ਸਮਾਂ ਕੱਢਣਾ ਤੇ ਸਫਰਾਂ ਦੀਆਂ ਮੁਸ਼ਕਲਾਂ ਸਹਾਰਨਾ ਪੱਕੀ ਲਗਨ ਬਿਨਾਂ ਸੰਭਵ ਨਹੀਂ ਸੀ । ਉਸ ਸਮੇਂ ਦੇ ਸਫਰ ਖਤਰੇ ਤੋਂ ਖਾਲੀ ਭੀ ਨਹੀਂ ਸਨ । ਯਾਤਰੂਆਂ ਪਾਸ ਤਕੜੇ ਕਾਫ਼ਲੇ ਜਾਂ ਸੰਗ-ਸਾਥ ਬਣਾ ਕੇ ਇੱਕਠੇ ਹੋ ਕੇ ਸਫਰ ਕਰਨ ਬਿਨਾ ਕੋਈ ਚਾਰਾ ਵੀ ਨਹੀਂ ਸੀ । ਯਾਦ ਰਹੇ ਕਿ ਸੰਨ 1541 ਵਿਚ ਆਪ ਇੱਕਵੀਂ ਵਾਰ ਹਰਦੁਆਰ ਗੰਗਾ ਦੀ ਯਾਤਰਾ ਅਰ ਇਸ਼ਨਾਨ ਲਈ ਗਏ ਸਨ ।

ਆਮ ਤੌਰ ਤੇ ਸ਼ਾਹੀ ਸੜਕਾਂ ਅਤੇ ਆਮ ਚਲਦੇ ਰਸਤਿਆਂ ਰਾਹੀਂ ਹੀ ਸ਼ਫਰ ਕੀਤੇ ਜਾਂਦੇ ਸਨ ਭਾਵੇਂ ਇਸ ਤਰੀਕੇ ਨਾਲ ਕਈ ਵਾਰੀ ਹੋਰ ਲੰਬੇ ਪੈਂਡੇ ਤਹਿ ਕਰਨੇ ਪੈ ਜਾਂਦੇ ਸਨ ਪ੍ਰਮੁਖ ਮਾਰਗਾਂ ਦੇ ਕਿਨਾਰੇ ਵੇਲੇ ਦੀ ਲੋੜ ਮੁਜਬ ਧਾਰਮਕ ਰੁਚੀਆਂ ਵਾਲੇ ਲੋਕਾਂ ਨੇ ਬਿਸਰਾਮ ਲਈ ਟਿਕਾਣੇ ਜਿਹੇ ਬਣਾ ਰਖੇ ਸਨ । ਇਹ ਟਿਕਾਣੇ ਕਈ ਵਾਰੀ ਪਿੰਡਾਂ ਦੀਆਂ ਪੰਚਾਇਤਾਂ ਅਥਵਾ ਨਗਰਾਂ ਦੇ ਧਨਾਢ ਵਿਅਕਤੀਆਂ ਵਲੋਂ ਆਪਣੇ ਧਰਮ-ਪ੍ਰੇਮ ਦਾ ਪ੍ਰਗਟਾਵਾ ਕਰਨ ਲਈ ਕਾਇਮ ਕੀਤੇ ਜਾਂਦੇ ਸਨ ਅਤੇ ਕਈ ਵਾਰੀ ਮੰਦਰਾਂ-ਸ਼ਿਵਾਲਿਆਂ ਵਾਲੇ ਵੀ ਐਸੇ ਟਿਕਾਣੇ ਜਨਤਾ ਦੀ ਭਲਿਆਈ ਨੂੰ ਮੁਖ ਰੱਖ ਕੇ ਕਾਇਮ ਕਰ ਦਿੰਦੇ ਹਨ ਕਈ ਵਾਰੀ ਕਈ ਸੰਤ-ਸਾਧ ਅਤੇ ਬ੍ਰਾਹਮਣ ਆਦਿਕ ਧਾਰਮਕ ਰੁਚੀਆਂ ਵਾਲੇ ਵਿਅਕਤੀ

ਭੀ ਅਜਿਹੇ ਟਿਕਾਣੇ ਬਣਾ ਰਖਦੇ ਸਨ, ਜਿਸ ਨਾਲ ਇਕ ਪੰਥ ਦੋ ਕਾਜ ਵਾਲੀ ਗੱਲ ਪੂਰੀ ਹੁੰਦੀ ਸੀ । ਇਕ ਤਾਂ ਕਿਸੇ ਹੱਦ ਤਕ ਉਹ ਆਪਣੀ ਧਰਮ ਭਾਵਨਾ ਨੂੰ ਲੋਕ-ਸੇਵਾ ਦੀ ਖੁਰਾਕ ਦੇ ਬਹਾਨੇ ਸ਼ਾਂਤ ਕਰ ਲੈਂਦੇ ਸਨ, ਤੇ ਦੂਜੇ, ਇਹਨਾਂ ਟਿਕਾਣਿਆਂ ਤੇ ਟਿਕਣ ਵਾਲੇ ਤੇ ਰੈਣ-ਬਸੇਰਾ ਆਦਿ ਕਰਨ ਵਾਲੇ ਯਾਤਰੂ ਜਾਂਦੀ ਵਾਰੀ ਇਹਨਾਂ ਸੰਤਾਂ-ਸਾਧਾਂ ਅਥਵਾ ਬ੍ਰਾਹਮਣ ਡੇਰੇਦਾਰਾਂ ਨੂੰ ਵਿੱਤ-ਮੁਜਬ ਦਾਨ ਵੀ ਦੇ ਜਾਂਦੇ ਸਨ, ਜਿਸ ਨਾਲ ਉਹਨਾਂ ਦੀ ਵਾਹ-ਵਾਹ ਗੱਲ ਬਣ ਜਾਂਦੀ ਸੀ ।

## (ਅ) ਦੁਰਗਾ ਬ੍ਰਾਹਮਣ ਅਤੇ ਬ੍ਰਹਮਚਾਰੀ ਸਾਧ ਨਾਲ ਮੇਲ–

ਉਪਰੋਕਤ ਭਾਂਤ ਦਾ ਇਕ ਟਿਕਾਣਾ ਇਕ ਮੁੱਖ ਸੜਕ ਦੇ ਕਿਨਾਰੇ ਵਸੇ ਮੇਹੜੇ ਪਿੰਡ (ਪਰਗਣਾ ਮੁਲਾਣਾ) ਦੇ ਦੁਰਗੇ ਬ੍ਰਾਹਮਣ ਨੇ ਭੀ ਕਾਇਮ ਕਰ ਰਖਿਆ ਸੀ । ਸੰਨ ੧੫੪੧ ਵਿਚ ਇਕੀਵੀਂ ਵਾਰੀ ਹਰਦੁਆਰ ਦੀ ਯਾਤਰਾ ਤੋਂ ਵਾਪਸ ਪਰਤਦਿਆ ਇਸ ਟਿਕਾਣੇ ਤੇ ਉਸ ਕਾਫ਼ਲੇ ਨੇ ਬਿਸਰਾਮ ਕੀਤਾ ਜਿਸ ਵਿਚ (ਗੁਰੂ) ਅਮਰਦਾਸ ਬਤੌਰੇ ਇਕ ਹਿੰਦੂ ਯਾਤਰੂ ਦੇ ਸ਼ਾਮਲ ਸਨ । ਇਸ਼ ਕਾਫਲੇ ਵਿਚ ਇਕ ਬ੍ਰਹਮਚਾਰੀ ਸਾਧ ਭੀ ਸ਼ਾਮਲ ਸੀ, ਜੋ (ਗੁਰੂ) ਅਮਰਦਾਸ ਜੀ ਦੀ ਸੇਵਾ ਭਾਵਨਾ ਅਤੇ ਗੁਣਾਂ ਕਾਰਨ ਉਹਨਾਂ ਵੱਲ ਸੁਤੇ ਹੀ ਖਿੱਚਿਆ ਗਿਆ ਸੀ ।

ਜਿਵੇਂ ਕਿ ਪਹਿਲੇ ਹੀ ਦਸਿਆ ਜਾ ਚੁੱਕਾ ਹੈ ਕਿ ਦੁਰਗੇ ਬ੍ਰਾਹਮਣ ਨੇ ਇਹ ਟਿਕਾਣਾ ਯਾਤਰੂਆਂ ਦੇ ਠਹਿਰਣ ਲਈ ਕਾਇਮ ਕੀਤਾ ਸੀ ਅਤੇ ਇਸ ਨਾਲ ਉਸਦੀ ਧਰਮ-ਭਾਵਨਾ ਭੀ ਕਿਸੇ ਹੱਦ ਤਕ ਪੂਰੀ ਹੁੰਦੀ ਸੀ ਅਤੇ ਕਿਸੇ ਹੱਦ ਤਕ ਆਏ ਗਏ ਯਾਤਰੂ ਦੁਰਗੇ ਨੂੰ ਦਾਨ ਦੱਖਣਾ ਭੀ ਦੇ ਜਾਂਦੇ ਸਨ ।ਪੁਰਾਣੇ ਇਤਿਹਾਸਾਂ ਮੁਤਾਬਕ ਦੁਰਗਾ ਸਾਮੁਦ੍ਰੀਕ ਵਿਦਿਆ ਦੀ ਵੀ ਕੁਝ ਜਾਣਕਾਰੀ ਰੱਖਦਾ ਸੀ । ਉਸ ਨੇ ਆਪਣੇ ਇਸ ਸਮੁਦ੍ਰੀਕ ਜੋਤਸ਼ ਦੇ ਆਧਾਰ ਤੇ (ਗੁਰੂ) ਅਮਰਦਾਸ ਜੀ ਦੇ ਚਰਨਾਂ ਅਤੇ ਹੱਥਾਂ ਉਤੇ ਪਦਮ ਰੇਖਾ ਦੱਸੀ, ਜਿਸਦਾ ਉਸ ਦੇ ਜੋਤਸ਼ ਅਨੁਸਾਰ ਬੜਾ ਮਹਾਤਮ ਸੀ ਅਤੇ ਉਸ ਅਨੁਸਾਰ ਪਦਮ ਰੇਖਾ ਦਾ ਧਾਰਨੀ ਪੁਰਖ ਆਉਣ ਵਾਲੇ ਸਮੇਂ ਵਿਚ ਚਕਰਵਰਤੀ ਰਾਜਾ ਅਥਵਾ ਬਹੁਤ ਹੀ ਉੱਚੀ ਕਿਸਮਤ ਵਾਲਾ ਮਨੁੱਖ ਹੁੰਦਾ ਹੈ । ਚਲਦੇ ਸਮੇਂ ਦੁਰਗੇ ਨੇ (ਗੁਰੂ) ਅਮਰਦਾਸ ਜੀ ਪਾਸੋਂ ਦਾਨ-ਦੱਖਣਾ ਲੈਣ ਸਮੇਂ ਇਹ ਕਹਿ ਕੇ ਰਸਮੀ ਜਿਹੀ ਨਾਂਹ ਵੀ ਕੀਤੀ ਕਿ ਭਵਿੱਖਤ ਵਿਚ ਜਦ (ਗੁਰੂ) ਅਮਰਦਾਸ ਜੀ ਦੀ ਪਦਮ ਰੇਖਾ ਦਾ ਪ੍ਰਤਾਪ ਪਰਗਟ ਹੋਵੇਗਾ ਤੇ ਜਦੋਂ ਉਹ ਰਾਜ ਭਾਗ ਦੇ ਮਾਲਕ ਬਣਨਗੇ ਤਦ ਉਹ ਉਹਨਾਂ ਤੋਂ ਮੂੰਹ ਮੰਗਿਆ ਦਾਨ ਹਾਸਲ ਕਰੇਗਾ । ਪਦਮ ਰੇਖਾ ਅਰ ਇਸ ਦੇ ਬਲ ਦੀ ਜਾਣਕਾਰੀ ਮਿਲ ਜਾਣ ਕਾਰਨ ਯਾਤਰੂਆਂ ਦੇ ਕਾਫ਼ਲੇ ਵਿਚ ਸ਼ਾਮਲ ਬ੍ਰਹਮਚਾਰੀ ਸਾਧ (ਗੁਰੂ) ਅਮਰਦਾਸ ਜੀ ਦੇ ਵੱਲ ਹੋਰ ਜ਼ਿਆਦਾ ਪ੍ਰੇਰਿਆ ਗਿਆ ।

ਹਿੰਦੂ ਸੰਸਕਾਰਾਂ ਕਾਰਨ (ਗੁਰੂ) ਅਮਰਦਾਸ ਜੀ ਬ੍ਰਹਮਚਾਰੀ ਸਾਧੂ ਦੀ ਸੇਵਾ ਵ੍ਰੀ ਵਧੇਰੇ ਕਰਨ ਲੱਗ ਗਏ । ਬ੍ਰਹਮਚਾਰੀ ਵੀ ਉਹਨਾਂ ਨੂੰ ਚੰਗਾ ਭਗਤ ਜਾਣ ਕੇ ਉਹਨਾਂ ਦੇ ਹੱਥਾਂ ਦਾ ਤਿਆਰ ਕੀਤਾ ਭੋਜਨ ਖਾਣ ਲਗ ਗਿਆ, ਜਦ ਕਿ ਪਹਿਲਾਂ ਉਹ ਕੇਵਲ ਆਪਣੇ ਹੱਥ ਦਾ ਪਕਿਆ ਭੋਜਨ ਛਕਣ ਦੀ ਚਿਗਲੀ-ਚਿੱਥੀ ਲੀਹ ਦਾ ਧਾਰਨੀ ਸੀ ।

ਇਸੇ ਤਰ੍ਹਾਂ ਸਫਰ ਤੈਹ ਕਰਦੇ ਕਰਦੇ ਕਾਫਲੇ ਸਮੇਤ (ਗੁਰੂ) ਅਮਰਦਾਸ ਜੀ ਤੇ ਬ੍ਰਹਮਚਾਰੀ ਸਾਧ ਬਾਸਰਕੇ ਪੁਜ ਗਏ । ਇਕ ਦਿਨ ਅਚਾਨਕ ਬ੍ਰਹਮਚਾਰੀ ਸਾਧ ਨੂੰ (ਗੁਰੂ) ਅਮਰਦਾਸ ਜੀ ਨੇ ਜਦ ਇਹ ਅਸਲੀਅਤ ਦੱਸੀ ਕਿ ਉਹਨਾਂ ਅਜੇ ਤਕ ਕੋਈ ਗੁਰੂ ਧਾਰਨ ਨਹੀਂ ਕੀਤਾ ਤਾਂ ਬ੍ਰਹਮਚਾਰੀ ਸਾਧੂ ਬਹੁਤ ਲੋਹਾ-ਲਾਖਾ ਹੋਇਆ ਅਤੇ ਉਸਨੇ ਇਸ ਗਲ ਦਾ ਬਹੁਤ ਬੁਰਾ ਮਨਾਇਆ ਕਿ ਇਸ ਤੱਤ ਦਾ ਉਸ ਨੂੰ ਪਹਿਲੇ ਪਤਾ ਕਿਉ ਨਹੀਂ ਲਗਾ । ਉਸਦੀ ਰਹੁ-ਰੀਤੀ ਮੁਤਾਬਕ ਨਿਗੁਰੇ ਪ੍ਰਾਣੀ ਦੇ ਹੱਥ ਦਾ ਬਣਿਆ ਭੋਜਨ ਛਕੱਣ ਨਾਲ ਉਸ ਦੇ ਸਭ ਸ਼ੁਭ ਕਰਮ ਨਸ਼ਟ ਹੋ ਗਏ ਸਨ ਅਤੇ ਜਨਮ ਅਕਾਰਥ ਚਲਾ ਗਿਆ ਸੀ । ਬ੍ਰਹਮਚਾਰੀ ਨੇ ਪਸ਼ਚਾਤਾਪ ਕਰਦਿਆਂ ਕਿਹਾ ਕਿ ਨਿਗੁਰੇ ਦੇ ਹਥੋਂ ਭੋਜਨ ਖਾਣਾ ਤਾਂ ਦਰਸ਼ਨ ਮਾਤਰ ਕਰਨਾ ਭੀ ਸ਼ਾਸ਼ਤਰਾਂ ਦੇ ਵਿਚਾਰ ਅਨੁਸਾਰ ਬਹੁਤ ਮਾੜਾ ਕੰਮ ਹੈ । ਇਹ ਸਭ ਕੁਝ ਕਹਿ ਕੇ ਬ੍ਰਹਮਚਾਰੀ ਕਲਪਦਾ ਹੋਇਆ (ਗੁਰੂ) ਅਮਰਦਾਸ ਜੀ ਤੋਂ ਨਾਰਾਜ਼ ਹੋ ਕੇ ਸਦਾ ਲਈ ਵੱਖ ਹੋ ਕੇ ਚਲਾ ਗਿਆ ।

ਅਗਸੇ ਤੋਂ (ਗੁਰੂ) ਅਮਰਦਾਸ ਜੀ ਤੀਰਥ ਯਾਤਰਾ, ਗੰਗਾ ਇਸ਼ਨਾਨ, ਦੇਵੀ ਦੇਵਤਿਆ ਦੀ ਪੂਜਾ, ਬ੍ਰਾਹਮਣਾਂ ਨੂੰ ਪੁੰਨ ਦਾਨ, ਤੇ ਜਾਤ ਪਾਤ ਦੇ ਵਿਤਕਰਿਆਂ ਉਤੇ ਸਖਤੀ ਨਾਲ ਚਲਣ ਦੇ ਕਰਮ ਕਾਂਡਾਂ ਨੂੰ ਮੰਨਦਿਆਂ ਹੋਇਆ ਅਮਲ ਵਿਚ ਲਿਆ ਰਹੇ ਸਨ । ਮਨ ਦੀ ਭਟਕਣਾ ਉੱਕੀ ਨਹੀਂ ਸੀ ਮਿਟ ਸਕੀ । ਬ੍ਰਹਮਚਾਰੀ ਵਲੋਂ ਦਰਸਾਈ ਉਕਾਈ ਨਾਲ (ਗੁਰੂ) ਅਮਰਦਾਸ ਜੀ ਦੇ ਮਨ ਤੇ ਬੜੀ ਚੋਟ ਵਜੀ । ਉਹਨਾਂ ਮਨ ਵਿਚ ਹੀ ਫੈਸਲਾ ਕੀਤਾ ਕਿ ਉਹ ਆਤਮਕ ਰਹਿਨੁਮਾਈ ਲਈ ਹੁਣ ਕਿਸੇ ਪੂਰਨ ਪੁਰਖ ਦੀ ਅਗਵਾਈ ਪ੍ਰਾਪਤ ਕਰਕੇ ਹੀ ਰਹਿਣਗੇ ।

# ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ

## (ੳ) ਬੀਬੀ ਅਮਰੋ ਜੀ ਤੇ ਉਹਨਾਂ ਦਾ ਬਾਣੀ ਪੜ੍ਹਨਾ –

ਸੰਸਾਰ ਦੇ ਅਨੇਕਾਂ ਮਹਾਂਪੁਰਖਾਂ ਦੀਆਂ ਜੀਵਨ-ਗਥਾਵਾਂ ਪੜ੍ਹਨ ਪੁਰ ਪਤਾ ਚਲਦਾ ਹੈ ਕਿ ਜਦ ਭੀ ਕਿਸੇ ਮਨੁੱਖ ਨੇ ਆਪਣੇ ਜੀਵਨ ਲਈ ਕੋਈ ਉੱਚਾ ਆਦਰਸ਼ ਮਿੱਥ ਲਿਆ ਹੋਵੇ ਤੇ ਉਸਦੀ ਪਰਾਪਤੀ ਲਈ ਇਰਾਦਾ ਵੀ ਨੇਕ ਹੋਵੇ, ਤਾਂ ਕੁਦਰਤ ਉਸਦੀ ਕਾਮਯਾਬੀ ਲਈ ਆਪ ਹੀ ਢੋਅ ਢੁਕਾ ਦਿੰਦੀ ਹੈ । ਇਹੋ ਗਲ (ਗੁਰੂ) ਅਮਰਦਾਸ ਜੀ ਨਾਲ ਵਾਪਰ ਗਈ ।

ਅਜੇ ਕੁਝ ਅਰਸਾ ਪਹਿਲੇ (ਗੁਰੂ) ਅਮਰਦਾਸ ਜੀ ਦੇ ਭਤੀਜੇ ਦਾ ਵਿਆਹ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬੇਟੀ ਬੀਬੀ ਅਮਰੋ ਨਾਲ ਹੋਇਆ ਸੀ । ਇਹ ਤਾਂ ਸੁਆਲ ਹੀ ਪੈਦਾ ਨਹੀਂ ਹੋ ਸਕਦਾ ਕਿ ਇਸ ਸਮੇਂ ਤਕ (ਗੁਰੂ) ਅਮਰਦਾਸ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਕੋਈ ਜਾਣਕਾਰੀ ਹੀ ਨਾ ਮਿਲੀ ਹੋਵੇ । ਇਸ ਸਮੇਂ ਤਕ ਗੁਰੂ ਨਾਨਕ ਸਾਹਿਬ ਦੇ ਚਹੁੰ ਕੁੰਟੀ ਪਰਚਾਰਕ ਦੌਰਿਆਂ ਬਾਰੇ ਭੀ ਕੁਝ ਨਾ ਕੁਝ ਜਾਣਕਾਰੀ ਪੰਜਾਬ ਦੇ ਹਰ ਵਾਸੀ ਨੂੰ

ਜਰੂਰ ਮਿਲ ਚੁੱਕੀ ਸੀ । ਆਪਦੇ ਭਤੀਜੇ ਦੀ ਗੁਰੂ ਅੰਗਦ ਦੇਵ ਜੀ ਦੀ ਪੁਤਰੀ ਨਾਲ ਸ਼ਾਦੀ ਅਜੇ ਕੁਝ ਮਹੀਨੇ ਹੀ ਪਹਿਲੇ ਹੋਈ ਸੀ, ਇਸ ਲਈ ਸੁਣੇ-ਸੁਣਾਏ ਵਿਚਾਰਾਂ ਰਾਹੀਂ ਭੀ ਉਹ ਗੁਰੂ ਅੰਗਦ ਦੇਵ ਜੀ ਦੀ ਮਹਾਨਤਾ ਤੋਂ ਅਣਵਾਕਫ਼ ਨਹੀਂ ਸਨ । ਕੇਵਲ ਮਾਤਰ ਪੁਰਾਣੇ ਹਿੰਦੂ ਸੰਸਕਾਰ (ਯਥਾ ਤੀਰਥ ਯਾਤਰਾਵਾਂ ਦੀ ਘਾਲਣਾ ਘਾਲਣੀ, ਜਪ ਤਪ ਕਰਨੇ, ਬ੍ਰਾਹਮਣਾਂ ਨੂੰ ਪੁੰਨ-ਦਾਨ ਕਰਨਾ ਆਦਿਕ) ਹੀ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਦੇ ਰਾਹ ਵਿਚ ਰੁਕਾਵਟ ਨਹੀਂ ਸਨ, ਬਲਕਿ ਕੁੜਮਾਚਾਰੀ ਦਾ ਅਹਿਸਾਸ ਤੇ ਗੁਰੂ ਅੰਗਦ ਦੇਵ ਜੀ ਤੋਂ ਭੀ ਵੱਡੀ ਉਮਰ ਦੇ ਹੋਣ ਦਾ ਵਿਚਾਰ ਆਦਿਕ ਭੀ ਐਸੀਆਂ ਗਲਾਂ ਸਨ, ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮਿਲਾਪ ਪ੍ਰਾਪਤ ਹੋਣ ਦੇ ਰਾਹ ਵਿਚ ਭਾਰੀ ਰੁਕਾਵਟ ਬਣੀਆਂ ਪਈਆਂ ਸਨ ।

ਮਨ ਦੀ ਭਟਕਣਾ ਤੇ ਅਸ਼ਾਂਤੀ ਅਰ ਬ੍ਰਹਮਚਾਰੀ ਸਾਧ ਵਲੋਂ ਦਰਸਾਈ ਉਕਾਈ ਨੇ (ਗੁਰੂ) ਅਮਰਦਾਸ ਜੀ ਵਿਚ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਦੀ ਤੀਬਰ ਤਾਂਘ ਪੈਦਾ ਕਰ ਦਿੱਤੀ । ਬੀਬੀ ਅਮਰੋ ਜੀ ਦੀ ਉਮਰ ਥੋੜ੍ਹੀ ਹੀ ਸੀ । ਬੀਬੀ ਜੀ ਦੀ ਉਮਰ 15 ਕੁ ਸਾਲ ਹੀ ਸੀ ਪਰ ਗੁਰੂ ਅੰਗਦ ਦੇਵ ਜੀ ਦੀ ਸਿੱਖੀ ਤਾਲੀਮ ਕਾਰਨ ਉਹ ਨਿੱਤ ਅੰਮ੍ਰਿਤ ਵੇਲੇ ਬਾਣੀ ਪੜ੍ਹਨ ਦੇ ਆਦੀ ਸਨ । ਇਕ ਦਿਨ ਬੀਬੀ ਜੀ ਅੰਮ੍ਰਿਤ ਵੇਲੇ ਗੁਰੂ ਨਾਨਕ ਦੇਵ ਜੀ ਦਾ ਹੇਠ ਲਿਖਿਆ ਸ਼ਬਦ ਮਿੱਠੀ ਸੁਰ ਵਿਚ ਪੜ੍ਹ ਰਹੇ ਜਿਸਨੂੰ ਹੂ-ਬ-ਹੂ ਸੁਣਨ ਦਾ ਮੌਕਾ (ਗੁਰੂ) ਅਮਰਦਾਸ ਜੀ ਨੂੰ ਮਿਲ ਗਿਆ ।

**ਕਰਣੀ ਕਾਗਦੁ ਮਨੁ ਮਸਵਾਣੀ,**
**ਬੁਰਾ ਭਲਾ ਦੁਇ ਲੇਖ ਪਏ ॥**
**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ,**
**ਤਉ ਗੁਣ ਨਾਹੀ ਅੰਤੁ ਹਰੇ ॥੧॥**
**ਚਿਤ ਚੇਤਸਿ ਕੀ ਨਹੀਂ ਬਾਵਰਿਆ ॥**
**ਹਰਿ ਬਿਸਰਤ ਤੇਰੇ ਗੁਣ ਗਲਿਆ ॥ ॥ ਰਹਾਉ ॥**
**ਜਾਲੀ ਰੈਨਿ, ਜਾਲੁ ਦਿਨੁ ਹੂਆ,**
**ਜੇਤੀ ਘੜੀ ਫਾਹੀ ਤੇਤੀ ॥**
**ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ,**
**ਛੂਟਸਿ ਮੂੜੇ ਕਵਨ ਗੁਣੀ ।੨॥**
**ਕਾਇਆ ਆਰਣੁ, ਮਨੁ, ਵਿਚਿ ਲੋਹਾ,**
**ਪੰਚ ਅਗਨਿ ਤਿਤੁ ਲਾਗਿ ਰਹੀ ॥**
**ਕੋਇਲੇ ਪਾਪ ਪੜੇ ਤਿਸੁ ਊਪਰਿ,**
**ਮਨੁ ਜਲਿਆ ਸੰਨੀ ਚਿੰਤ ਭਈ ॥੩॥**
**ਭਇਆ ਮਨੂਰੁ ਕੰਚਨੁ ਫਿਰਿ ਹੋਵੈ ,**

ਜੇ ਗੁਰੁ ਮਿਲੇ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੇ,
ਤਉ ਨਾਨਕ ਤ੍ਰਿਸਟਸਿ ਦੇਹਾ ॥੪॥

(ਮਾਰੂ,ਮਹਲ,੧-ਘਰ ੯,ਪੰਨਾ ੯੯੦)

ਉਸ ਸਮੇਂ ਪੰਜਾਬ ਵਿਚ ਬੋਲੀ ਜਾਂਦੀ ਜ਼ਬਾਨ ਵਿਚ ਹੋਣ ਕਾਰਨ ਇਸ ਸ਼ਬਦ ਨੂੰ ਸਮਝਣ ਵਿਚ ਕੋਈ ਦਿੱਕਤ ਨਹੀਂ ਸੀ । ਸ਼ਬਦ ਦਾ ਤਤ ਸਾਰ ਸਿਧਾ ਹੀ ਹਿਰਦੇ-ਤਲ ਵਿਚ ਵੱਸ ਗਿਆ । ਸ਼ਬਦ ਦਾ ਭਾਵ ਸਾਰ ਇਸ ਤਰ੍ਹਾਂ ਸੀ :-

"ਹੇ ਪ੍ਰਮੇਸ਼ਰ ਤੇਰੇ ਗੁਣ ਬੇਅੰਤ ਹਨ, ਇਹਨਾਂ ਗੁਣਾਂ ਦਾ ਕੋਈ ਅੰਤ ਨਹੀਂ । ਜੀਵਾਂ ਦੀ ਕਰਨੀ ਮਾਨੋਂ ਕਾਗਜ਼ ਹੈ ਅਰ ਮਨ ਦਵਾਤ ਹੈ । ਮਨ ਰੂਪੀ ਦਵਾਤ ਵਿਚ ਮਨੋ ਬ੍ਰਿਤੀਆਂ ਰੂਪੀ ਸਿਆਹੀ ਭਰੀ ਪਈ ਹੈ । ਮਨੋਬ੍ਰਿਤੀਆਂ ਅਤੇ ਪੁਰਾਣੇ ਕਮਾਏ ਹੋਏ ਸੰਸਕਾਰਾਂ ਕਾਰਨ ਜੀਵ ਆਪਣੀ ਕਰਨੀ ਰੂਪੀ ਕਾਗਜ਼ ਉਤੇ ਬੁਰੇ ਅਤੇ ਭਲੇ ਦੋ ਕਿਸਮ ਦੇ ਲੇਖ ਲਿਖਦਾ ਹੈ।

ਗੁਰੂ ਨਾਨਕ ਦੇਵ ਜੀ ਚੇਤਾਵਨੀ ਦਿੰਦੇ ਹੋਏ ਸਮਝਾਉਂਦੇ ਹਨ ਕਿ ਹੇ ਕਮਲੇ ਜੀਵ, ਤੂੰ ਰੱਬ ਨੂੰ ਕਿਉਂ ਨਹੀਂ ਚੇਤੇ ਕਰਦਾ ? ਰੱਬ ਨੂੰ ਵਿਸਾਰਨ ਨਾਲ ਤੇਰੇ ਆਤਮਕ ਗੁਣ ਤਬਾਹ ਹੋ ਰਹੇ ਹਨ

ਹੇ ਜੀਵ, ਤੇਰੀ ਭੈੜੀ ਮਨੋਬ੍ਰਿਤੀ ਕਾਰਨ ਤੇਰੇ ਜੀਵਨ ਦਾ ਹਰ ਦਿਨ ਤੇ ਹਰ ਰਾਤ ਤੈਨੂੰ ਮਾਇਆ ਦੇ ਮੋਹ ਵਿਚ ਫਸਾਉਣ ਲਈ ਜਾਲ ਬਣੇ ਪਏ ਹਨ ਅਤੇ ਇਸ ਮਾਇਕ ਮਨੋਬ੍ਰਿਤੀ ਕਾਰਨ ਤੇਰੇ ਜੀਵਨ ਦੀਆਂ ਸਭ ਘੜੀਆਂ ਤੇਰੇ ਆਤਮਕ ਜੀਵਨ ਨੂੰ ਤਬਾਹ ਕਰਨ ਲਈ ਫਾਹੀਆਂ ਬਣੀਆਂ ਪਈਆ ਹਨ । ਵਿਕਾਰਾ ਦੀ ਖੁਰਾਕ ਨੂੰ ਤੂੰ ਰੱਜ ਲੈ ਲੈ ਕੇ ਖਾ ਰਿਹਾ ਹੈਂ ਅਤੇ ਮਾਇਆ ਦੇ ਬੰਧਨਾਂ ਵਿਚ ਹੋਰ ਹੋਰ ਫੱਸ ਰਿਹਾ ਹੈਂ । ਹੇ ਮੂਰਖ, ਇਹਨਾਂ ਵਿਚੋਂ ਕਿਹੜੇ ਗੁਣਾਂ ਨਾਲ ਮਾਇਆ ਦੇ ਬੰਧਨਾਂ ਵਿਚ ਹੋਰ ਹੋਰ ਫੱਸ ਰਿਹਾ ਹੈਂ । ਹੇ ਮੂਰਖ, ਇਹਨਾਂ ਵਿਚੋਂ ਕਿਹੜੇ ਗੁਣਾਂ ਨਾਲ ਮਾਇਆ ਦੇ ਮੋਹ ਤੋਂ ਛੁਟਕਾਰਾਂ ਹਾਸਲ ਕਰੇਂਗਾ ?

ਕਾਇਆ ਰੂਪੀ ਭੱਠੀ ਵਿਚ ਮਨ ਰੂਪੀ ਲੋਹਾ ਪਿਆ ਹੋਇਆ ਹੈ ਅਤੇ ਉਸ ਨੂੰ ਕਾਮ ਕਰੋਧ ਆਦਿਕ ਪੰਜ ਅਗਨੀਆ ਲੱਗੀਆਂ ਹੋਈਆਂ ਹਨ । ਵਿਕਾਰਾਂ ਦੀਆਂ ਪੰਜ ਅਗਨੀਆਂ ਨੂੰ ਹੋਰ ਤੇਜ਼ ਕਰਨ ਲਈ ਪਾਪ ਰੂਪੀ ਕੋਇਲੇ ਕੰਮ ਕਰ ਰਹੇ ਹਨ । ਚਿੰਤਾ ਰੂਪੀ ਸੰਨ੍ਹੀ ਇਸ ਮਨ ਨੂੰ ਹਰ ਪਾਸਿਓ ਸਾੜਨ ਲਈ ਮਦਦ ਕਰ ਰਹੀ ਹੈ ।

ਪਰ ਜੇ ਪੂਰਾ ਸਤਿਗੁਰੂ ਮਿਲ ਜਾਏ, ਤਾਂ ਉਹ ਵਿਕਾਰਾਂ ਦੀਆਂ ਅਗਨੀਆਂ ਨਾਲ ਸੜ ਚੁਕੇ ਮਨ ਰੂਪੀ ਲੋਹੇ ਨੂੰ ਭੀ ਆਪਣੀ ਛੂਹ ਨਾਲ ਸੋਨਾ ਬਣਾ ਲੈਂਦਾ ਹੈ । ਸਤਿਗੁਰੂ ਜੀਵ ਨੂੰ ਆਤਮਕ ਜੀਵਨ ਦੇਣ ਵਾਲਾ ਪ੍ਰਮੇਸ਼ਰ ਦਾ ਪਿਆਰ ਅਥਵਾ ਨਾਮ ਦੇਂਦਾ ਹੈ, ਜਿਸ ਨਾਲ ਜੀਵ ਦਾ ਸਰੀਰ ਟਿਕਾਉ ਵਿਚ ਆ ਜਾਂਦਾ ਹੈ ਅਰਥਾਤ ਮਨ ਵਿਕਾਰਾਂ ਵਲੋਂ ਪੂਰੀ ਤਰ੍ਹਾਂ ਹੱਟ ਜਾਂਦਾ ਹੈ ।"

## (ਅ) (ਗੁਰੂ) ਅਮਰਦਾਸ ਜੀ ਦਾ ਖਡੂਰ ਸਾਹਿਬ ਆਣਾ ਤੇ ਗੁਰਮਤਿ ਉਪਦੇਸ਼-

ਆਤਮਕ ਵਿਚਾਰ ਦੀ ਇਤਨੀ ਉੱਚੀ ਪੱਧਰ ਦੀ ਬਾਣੀ ਨੂੰ ਮਿੱਠੀ ਜਿਹੀ ਆਵਾਜ਼ ਵਿਚ ਬੀਬੀ ਅਮਰੋ ਜੀ ਪਾਸੋਂ ਕੀ ਸੁਣਿਆ, ਉਹ ਸਦਾ ਲਈ ਗੁਰੂ ਦੇ ਹੀ ਹੋ ਗਏ । ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਲਈ ਉਸੇ ਦਿਨ ਹੀ ਖਡੂਰ ਸਾਹਿਬ ਆ ਗਏ। ਸਤਿਗੁਰੂ ਅੰਗਦ ਦੇਵ ਜੀ ਨੇ ਕੁੜਮ ਦੇ ਰਿਸ਼ਤੇ ਅਨੁਸਾਰ (ਗੁਰੂ) ਅਮਰਦਾਸ ਜੀ ਦਾ ਸਤਿਕਾਰ ਕਰਨਾ ਚਾਹਿਆ, ਪਰ ਆਪਨੇ ਗੁਰੂ ਅੰਗਦ ਦੇਵ ਜੀ ਨੂੰ ਮਿਲਦੇ ਸਾਰ ਹੀ ਆਪਣਾ ਮੰਤਵ ਸਪੱਸ਼ਟ ਕਰ ਦਿਤਾ । ਆਪ ਨੇ ਸਾਫ ਦੱਸ ਦਿਤਾ ਕਿ ਮੈਂ ਬਤੌਰ ਕੁੜਮ ਨਹੀਂ, ਬਤੌਰ ਇਕ ਜਗਿਆਸੂ ਦੇ ਆਪ ਪਾਸ ਹਾਜ਼ਰ ਹੋਇਆ ਹਾਂ ਅਤੇ ਆਪਦਾ ਸਿੱਖ ਬਣਨਾ ਚਾਹੁੰਦਾ ਹਾਂ। ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਪੁੱਜਣ ਸਮੇਂ ਆਪਦੀ ਉਮਰ 62 ਕੁ ਸਾਲਾਂ ਦੀ ਸੀ । ਇਹ ਜ਼ਿਕਰ ਸੰਨ 1541 ਦਾ ਹੈ ।

ਗੁਰੂ ਅੰਗਦ ਦੇਵ ਜੀ ਨੇ ਪ੍ਰਮੇਸ਼ਰ ਪ੍ਰਾਪਤੀ ਲਈ ਅਤੇ ਆਦਰਸ਼ਕ ਜੀਵਨ ਜੀਊਣ ਲਈ (ਗੁਰੂ) ਅਮਰਦਾਸ ਜੀ ਨੂੰ ਬਾਣੀ ਦੇ ਲੜ ਲਾਇਆ । ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਸੰਗਹਿ ਤਾਂ ਗੁਰੂ ਅੰਗਦ ਸਾਹਿਬ ਪਾਸ ਮੌਜੂਦ ਹੀ ਸੀ । ਆਪਣੀ ਬਾਣੀ ਵੀ ਗੁਰੂ ਅੰਗਦ ਦੇਵ ਜੀ ਨੇ ਉਸ ਸੰਗ੍ਰਹਿ ਵਿਚ ਸ਼ਾਮਲ ਕਰ ਲਈ ਸੀ । ਗੁਰੂ ਅੰਗਦ ਦੇਵ ਜੀ ਨੇ ਗੁਰੂ) ਅਮਰਦਾਸ ਜੀ ਨੂੰ ਸਿੱਖੀ ਧਾਰਨ ਕਰਾਉਣ ਸਮੇਂ ਇਹੋ ਉਪਦੇਸ਼ ਦਿਤਾ ਕਿ ਸਿੱਖ ਬਨਣ ਲਈ ਬਾਣੀ ਪੜ੍ਹਨੀ, ਬਾਣੀ ਨੂੰ ਵਿਚਾਰਨਾ ਅਤੇ ਸ਼ਰਧਾ ਭਾਵਨਾ ਸਹਿਤ ਬਾਣੀ ਦੇ ਮਹਾਨ ਉਪਦੇਸ਼ਾਂ ਨੂੰ ਆਪਣੇ ਅਮਲੀ ਜੀਵਨ ਵਿਚ ਉਤਾਰਨਾ ਜ਼ਰੂਰੀ ਹੈ ।

(ਗੁਰੂ) ਅਮਰਦਾਸ ਜੀ ਨੂੰ ਸਪੱਸ਼ਟ ਦਸਿਆ ਗਿਆ ਕਿ ਸਿੱਖੀ ਕੇਵਲ ਥੀਊਰੀ ਅਥਵਾ ਸਿਧਾਂਤਾਂ ਦਾ ਪਲੰਦਾ ਨਹੀਂ, ਅਮਲੀ ਤੌਰ ਤੇ ਆਦਰਸ਼ਕ ਜੀਵਨ ਜੀਊਣ ਦੀ ਜਾਚ ਹੈ । ਸਿੱਖੀ ਧਾਰਨ ਕਰਨ ਲਈ ਪੁਰਾਣੇ ਅਨਮਤੀ ਅਰ ਮਨਮਤੀ ਸਭ ਸੰਸਕਾਰਾਂ, ਕਰਮ ਕਾਂਡਾਂ, ਵਿਚਾਰਾਂ-ਖਿਆਲਾਤਾਂ ਨੂੰ ਤਿਆਗ ਕੇ ਕੇਵਲ ਮਾਤਰ ਗੁਰੂ ਦੇ ਦਰਸਾਏ ਜੀਵਨ ਮਾਰਗ ਅਥਵਾ ਗੁਰਮਤ ਨੂੰ ਆਧਾਰ ਬਣਾਉਣਾ ਲਾਜ਼ਮੀ ਹੈ । ਆਤਮਕ ਤਰੱਕੀ ਨਿਤ ਸਤਸੰਗ ਵਿਚ ਸ਼ਾਮਲ ਹੋਏ ਬਿਨਾਂ ਹੋ ਨਹੀਂ ਸਕਦੀ । ਪ੍ਰਮੇਸ਼ਰ ਇਕ ਹੈ ਅਤੇ ਉਸ ਨੂੰ ਪ੍ਰਾਪਤ ਕਰਨ ਲਈ ਗੁਰੂ ਦੁਆਰਾ ਦਰਸਾਇਆ ਜੀਵਨ ਮਾਰਗ ਅਪਨਾਉਣਾ ਅਤੇ ਗੁਰੂ ਦੁਆਰਾ ਦਰਸਾਏ ਵਿਵਰਜਤ ਕਰਮਾਂ ਤੋਂ ਬਚਣਾ ਜ਼ਰੂਰੀ ਹੈ । ਵਾਹਦ ਪ੍ਰਮੇਸ਼ਰ ਦੀ ਨੇੜਤਾ ਹਾਸਲ ਕਰਨ ਲਈ ਭਾਂਤ-ਸੁਭਾਂਤੇ ਦੇਵੀ ਦੇਵਤਿਆਂ ਨੂੰ ਮਨੋਂ ਪੂਰੀ ਤਰ੍ਹਾਂ ਕੱਢ ਕੇ ਪ੍ਰਮੇਸ਼ਰ ਨਾਲ ਦਿਲੋਂ-ਮਨੋਂ ਸੱਚਾ ਪਿਆਰ ਕਰਨਾ ਜ਼ਰੂਰੀ ਹੈ । ਤੀਰਥਾਂ ਦੇ ਰਟਨ, ਨਾਮਧਰੀਕ ਤਥਾ-ਕਥਤ (So-called) ਪਵਿੱਤਰ ਦਰਿਆਵਾਂ (ਗੰਗਾ, ਜਮਨਾ, ਸਰਸਵਤੀ, ਨਰਬਦਾ, ਕ੍ਰਿਸ਼ਨਾ, ਕਾਵੇਰੀ, ਗੁਦਾਵਰੀ) ਦੇ ਇਸ਼ਨਾਨ ਕਰਨੇ, ਸਰੀਰ ਨੂੰ ਬੇਲੋੜਵੇਂ ਦੁੱਖ ਦੇਣੇ, ਤੋਤਾ ਰਟਨੇ ਅਭਿਆਸ ਕਰਨ, ਬ੍ਰਾਹਮਣਾਂ ਨੂੰ ਪੁੰਨ-ਦਾਨ ਦੇਣ ਆਦਿਕ ਦੇ ਕਰਮ ਕਾਂਡ ਰੱਬੀ ਕਰਮ ਨਹੀਂ ਕਹੇ ਜਾ ਸਕਦੇ, ਤਾਂ ਤੇ ਇਹਨਾਂ ਸਭਨਾਂ ਦਾ ਪੂਰੀ ਤਰਾਂ ਤਿਆਗ ਕਰ ਦੇਣਾ

ਚਾਹੀਏ । ਜਾਤ-ਪਾਤ ਦੇ ਵਿਤਕਰੇ ਦਾ ਜੂਲਾ ਪੂਰੀ ਤਰ੍ਹਾਂ ਆਪਣੀ ਗਰਦਨ ਤੋਂ ਲਾਹਕੇ ਮਨੂੰ ਸਿਮਰਤੀ ਦੇ ਸ਼ਰਧਾਲੂ ਬ੍ਰਾਹਮਣਾਂ ਨੂੰ ਵਾਪਸ ਦੇ ਦੇਣਾ ਜ਼ਰੂਰੀ ਹੈ । ਸੰਸਾਰ ਦੇ ਹਰ ਮਨੁੱਖ ਨੂੰ ਇਕੋ ਇਕ ਪ੍ਰਮੇਸ਼ਰ ਦਾ ਬੱਚਾ ਮੰਨਕੇ ਹਰ ਮਨੁਖ ਨੂੰ ਜਾਤ-ਪਾਤ, ਦੇਸ਼, ਲਿੰਗ, ਨਸਲ ਦੇ ਵਿਤਕਰਿਆਂ ਤੋਂ ਉਤੇ ਉਠ ਕੇ ਬਰਾਬਰ ਦਾ ਭਰਾ ਭਰਾ ਸਮਝਣਾ ਜ਼ਰੂਰੀ ਹੈ । ਆਪਣੇ ਮਨ ਤੋਂ ਕਾਮ, ਕਰੋਧ ਲੋਭ, ਮੋਹ ਹੰਕਾਰ, ਨਿੰਦਿਆ, ਚੁਗਲੀ, ਬਖ਼ੀਲੀ ਈਰਖਾ, ਤ੍ਰਿਸ਼ਨਾ ਆਦਿਕ ਦੀ ਮੈਲ ਲਾਹੁਣ ਲਈ ਨਿਰਾ ਸਤਸੰਗ ਵਿਚ ਸ਼ਾਮਲ ਹੀ ਨਹੀਂ ਹੋਣਾ, ਬਲਕਿ ਸ਼ਰਧਾ ਸਹਿਤ ਸਤਸੰਗੀਆਂ ਦੀ ਸੇਵਾ ਭੀ ਕਰਨੀ ਹੈ । ਜਾਤ-ਪਾਤ ਹੋਛੀ ਵਡਿਆਈ ਤੇ ਲੋਕ-ਲਾਜ ਦੇ ਡਰ ਆਦਿਕ ਤਿਆਗਕੇ ਸ਼ਰਧਾ ਅਰ ਉਤਸ਼ਾਹ ਨਾਲ ਸੰਗਤ ਦੀ ਸੇਵਾ ਕਰਨਾ ਨਿਰ-ਅਹੰਕਾਰ ਬਣਨ ਵਿਚ ਸਹਾਈ ਹੁੰਦਾ ਹੈ । ਗੁਰੂ ਅੰਗਦ ਦੇਵ ਜੀ ਨੇ ਇਹ ਗੱਲ ਵੀ ਸਪਸ਼ਟ ਕਰ ਦਿੱਤੀ ਕਿ ਗੁਰਮਤ ਧਾਰਨ ਲਈ ਉਮਰ ਨੂੰ ਵੀ ਰਾਹ ਵਿੱਚ ਰੁਕਾਵਟ ਨਹੀਂ ਬਣਨ ਦੇਣਾ ਚਾਹੀਦਾ । ਸਿੱਖੀ ਦੀ ਕਮਾਈ ਲਈ ਹਰ ਉਮਰ ਠੀਕ ਅਰ ਯੋਗ ਹੈ, ਕੇਵਲ ਮਨ ਬਨਾਉਣ ਦੀ ਲੋੜ ਹੈ । ਯਾਦ ਰਹੇ ਕਿ ਇਹ ਸਿੱਖੀ ਉਪਦੇਸ਼ ਪ੍ਰਾਪਤ ਕਰਨ ਸਮੇਂ (ਗੁਰੂ) ਅਮਰਦਾਸ ਜੀ ਦੀ ਉਮਰ 62 ਕੁ ਸਾਲਾਂ ਦੀ ਸੀ ।

### (ੲ) ਸਿੱਖੀ ਦੀ ਕਮਾਈ ਅਤੇ ਸੇਵਾ : –

(ਗੁਰੂ) ਅਮਰਦਾਸ ਜੀ ਨੇ ਇਹ ਉਪਦੇਸ਼ ਆਮ ਸੰਸਾਰੀ ਜਗਿਆਸੂ ਦੀ ਤਰ੍ਹਾਂ ਗ੍ਰਹਿਣ ਨਹੀਂ ਕੀਤਾ । ਆਪ ਨੇ ਗੁਰੂ ਅੰਗਦ ਦੇਵ ਜੀ ਦਾ ਇਕ ਇਕ ਉਪਦੇਸ਼ ਪੂਰੀ ਤਰ੍ਹਾਂ ਅਮਲ ਵਿਚ ਲਿਆਂਦਾ । ਇੱਕੀ ਸਾਲਾਂ ਤੋਂ ਤੀਰਥ ਇਸ਼ਨਾਨਾਂ ਦੇ ਕਰਮ-ਕਾਂਡੀ ਲਈ ਇਸ ਸੰਸਾਰ ਤੋਂ ਜਾਨ ਛੁਡਾਉਣੀ ਸੌਖੀ ਨਹੀਂ ਸੀ । ਜਾਤ-ਪਾਤ ਦਾ ਵਿਤਕਰਾ ਛੱਡ ਸਕਣਾ ਅਰ ਖਤਰੀਆਂ ਦੀ ਉੱਚੀ ਜਾਤ ਵਿੱਚ ਜਨਮ ਲੈਣ ਦੇ ਹੰਕਾਰ ਤੋਂ ਛੁਟਕਾਰਾ ਹਾਸਲ ਕਰਨਾ ਅਤੇ ਮਨੂੰ ਸਿਮਰਤੀ ਦੇ ਪੈਰੋਕਾਰ ਬ੍ਰਾਹਮਣ ਦੇ ਜਾਲ ਨੂੰ ਤੋੜਕੇ ਵਿਚੋਂ ਨਿਕਲ ਸਕਣਾ ਮਹਾਂ ਔਖੀ ਕਾਰ ਸੀ ਸੰਗਤ ਦੀ ਸੇਵਾ ਵਿਚ ਤਾਂ ਹਰ ਉੱਚੀ ਨੀਵੀਂ ਜਾਤ ਦੇ ਲੋਕਾਂ ਦੀ ਸੇਵਾ ਕਰਨੀ ਪੈਣੀ ਸੀ । ਸਭ ਮਨੁਖਾਂ ਨੂੰ ਭ੍ਰਰਾ-ਭਰਾ ਸਮਝਣਾ ਜ਼ਰੂਰੀ ਸੀ ।

(ਗੁਰੂ) ਅਮਰਦਾਸ ਜੀ ਇਸ ਸਮੇਂ ਆਪ ਗੁਰੂ ਅੰਗਦ ਦੇਵ ਜੀ ਤੋਂ 25 ਸਾਲ ਵਡੇ ਸਨ । ਆਪਦੀ ਆਪਣੀ ਉਮਰ ਇਸ ਸਮੇਂ 62 ਸਾਲ ਦੀ ਸੀ । ਗੁਰੂ ਅੰਗਦ ਦੇਵ ਜੀ ਨਾਲ ਕੁੜਮਚਾਰੀ ਦਾ ਖ਼ਿਆਲ ਵੀ ਲੋਕ ਲਾਜ ਦੇ ਆਧਾਰ ਤੇ ਤਿਆਗ ਸਕਣਾ ਸੌਖੀ ਗੱਲ ਨਹੀਂ ਸੀ । (ਗੁਰੂ) ਅਮਰਦਾਸ ਜੀ ਘਰੋਂ ਮਾਇਆ ਹਥੋਂ ਸ਼ੁਰੂ ਤੋਂ ਹੀ ਸੌਖੇ ਸਨ ਤੇ ਘਰ ਦਾ ਗੁਜ਼ਾਰਾ ਬਹੁਤ ਸੌਖਾ ਚਲ ਰਿਹਾ ਸੀ । ਨਿਤ ਤੀਰਥ ਯਾਤਰਾ ਵਰਗੇ ਫਜ਼ੂਲ ਕਰਮ ਉਤੇ ਖਰਚ ਕਰਨਾ ਅਤੇ ਆਪਣੇ ਕੰਮ-ਵਿਹਾਰ ਨੂੰ ਬਾਰ ਬਾਰ ਠਪ ਕਰਨਾ ਕਮਜ਼ੋਰ ਮਾਲੀ-ਹਾਲਤ ਨਾਲ ਸੰਭਵ ਨਹੀਂ ਸੀ । ਮਾਣ ਅਤੇ ਮਾਇਆ, ਸੇਵਾ ਅਰ ਧਰਮ-ਸਾਧਨਾ ਦੇ ਰਸਤੇ ਵਿਚ ਆਦਿ ਤੋਂ ਹੀ ਰੁਕਾਵਟਾਂ ਬਣਦੇ ਰਹੇ ਹਨ, ਪਰ (ਗੁਰੂ) ਅਮਰਦਾਸ ਜੀ ਦੀ ਲਗਨ ਇਤਨੀ ਪੱਕੀ ਸੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਉਪਦੇਸ਼ ਆਪ ਨੂੰ ਇਤਨਾ ਚੰਗਾ ਲਗਾ ਕਿ

ਆਪ ਨੇ ਆਪਣੇ ਪੁਰਾਣੇ ਸਭ ਸੰਸਕਾਰਾਂ ਤੇ ਕਰਮ-ਕਾਂਡਾਂ ਦੇ ਜਾਲ ਨੂੰ ਯੱਕ-ਮੁਸ਼ਤ ਤੋੜ ਦਿਤਾ ਅਤੇ ਕੇਵਲ ਮਾਤਰ ਗੁਰੂ ਘਰ ਦੇ ਹੋ ਗਏ ।

ਖਡੂਰ ਸਾਹਿਬ ਵਿਖੇ (ਗੁਰੂ) ਅਮਰਦਾਸ ਜੀ ਨੇ ਸਿੱਖੀ ਦੀ ਅਮਲੀ ਕਮਾਈ ਤੇ ਸੰਗਤ ਦੀ ਸੇਵਾ ਦਾ ਬੀੜਾ ਚਕ ਲਿਆ । ਆਲਸ, ਲੋਕ ਲਾਜ, ਪੁਰਾਣੇ ਸੰਸਕਾਰ ਆਦਿਕ ਸਭ ਦਾ ਤਿਆਗ ਕਰਕੇ ਲੰਗਰ ਦੀ ਸੇਵਾ, ਭਾਡੇ ਮਾਂਜਣ ਦੀ ਸੇਵਾ ਖੂਹ ਵਿਚੋਂ ਪਾਣੀ ਕੱਢ ਕੇ ਸੰਗਤ ਨੂੰ ਇਸ਼ਨਾਨ ਕਰਾਉਣ ਦੀ ਸੇਵਾ, ਗਰਮੀਆਂ ਵਿਚ ਸੰਗਤ ਨੂੰ ਪੱਖਾ ਝੱਲਣ ਦੀ ਸੇਵਾ ਆਦਿਕ ਵਿਚ ਪੂਰਨ ਸ਼ਰਧਾ-ਭਾਵਨੀ ਨਾਲ ਜੁਟ ਗਏ । ਹੱਥ ਕਾਰ ਵਲ, ਚਿਤ ਕਰਤਾਰ ਵਲ, ਇਹ ਆਪਦੀ ਜੀਵਨ ਜੁਗਤੀ ਬਣ ਗਈ । ਸੇਵਾ ਤੋਂ ਜੇ ਸਮਾਂ ਬਚ ਜਾਏ ਇਕਾਂਤ ਵਿਚ ਬੈਠ ਕੇ ਬਾਣੀ ਪੜ੍ਹਨ-ਵਿਚਾਰਨ ਉਤੇ ਲਗਾ ਦੇਣਾ । ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਾਉਣ ਲਈ ਰੋਜ਼ਾਨਾ ਤਾਜਾ ਪਾਣੀ ਭਰ ਕੇ ਲਿਆਉਣ ਦੀ ਮਹਾਨ ਸੇਵਾ ਉਹਨਾਂ ਨੇ ਆਪਣੇ ਸਿਰ ਲਈ । ਮੀਂਹ, ਹਨੇਰੀ, ਗਰਮੀ, ਸਰਦੀ ਆਦਿ ਹਰ ਸਮੇਂ ਉਹਨਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਾਉਣ ਲਈ 'ਗੁਰੂ ਦੇ ਖੂਹ' ਤੋਂ ਤਾਜ਼ਾ ਜਲ ਭਰ ਕੇ ਲਿਆਉਣ ਦੀ ਨਿਰੰਤਰ ਸੇਵੀ ਕੀਤੀ । ਫਿਰ ਇਹ ਸੇਵਾ ਇਤਨੇ ਲੰਬੇ ਸਮੇਂ ਤਕ ਨਿਭਾਈ ਕਿ ਦੰਗ ਰਹਿ ਜਾਣਾ ਪੈਂਦਾ ਹੈ । 1541 ਤੋਂ 1552 ਤਕ ਦਾ ਗਿਆਰਾਂ ਸਾਲ ਦਾ ਸਮਾਂ ਗੁਰੂ ਅਮਰਦਾਸ ਜੀ ਦੀ ਮਹਾਨ ਘਾਲਣਾ ਦਾ ਸਮਾਂ ਹੈ । (ਗੁਰੂ) ਅਮਰਦਾਸ ਜੀ ਦੀ ਆਪਣੀ ਆਯੂ ਮੁਤਾਬਕ ਇਹ ਸਮਾਂ ਉਹਨਾਂ ਦੇ 62ਵੇਂ ਸਾਲ ਤੋਂ 73ਵੇਂ ਸਾਲ ਤਕ ਦਾ ਹੈ ।

ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਅਜੋਕੇ ਬਹੁਤੇ ਲਿਖਾਰੀਆਂ ਅਨੁਸਾਰ ਜਲ ਬਿਆਸਾ ਨਦੀ ਤੋਂ ਲਿਆਇਆ ਜਾਂਦਾ ਸੀ, ਜੋ ਖਡੂਰ ਸਾਹਿਬ ਤੋਂ 8-10 ਕਿਲੋਮੀਟਰ ਦੀ ਦੂਰੀ ਤੇ ਵਗਦਾ ਹੈ, ਪਰ ਪੁਰਾਣੇ ਗਰੰਥਾ ਅਥਵਾ ਲਿਖਤਾਂ ਵਿਚ ਅਜਿਹੀ ਗਲ ਉੱਕੀ ਹੀ ਦਰਜ ਨਹੀਂ । ਪ੍ਰਿੰ : ਜੋਧ ਸਿੰਘ ਜੀ ਦੀ ਰਚਨਾ 'ਲਾਈਫ ਆਫ ਸ੍ਰੀ ਗੁਰੂ ਅਮਰਦਾਸ' (1953) ਵਿਚ ਇਹ ਜਲ " ਗੁਰੂ ਕੇ ਖੂਹ" ਤੋਂ ਹੀ ਆਉਂਦਾ ਦੱਸਿਆ ਗਿਆ ਹੈ । ਬਿਆਸਾ ਨਦੀ ਤੋਂ ਜੋ 8-10 ਕਿਲੋਮੀਟਰ ਦੂਰੀ ਤੇ ਵਗਦੀ ਹੈ, ਦੀ ਗਲ ਸ਼ਰਧਾ ਵੱਸ ਗੁਰੂ ਮਹਿਮਾ ਅਥਵਾ ਸੇਵਾ-ਮਹਿਮਾ ਨੂੰ ਅਤਿਸ਼ਯੋਕਤਿ ਰਾਹੀਂ ਬਿਆਨ ਕਰਨ ਕਾਰਨ ਹੋਈ ਹੈ । ਇਤਨੀ ਦੂਰੀ ਤੋਂ ਅਧੀ ਰਾਤ ਪਾਣੀ ਲੈਣ ਜਾਣਾ ਤਾਂ ਕਿ ਸਵਾ ਪਹਿਰ ਰਾਤ ਰਹਿੰਦੀ ਤਕ ਉਹ ਜਲ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਪੇਸ਼ ਕੀਤਾ ਜਾ ਸਕੇ, ਬਹੁਤੀ ਯੁਕਤੀ-ਸੰਗਤ ਅਥਵਾ ਦਲੀਲ-ਭਰੀ ਗਲ ਵੀ ਨਹੀਂ ਜਾਪਦੀ, ਜਦਕਿ ਖਡੂਰ ਸਾਹਿਬ ਵਿਚ ਹੀ " ਗੁਰੂ ਕਾ ਖੂਹ " ਮੌਜੂਦ ਹੋਵੇ । ਪਤਾ ਨਹੀਂ ਲਿਖਾਰੀਆਂ ਨੇ ਜਲ ਲਈ " ਗੁਰੂ ਕੇ ਖੂਹ " ਦੀ ਥਾਵੇਂ " ਬਿਆਸਾ ਨਦੀ " ਕਿਸ ਮੁਸ਼ਕਲ ਨੂੰ ਹਲ ਕਰਨ ਲਈ ਅੰਕਤ ਕਰ ਦਿਤੀ, ਜੋ ਸੀਨੇ-ਬਸੀਨੇ ਅਗੇ ਤੁਰ ਪਈ, ਤੇ ਮੌਜੂਦਾ ਦੌਰ ਦੇ ਲਗਪਗ ਸਭ ਲਿਖਾਰੀ ਬਿਆਸਾ ਉਤੇ ਹੀ ਜ਼ੋਰ ਦੇਈ ਜਾਂਦੇ ਹਨ । ਰੋਜ਼ਾਨਾ ਅੰਮ੍ਰਿਤ ਵੇਲੇ ਤੋਂ ਪਹਿਲੇ ਹੀ ਲਗਾਤਾਰ ਗਿਆਰਾਂ ਸਾਲ ਖੂਹ ਚੋਂ ਪਾਣੀ ਕੱਢ ਕੇ ਆਪਣੇ ਗੁਰੂ ਪਾਤਸ਼ਾਹ ਦੇ ਇਸ਼ਨਾਨ ਲਈ ਹਾਜਰ ਕਰਨਾ ਕੋਈ ਮਾਮੂਲੀ

ਘਾਲਣਾ ਨਹੀਂ । ਨਿਸ਼ਚੇ ਤੌਰ ਤੇ ਆਪਦੀ ਦ੍ਰਿੜਤਾ, ਘਾਲਣਾ ਤੇ ਲਗਨ ਲਾਜੁਆਬ ਅਰ ਬੇਮਿਸਾਲ ਪ੍ਰਤੀਤ ਹੁੰਦੇ ਹਨ । ਉਮਰ 62 ਤੋਂ 73 ਸਾਲ ਦੇ ਦਰਮਿਆਨ ਜਾ ਰਹੀ ਹੋਵੇ, ਸਰਦੀ, ਗਰਮੀ, ਹਨੇਰੀ, ਝਖੜ, ਬਾਰਿਸ਼ ਕੁਝ ਭੀ ਹੋਵੇ, ਕਾਲੀ ਬੋਲੀ ਰਾਤ ਹੋਵੇ, ਹਰ ਪਾਸੇ ਅਧੀ ਰਾਤ ਨੂੰ ਚੁਪਚਾਂ ਹੋਵੇ, ਲਗਾਤਾਰ ਗੁਰੂ-ਪਾਤਸ਼ਾਹ ਦੇ ਇਸ਼ਨਾਨ ਲਈ ਜਲ ਲੈਕੇ ਆਉਣਾ ਸੇਵਾ ਦੇ ਇਤਿਹਾਸ ਵਿਚ ਸਦਾ ਚਾਨਣ ਮੁਨਾਰੇ ਦਾ ਕੰਮ ਕਰਦਾ ਰਹੇਗਾ । ਇਸ ਸੇਵਾ ਦੇ ਨਾਲ ਨਾਲ ਲੰਗਰ ਤਿਆਰ ਕਰਨ, ਭਾਂਡੇ ਮਾਂਜਣ , ਸੰਗਤਾਂ ਦੇ ਇਸ਼ਨਾਨ ਅਰ ਲੰਗਰ ਲਈ ਜਲ ਲਿਆਉਣ ਆਦਿਕ ਦੀਆਂ ਸੇਵਾਵਾਂ ਜਾਰੀ ਸਨ ।

**(ਸ) ਜੋਗੀ ਸ਼ਿਵਨਾਥ ਤੇ (ਗੁਰੂ) ਅਮਰਦਾਸ ਜੀ :**

(ਗੁਰੂ) ਅਮਰਦਾਸ ਜੀ ਦੀ ਸੇਵਾ ਸਮੇਂ ਦੀਆਂ ਜੀਵਨ ਸਾਖੀਆਂ ਵਿਚ ਖਡੂਰ ਸਾਹਿਬ ਦੇ ਇਕ ਜੋਗੀ ਦਾ ਜ਼ਿਕਰ ਆਉਂਦਾ ਹੈ ਜਿਸਨੂੰ ਸਾਖੀਆਂ ਵਿਚ ਖਡੂਰ ਸਾਹਿਬ ਦਾ ਤਪਾ ਕਿਹਾ ਗਿਆ ਹੈ । ਨਾਮ ਇਸਦਾ ਸੀ ਸ਼ਿਵਨਾਥ ਅਰ ਸੀ ਇਹ ਜੋਗ ਮੱਤ ਦਾ ਧਾਰਨੀ । ਉਸ ਸਮੇਂ ਪੰਜਾਬ ਅਤੇ ਉੱਤਰੀ ਹਿੰਦੋਸਤਾਨ ਅੰਦਰ ਨਾਥ-ਪੰਥੀਆਂ ਜੋਗੀਆਂ ਅਤੇ ਜੰਤਰਾਂ ਮੰਤਰਾਂ ਵਾਲੇ ਸਾਕਤਾਂ ਦਾ ਬੜਾ ਜ਼ੋਰ ਸੀ । ਇਹਨਾਂ ਨੇ ਅਨੇਕਾਂ ਥਾਵਾਂ ਤੇ ਆਪਣੇ ਮੱਠ ਬਣਾਏ ਸਨ । ਇਕ ਪਾਸੇ ਤਾਂ ਇਹਨਾਂ ਨੇ ਘਰ-ਘਾਟ ਤਿਆਗ ਕੇ ਸਾਧ-ਮਲੰਗ ਬਣਨ ਵਾਲਾ ਰਸਤਾ ਅਖਤਿਆਰ ਕੀਤਾ, ਦੂਜੇ ਪਾਸੇ ਰਿਧੀਆਂ-ਸਿਧੀਆਂ ਦੇ ਮਾਇਆ-ਜਾਲ ਨਾਲ ਆਮ ਜਨਤਾ ਨੂੰ ਪ੍ਰਭਾਵਤ ਕਰਕੇ ਆਪਣਾ ਮੁਰੀਦ ਬਨਾਉਣ ਦਾ ਜਤਨ ਕੀਤਾ । 'ਜਗਤ ਮਿਥਿਆ ਹੈ" ਦਾ ਸਿਧਾਂਤ ਐਸੇ ਘਟੀਆ ਤਰੀਕੇ ਨਾਲ ਪਰਚਾਰਿਆ ਕਿ ਸਮਾਜ ਦਾ ਨਾਮ ਬਸਰ ਨਠੂ-ਰੁਚੀਆਂ ਦਾ ਧਾਰਨੀ ਹੋ ਗਿਆ, ਫਰਜ਼ਾਂ ਨੂੰ ਪੂਰਾ ਕਰਨ ਦੀ ਭਾਵਨਾ ਹੀ ਖਤਮ ਹੋ ਗਈ। ਮੁਲਕ ਉਤੇ ਕਿਸੇ ਦਾ ਰਾਜ ਪਿਆ ਹੋਵੇ ਜਨਤਾ ਉਤੇ ਕੋਈ ਜ਼ੁਲਮ ਕਰੇ, ਅਤਿਆਚਾਰ ਜਾਂ ਧੱਕਾ ਕਰੇ, ਇਹਨਾਂ ਜੋਗੀਆ ਦੀ ਸਿਹਤ ਤੇ ਕੋਈ ਮਾੜਾ ਜਾਂ ਚੰਗਾ ਅਸਰ ਨਹੀਂ ਪੈਂਦਾ । ਸਮਾਜ, ਭਾਈਚਾਰੇ ਅਥਵਾ ਮਨੁਖਤਾ ਪ੍ਰਤੀ ਫਰਜ਼ਾਂ ਬਾਰੇ ਸੋਚਣਾ ਇਹ ਆਪਣੇ ਦਿਮਾਗ ਉਤੇ ਵਾਧੂ ਭਾਰ ਪਾਉਣਾ ਸਮਝਦੇ ਸਨ, ਕਿਉਂਕਿ ਸਾਰਾ ਸੰਸਾਰ ਇਹਨਾਂ ਦੇ ਭਾਣੇ ਐਸਾ ਮਿਥਿਆ ਜਾਂ ਛਲਾਵਾ ਸੀ ਕਿ ਜਿਸ ਵਿਚ ਸਿਵਾਏ ਸੰਸਾਰ-ਤਿਆਗ ਦੇ ਇਹਨਾਂ ਗੋਚਰੇ ਕਰਨ ਲਈ ਕੋਈ ਕੰਮ ਹੀ ਨਹੀਂ ਸੀ ।

ਸੰਸਾਰ ਅਤੇ ਘਰ-ਘਾਟ ਤਿਆਗਣ ਦੀ ਭੈੜੀ ਰੁਚੀ ਨੇ ਇਕ ਪਾਸੇ ਤਾਂ ਇਸ ਦੇਸ਼ ਨੂੰ ਹਦੋਂ ਵੱਧ ਕਮਜ਼ੋਰ ਬਣਾ ਦਿਤਾ ਸੀ ਤੇ ਦੂਜੇ ਪਾਸੇ ਇਨ੍ਹਾਂ ਨਾਮ-ਧਰੀਕ ਤਿਆਗੀਆਂ ਦੇ ਮਨਾਂ ਵਿਚ ਹਉਮੈ, ਈਰਖਾ, ਨਫ਼ਰਤ ਅਤੇ ਆਪਣੀ ਪੂਜਾ ਅਰ ਮਾਣ ਕਰਵਾਉਣ ਦੀ ਵਾਧੂ ਲਾਲਸਾ ਪੈਦਾ ਕਰ ਦਿਤੀ ਸੀ, ਜਿਸ ਕਾਰਨ ਇਹ ਲੋਕੀ ਮਾਨਸਕ ਸ਼ਾਂਤੀ ਤੋਂ ਭੀ ਹੱਥ ਧੋ ਬੈਠੇ ਸਨ ।

ਗੁਰੂ ਨਾਨਕ ਪਾਤਸ਼ਾਹ ਦਾ ਮੱਤ ਇਸ ਮਾਮਲੇ ਵਿਚ ਬੜਾ ਸਾਫ ਅਰ ਸਪਸ਼ਟ ਸੀ । ਇਸ ਮੱਤ ਵਿਚ ਸੰਸਾਰ ਤੇ ਪਰਵਾਰ ਨੂੰ ਤਿਆਗ ਕੇ ਸਾਧ ਬਣਨ ਨੂੰ ਜੀਵਨ ਸੰਘਰਸ਼

ਤੋਂ ਬਗੋਂੜਾ ਹੋ ਜਾਣ ਦੇ ਬਰਾਬਰ ਮੰਨਿਆ ਹੈ । ਕਾਮੇ ਤੇ ਕਿਰਤੀ ਸਮਾਜ ਉਤੇ ਵਿਹਲੜ ਜੋਗੀ ਲਾਣੇ ਦਾ ਭਾਰ ਪਾਉਣਾ ਧਰਮ ਨਹੀਂ, ਅਨੱਰਥ ਹੈ । ਗੁਰੂ ਨਾਨਕ ਦੇਵ ਜੀ ਨੇ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਸੁਨਹਿਰੀ ਅਸੂਲ ਦਿਤਾ, ਜਿਸ ਅਨੁਸਾਰ ਰੱਬ ਨਾਲ ਪਿਆਰ ਸਹਿਤ ਜੁੜਨਾ ਤਾਂ ਲਾਜ਼ਮੀ ਕਰਾਰ ਦਿੱਤਾ, ਪਰ ਨਾਲ ਹੀ ਹਰ ਬੰਦੇ ਨੂੰ ਕਿਰਤ-ਕਾਰ ਕਰਨ ਤੇ ਫਿਰ ਸਾਰੇ ਮਨੁਖੀ ਭਾਈਚਾਰੇ ਨੂੰ ਆਪਣਾ ਭਾਈ ਸਮਝਕੇ ਵੰਡ-ਛੱਕਣ ਦੀ ਤਾਕੀਦ ਕੀਤੀ । ਸੰਸਾਰ ਤੇ ਪਰਵਾਰ ਨੂੰ ਤਿਆਗਣ ਦੀ ਥਾਂਵੇਂ ਸੰਸਾਰ ਅਰ ਪਰਵਾਰ ਦੇ ਮੋਹ ਨੂੰ ਤਿਆਗਣ ਦੀ ਮਹਾਨ ਸਿਖਿਆ ਦਿਤੀ ।

ਸੰਸਾਰਕ ਤੇ ਪਰਵਾਰਕ ਜੀਵਨ ਬਤੀਤ ਕਰਦਿਆਂ ਇਹਨਾਂ ਦੇ ਮੋਹ ਤੋਂ ਕਿਵੇਂ ਨਿਰਲੇਪ ਰਹਿਣਾ ਹੈ — ਇਹ ਹਕੀਕਤ ਸਮਝਾਉਣ ਲਈ ਕਮਲ ਫੁਲ ਅਤੇ ਮੁਰਗਾਈ ਦੀਆਂ ਮਿਸਾਲਾਂ ਪੇਸ਼ ਕੀਤੀਆਂ । ਕਮਲ ਪਾਣੀ ਵਿਚ ਰਹਿਕੇ ਹੀ ਖਿੜਦਾ, ਵਿਕਾਸ ਕਰਦਾ ਅਤੇ ਜੋਬਨ ਨੂੰ ਪ੍ਰਾਪਤ ਹੁੰਦਾ ਹੈ, ਪਰ ਪਾਣੀ ਨਾਲ ਉਹ ਭਿਜਦਾ ਨਹੀਂ । ਮੁਰਗਾਈ ਪਾਣੀ ਵਿਚ ਤੈਰਦੀ ਹੈ, ਪਰ ਆਪ ਪਾਣੀ ਨਾਲ ਜ਼ਰਾ ਵੀ ਭਿਜਦੀ ਨਹੀਂ । ਇਸੇ ਤਰ੍ਹਾਂ ਆਦਰਸ਼ਕ ਜੀਵਨ ਵਾਲਾ ਜਗਿਆਸੂ ਸੰਸਾਰ ਅਤੇ ਧਰਵਾਰ ਵਿਚ ਰਹਿਕੇ ਵੀ ਉਸਦੇ ਮੋਹ ਤੋਂ ਨਿਰਲੇਪ ਰਹਿੰਦਾ ਹੋਇਆ ਪ੍ਰਮੇਸ਼ਰ ਨਾਲ ਲਿਵ ਜੋੜੀ ਰਖਦਾ ਹੈ :—

**ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈਸਾਣੇ ।।**
**ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ ।।**

(ਰਾਮਕਲੀ, ਮ: ੧, ਪੰਨਾ ੯੩੮)

ਆਦਰਸ਼ਕ ਗ੍ਰਿਹਸਥੀ ਜੀਵਨ ਨੂੰ ਰੂਪਮਾਨ ਕਰਦਿਆਂ ਗੁਰਮਤ ਦੇ ਗ੍ਰਿਹਸਥ ਮਾਰਗ ਨੂੰ ਸਿਰਫ਼ ਇਕ ਹੋਰ ਜੀਵਨ ਜੁਗਤੀ ਹੀ ਨਹੀਂ ਮੰਨਿਆ, ਬਲਕਿ ਆਦਰਸ਼ਕ ਧਰਮੀ-ਗ੍ਰਿਹਸਥੀ ਜੀਵ ਨੂੰ ਇਕੋ ਇਕ ਕਾਮਯਾਬ ਜੀਵਨ ਜੁਗਤੀ ਦੇ ਤੌਰ ਤੇ ਸਨਮਾਨਿਆ ਹੈ । ਗ੍ਰਿਹਸਥੀ ਰਹਿੰਦਿਆਂ ਮਨੁਖ ਨੇ ਵਿਕਾਰਾਂ ਤੋਂ ਬਚਣਾ ਤੇ ਗੁਣ ਧਾਰਨ ਵਾਲੇ ਰਸਤੇ ਤੇ ਚਲਣਾ ਹੈ । ਯਥਾ :—

**ਸੋ ਗਿਰਹੀ, ਜੋ ਨਿਗ੍ਰਹੁ ਕਰੈ ।। ਜਪੁ ਤਪੁ ਸੰਜਮੁ ਭੀਖਿਆ ਕਰੈ ।।**
**ਪੁੰਨ ਦਾਨ ਕਾ ਕਰੇ ਸਰੀਰੁ ।। ਸੋ ਗਿਰਹੀ ਗੰਗਾ ਕਾ ਨੀਰੁ ।।**

(ਰਾਮਕਲੀ,ਮ: ੧)

ਗੁਰਮਤ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਤਾਂ ਅਨੇਕਾਂ ਮਿਸਾਲਾ ਦੇ ਕੇ ਗੁਰਮਤ ਦੇ ਦਰਸਾਏ ਧਰਮ-ਗ੍ਰਿਹਸਥੀ ਮਾਰਗ ਨੂੰ ਸਭ ਤੋਂ ਵਧੀਆ ਅਰ ਪਰਧਾਨ ਧਰਮ ਮੰਨਿਆ ਹੈ । ਯਥਾ :—

**ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ਰ ਬਡੋ,**
**ਮੇਰ ਮੈ ਸੁਮੇਰ ਬਡੋ, ਜਗਤ ਬਖਾਨਿ ਹੈ ।।**
**ਤਰਵਰ ਬਿਖੈ ਜੈਸੇ ਚੰਦਨ ਬਿਰਖ ਬਡੋ,**
**ਧਾਤਨ ਮੈ ਕਨਕ ਅਤਿ ਉਤਮ ਕੈ ਮਾਨਿ ਹੈ ।।**

ਪੰਛਨ ਮੈ ਹੰਸ, ਮ੍ਰਿਗ ਰਾਜਨ ਮੈ ਸਰਦੂਲ,
ਰਾਗਨ ਮੈ ਸਿਰੀ ਰਾਗ ਪਾਰਸ ਬਖਾਨ ਹੈ।।
ਗਿਆਨਨ ਮੈ ਗਿਆਨ ਅਰ ਧਿਆਨਨ ਮੈ ਧਿਆਨ ਗੁਰ,
ਸਕਲ ਧਰਮ ਮੈ ਗ੍ਰਿਹਸਤ ਪਰਧਾਨ ਹੈ ।।

ਗੁਰੂ ਨਾਨਕ ਦੇਵ ਜੀ ਨੇ ਜਦ ਆਪਣੇ ਸੱਚ ਧਰਮ ਦਾ ਭਰਵਾਂ ਪਰਚਾਰ ਕਰਕੇ ਜੋਗੀਆਂ ਦੇ ਪ੍ਰਭਾਵ ਨੂੰ ਕਈ ਥਾਵਾਂ ਤੇ ਖਤਮ ਕੀਤਾ ਅਤੇ ਕਈ ਥਾਵਾਂ ਤੇ ਜੋਗੀਆਂ ਦਾ ਗਲਤ ਪ੍ਰਭਾਵ ਬਹੁਤ ਘਟ ਗਿਆ ਤਦ ਇਹ ਗਲ ਤਾਂ ਸੁਭਾਵਕ ਹੀ ਸੀ ਕਿ ਉਹ ਗੁਰਮਤ ਅਥਵਾ ਗੁਰੂ ਨਾਨਕ ਪਾਤਸ਼ਾਹ ਦਾ ਟਾਕਰਾ ਮਜ਼ਬੂਤ ਹੋ ਕੇ ਕਰਦੇ । ਸੁਮੇਰ ਪਰਬਤ, ਗੋਰਖਮਤਾ, ਕਦਲੀ ਬਨ ਆਦਿਕ ਅਨੇਕਾਂ ਥਾਵਾਂ ਤੇ ਜੋਗੀਆਂ ਦੇ ਝੁੰਡਾਂ ਦੇ ਝੁੰਡ ਗਿਆਨ-ਭੇੜ ਅਥਵਾ ਸਿਧਾਂਤਕ ਗੋਸ਼ਟਾਂ ਕਰਨ ਹਿਤ ਜ਼ਾਹਿਰ ਹੋਏ । ਹਰ ਥਾਂ ਆਪਣੇ ਥੋਥੇ ਅਰ ਫੁਕਲੇ ਸਿਧਾਂਤਾਂ ਕਾਰਨ ਗੁਰੂ ਨਾਨਕ ਸਾਹਿਬ ਹਥੋਂ ਜ਼ਲੀਲ ਹੋਏ । ਅਨੇਕਾਂ ਜੋਗੀ ਤਾਂ ਆਪਣੀ ਮਨਮਤ ਛੱਡਕੇ ਗੁਰੂ ਨਾਨਕ ਮਤ ਦੇ ਧਾਰਨੀ ਬਣੇ , ਅਤੇ ਕੁਝ ਕੁ ਅੜੀਅਲ ਹੱਠ ਕਰਕੇ ਜੋਗ ਮਤ ਦਾ ਬੀਜ ਨਾਸ ਹੋਣੋਂ ਬਚਾਉਣ ਦਾ ਜਤਨ ਕਰਦੇ ਰਹੇ । ਉਂਝ ਮਨ ਹੀ ਮਨ ਇਹਨਾਂ ਨੂੰ ਹਦੋਂ ਪਰੇ ਜ਼ਲਾਲਤ ਦਾ ਮੂੰਹ ਵੇਖਣਾ ਪੈਂਦਾ ਰਿਹਾ । ਅੱਚਲ ਵਟਾਲੇ ਵਿਖੇ ਸ਼ਿਵਰਾਤ ਦੇ ਮੇਲੇ ਸਮੇਂ ਜੋਗੀਆਂ ਨੇ ਗੁਰੂ ਨਾਨਕ ਪਾਤਸ਼ਾਹ ਨਾਲ ਆਖ਼ਰੀ ਅਸਫਲ ਪੰਗਾ ਪਾਇਆ, ਜਿਸ ਵਿਚ ਆਮ ਜਨਤਾ ਦੇ ਭਰੇ ਇਕੱਠ ਵਿਚ ਗੁਰੂ ਨਾਨਕ ਸਾਹਿਬ ਨੇ ਉਹਨਾਂ ਦੇ ਪੰਥ ਤੇ ਫੁਕਲੇ ਮੱਤ ਦਾ ਬਖੀਆ ਉਧੇੜ ਕੇ ਰੱਖ ਦਿਤਾ ।

ਗੁਰੂ ਨਾਨਕ ਸਾਹਿਬ ਨੇ ਤਾਂ ਕਦੀ ਵੀ ਦਰਅਸਲ ਗ੍ਰਿਹਸਥ ਨਹੀਂ ਸੀ ਤਿਆਗਿਆ। ਹਾਂ, ਪਰੋਪਕਾਰ ਦੀ ਭਾਵਨਾ ਕਾਰਨ ਸੜਦੀ ਬਲਦੀ ਲੋਕਾਈ ਵਿਚ ਸੱਚ ਧਰਮ ਦੀ ਠੰਡਕ ਪੁਚਾਉਣ ਲਈ ਲੰਬੇ-ਲੰਬੇ ਪਰਚਾਰਕ ਦੌਰੇ ਜ਼ਰੂਰ ਕੀਤੇ ਜਿਹਨਾਂ ਨੂੰ ਉਦਾਸੀਆਂ ਦੀ ਸੰਗਿਆ ਦਿਤੀ ਗਈ । ਅੱਚਲ ਵਟਾਲੇ ਦੇ ਮੇਲੇ ਸਮੇਂ ਗੁਰੂ ਨਾਨਕ ਸਾਹਿਬ ਨੂੰ ਆਮ ਗ੍ਰਿਹਸਥੀਆਂ ਦੇ ਲਿਬਾਸ ਵਿਚ ਦੇਖ ਕੇ ਜੋਗੀਆਂ ਨੇ ਆਪਣੀ ਅਲਪ ਬੁਧੀ ਦੀ ਕਸਵਟੀ ਦੇ ਆਧਾਰ ਤੇ ਉਟੰਕਣ ਕੀਤਾ, ਜਿਸ ਵਿਚ ਘਰ-ਘਾਟ ਛਡਕੇ ਤਿਆਗੀ ਸਾਧ ਬਣਨ ਨੂੰ ਦੁੱਧ ਤੇ ਗ੍ਰਿਹਸਥ ਮਾਰਗ ਨੂੰ ਕਾਂਜੀ ਦਸਕੇ ਭੁਟਿਆਣਾ ਚਾਹਿਆ । ਆਮ ਜਨਤਾ ਵਿਚ ਜਦ ਜੋਗੀਆਂ ਨੂੰ ਇਹ ਕਹਿ ਕੇ ਜ਼ਲੀਲ ਕੀਤਾ, ਕਿ ਹੈ ਮੂਰਖ ਜੋਗੀਓ ਜੇ ਤੁਸੀਂ ਆਪਣੇ ਆਪ ਨੂੰ ਗਿਰਸਹਥੀਆਂ ਤੋਂ ਇਤਨਾ ਹੀ ਜ਼ਿਆਦਾ ਉੱਚਾ, ਚੰਗਾ ਤੇ ਪਵਿਤਰ ਮਨੰਦੇ ਹੋ, ਤਾਂ ਫੇਰ ਕੀ ਕਾਰਨ ਹੈ ਕਿ ਉਹਨਾਂ ਅਪਵਿਤਰ ਤੇ ਨੀਵੇਂ ਗ੍ਰਿਹਥੀਆਂ ਦੇ ਘਰੋਂ ਹੀ ਆਪਣੀ ਉਦਰ-ਪੂਰਤੀ ਲਈ ਭਿਖਿਆ ਮੰਗਣ ਜਾਂਦੇ ਹੋ । ਇਸ ਗੋਸ਼ਟ ਨੂੰ ਭਾਈ ਗੁਰਦਾਸ ਜੀ ਨੇ ਬਹੁਤ ਸੁਹਣਾ ਬਿਆਨ ਕੀਤਾ ਹੈ । ਯਥਾ :

" ਖਾਧੀ ਖੁਣਸ ਜੁਗੀਸਰਾਂ, ਗੋਸ਼ਟ ਕਰਨਿ ਸਭੇ ਉਠਿ ਆਈ ।।
ਪੁਛੇ ਜੋਗੀ ਭੰਗਰਿਨਾਥ, ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ ।।

ਵਿਟਿਆ ਚਾਟਾ ਦੁਧ ਦਾ, ਰਿੜਕਿਆਂ ਮਖਣ ਹਥਿ ਨਾ ਆਈ ।।
ਭੇਖੁ ਉਤਾਰਿ ਉਦਾਸ ਦਾ, ਵਤਿ ਕਿਉ ਸੰਸਾਰੀ ਰੀਤਿ ਚਲਾਈ ।।
ਨਾਨਕ ਆਖੇ ਭੰਗਰ ਨਾਥ, ਤੇਰੀ ਮਾਉ ਕੁਚਜੀ ਆਹੀ ।।
ਭਾਂਡਾ ਧੋਇ ਨ ਜਾਤਿਓਨਿ, ਭਾਇ ਕੁਚਜੇ ਫੁਲ ਸੜਾਈ ।।
ਹੋਇ ਅਤੀਤੁ ਗ੍ਰਿਹਸਤ ਤਜਿ ਫਿਰ ਉਨਹੂ ਕੇ ਘਰ ਮੰਗਣਿ ਜਾਈ ।।
ਬਿਨੁ ਦਿਤੇ ਕਛੁ ਹਥ ਨ ਆਈ ।।

ਅੱਚਲ ਵਟਾਲੇ ਵਿਚ ਤਾਂ ਸੱਚ ਪੁਛੋ ਜੋਗੀਆਂ ਦਾ ਲੱਕ ਹੀ ਟੁਟ ਗਿਆ ਸੀ । ਆਮ ਜਨਤਾ ਵਿਚ ਉਹਨਾਂ ਦਾ ਥੋਥਾਪਣ ਉਘੜ ਗਿਆ ਅਰ ਗੁਰੂ ਨਾਨਕ ਮੱਤ ਦਾ ਬੋਲਬਾਲਾ ਹੋਇਆ । ਪਰ ਬੀਜ ਮਾਤਰ ਕਈ ਥਾਈਂ ਆਪਣਾ ਆਪ ਬਚਾ ਬਚੇ-ਖੁਚੇ ਪ੍ਰਾਣੀ ਆਪਣੀ ਸ਼ਾਖ ਦੁਬਾਰਾ ਬਣਾਉਣ ਲਈ ਹੱਥ-ਪੈਰ ਮਾਰ ਰਹੇ ਸਨ । ਖਡੂਰ ਸਾਹਿਬ ਵਿਖੇ ਭੀ ਜੋਗੀਆਂ ਦਾ ਇਕ ਮਜ਼ਬੂਤ ਮੱਠ ਸੀ । ਇਥੇ ਮੱਠ ਦਾ ਇਨਚਾਰਜ ਇਕ ਕੰਨ੍ਹ-ਪਾਟਾ ਸ਼ਿਵਨਾਥ ਜੋਗੀ ਸੀ । ਜਦ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਨੇ ਸਿੱਖੀ ਦਾ ਮਜ਼ਬੂਤ ਕੇਂਦਰ ਬਣਾ ਕੇ ਗੁਰਮਤ-ਮਾਰਤੰਡ ਦੀਆਂ ਕਿਰਨਾਂ ਬਖੇਰੀਆਂ, ਇਹ ਜੋਗੀ ਆਪਣੇ ਮੱਤ ਦੇ ਥੋਥੇਪਨ ਨੂੰ ਮੁਖ ਰਖਕੇ ਕਿਤੇ ਬਾਹਰ ਖਿਸਕ ਤੁਰਿਆ । ਇਸਨੇ ਇਸ ਆਸ ਨਾਲ ਦੜ੍ਹ ਵਟ ਲਈ ਸੀ, ਕਿ ਆਉਣ ਵਾਲੇ ਸਮੇਂ ਕਦੀ ਤਾਂ ਭਲੇ ਦਿਨ ਆਉਣਗੇ । ਜੋਗੀ ਦਾ ਡੇਰਾ ਖਾਲੀ ਜਿਹਾ ਹੋ ਗਿਆ । ਕਈ ਬਰਸ ਅਰ ਮਹੀਨੇ ਜੋਗੀ ਵਾਪਸ ਨਾ ਪਰਤਿਆ । ਕਈਆਂ ਨੇ ਸਮਝਿਆ ਕਿ ਜੋਗੀ ਚੜ੍ਹਾਈ ਕਰ ਗਿਆ ਹੋਣਾ ਹੈ, ਪਰ ਸ਼ਿਵਨਾਥ ਕੰਨ੍ਹਪਾਟੇ ਦਾ ਸਰੀਰ ਦੇਵਤਿਆਂ ਦੀ ਇਸ ਪਵਿਤਰ ਭੂਮੀ ਵਿਚ ਅਜੇ ਕਾਇਮ ਸੀ ।

ਭੌਂਦਿਆਂ-ਭਟਕਦਿਆਂ ਫਿਰ ਖਡੂਰ ਸਾਹਿਬ ਆ ਵਜਿਆ । ਉਸਦੇ ਚੇਟਕੀ ਤੇ ਕਰੋਧੀ ਸੁਭਾਅ ਤੋਂ ਹਰ ਕੋਈ ਚੰਗੀ ਤਰ੍ਹਾਂ ਜਾਣੂ ਸੀ । ਗੁਰੂ ਸਾਹਿਬ ਦੇ ਖਡੂਰ ਸਾਹਿਬ ਜਾਣ ਤੋਂ ਪਹਿਲਾ ਉਸਦਾ ਨਗਰ ਵਿਚ ਬਹੁਤ ਰੁਹਬ ਤੇ ਦਬਦਬਾ ਜਿਹਾ ਸੀ । ਹੁਣ ਤਕ ਖਡੂਰ ਸਾਹਿਬ ਦੇ ਲੋਕ ਗੁਰੂ ਅੰਗਦ ਦੇਵ ਜੀ ਦੀ ਮਹਾਨ ਮਿੱਠੀ ਤੇ ਪਿਆਰੀ ਸ਼ਖਸੀਅਤ ਅਰ ਉਹਨਾਂ ਦੇ ਉਪਦੇਸਾਂ ਤੋਂ ਭੀ ਕੁਝ ਨਾ ਕੁਝ ਜ਼ਰੂਰ ਵਾਕਫ ਹੋ ਗਏ ਸਨ । ਖਡੂਰ ਦੇ ਲੋਕਾਂ ਨੇ ਜੋਗੀ ਸ਼ਿਵਨਾਥ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰ ਦਿਤਾ ਤੇ ਕਿਸੇ ਨੇ ਵਾਤ ਨ ਪੁਛੀ । ਜੋਗੀ ਨੇ ਖੁਣਸ ਖਾਧੀ ਤੇ ਗੁਰੂ ਅੰਗਦ ਦੇਵ ਜੀ ਨਾਲ ਈਰਖਾ ਕਰਨ ਲਗਾ । ਉਹ ਕਿਸੇ ਐਸੇ ਮੌਕੇ ਦੀ ਤਲਾਸ਼ ਵਿਚ ਸੀ ਜਦ ਉਹ ਗੁਰਮਤ ਪਰਚਾਰ ਦੇ ਰਾਹ ਵਿਚ ਰੁਕਾਵਟ ਖੜੀ ਕਰ ਸਕੇ । ਕਰਨੀ ਕਰਤਾਰ ਦੀ ਕਿ ਉਸ ਸਾਲ ਮੀਂਹ ਉੱਕਾ ਨ ਪਿਆ । ਕਿਸਾਨਾਂ ਦੀ ਖੇਤੀ ਬਾੜੀ ਮੀਂਹ ਆਸਰੇ ਹੀ ਸੀ । ਭਾਦਰੋਂ ਵੀ ਲੰਘਦਾ ਦਿਸ ਰਿਹਾ ਸੀ । ਮੀਂਹ ਨਾ ਪੈਣ ਕਾਰਨ ਕਿਸਾਨ ਦੁਖੀ ਸਨ । ਹਰੀਆਂ ਖੇਤੀਆਂ ਵੀ ਸੁਕਣ ਲਗੀਆਂ । ਮੀਂਹ ਤਾਂ ਰੱਬ ਦੀ ਖੇਡ ਹੈ, ਕਦੀ ਪਹਿਲੇ ਵਸ ਪੈਂਦਾ ਹੈ ਕਦੀ ਪਿਛੇ, ਕਦੀ ਬਹੁਤ ਵੱਧ ਕਦੀ ਘੱਟ ।

ਕੰਨ੍ਹ ਪਾਟੇ ਨੇ ਮੌਕੇ ਤੋਂ ਫਾਇਦਾ ਉਠਾਉਣ ਲਈ ਹੱਥ-ਪੈਰ ਮਾਰਨੇ ਸ਼ੁਰੂ ਕੀਤੇ। ਲੋਕਾਂ ਨੂੰ ਕਹਿਣ ਲੱਗਾ —— 'ਮੀਂਹ ਕਿਵੇਂ ਪਏ ? ਤੁਹਾਡੇ ਪਾਪਾਂ ਦਾ ਫਲ ਤਾਂ ਅੰਤ ਮਿਲਣਾ ਹੀ ਹੈ ਨਾ। ਸ਼ਾਸ਼ਤਰਾਂ ਦੀ ਮਰਯਾਦਾ ਤੋੜ ਕੇ ਤੁਸੀਂ ਸਾਨੂੰ ਬ੍ਰਹਮਚਾਰੀ ਸਾਧਾਂ ਨੂੰ ਛੱਡ ਕੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਬਣਾ ਲਿਆ ਹੈ, ਜੋ ਇਕ ਗ੍ਰਿਹਸਥੀ ਅਰ ਬਾਲ-ਬਚੇ-ਦਾਰ ਹਨ। ਗੁਰੂ ਕੇਵਲ ਅਸੀਂ ਬਣ ਸਕਦੇ ਸਾਂ। ਸਾਨੂੰ ਛੱਡ ਕੇ ਗੁਰੂ ਅੰਗਦ ਦੇਵ ਜੀ ਨੂੰ ਮੰਨਣ ਨਾਲ ਇਹ ਉਪੱਦਰ ਪਰਗਟ ਹੋਣਾ ਹੀ ਸੀ। ਕੁਝ ਸਿਆਣਿਆਂ ਨੇ ਗੁਰੂ ਜੀ ਦੇ ਮਹਾਨ ਗੁਣਾਂ ਦਾ ਜ਼ਿਕਰ ਵੀ ਕਰ ਦਿਤਾ ਅਰ ਸਾਫ ਕਿਹਾ ਕਿ ਗੁਰੂ ਜੀ ਸਭ ਨੂੰ ਸ਼ੁਭ ਅਮਲਾਂ ਦਾ ਉਪਦੇਸ਼ ਦਿੰਦੇ ਹਨ, ਸਭ ਦਾ ਭਲਾ ਕਰਦੇ ਹਨ, ਪ੍ਰਭੂ-ਨਾਮ ਦਾ ਸਾਖਸ਼ਤ ਸਰੂਪ ਹਨ। ਇਸ ਗੱਲ ਨੇ ਸਗੋਂ ਬਲਦੀ ਤੇ ਤੇਲ ਦਾ ਕੰਮ ਕੀਤਾ। ਕਹਿਣ ਲੱਗਾ ਜੇ ਗੁਰੂ ਸਾਹਿਬ ਇਤਨੇ ਕਲਾਵਾਨ ਹਨ, ਤਾਂ ਉਹਨਾਂ ਨੂੰ ਕਹੋ, ਮੀਂਹ ਪੁਆ ਦੇਣ। ਵਿਨਾਸ਼ ਕਾਲੇ ਵਿਪਰੀਤ ਬੁਧੀ, ਇਥੇ ਤੀਕ ਈਰਖਾਲੂ ਕੰਨ੍ਹਪਾਟਾ ਅਗੇ ਵੱਧ ਗਿਆ ਕਿ ਕਹਿਣ ਲੱਗਾ, ਤੁਸੀਂ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਤੋਂ ਕੱਢ ਦੇਵੋ, ਮੈਂ ਆਪ ਮੀਂਹ ਵਸਾ ਦੇਵਾਂਗਾ।

ਗੁਰੂ ਜੀ ਤਾਂ ਸਦਾ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਉਦਮ ਕਰਨ ਦੀ ਪ੍ਰੇਰਨਾ ਕਰਦੇ ਸਨ, ਪਰ ਪਿੰਡ ਦੇ ਕਿਸਾਨ ਕੰਨ੍ਹਪਾਟੇ ਸ਼ਿਵਨਾਥ ਦੀਆਂ ਗੱਲਾਂ ਵਿਚ ਆ ਗਏ। ਕੁਝ ਕਿਸਾਨ ਚੁਕੇ-ਚੁਕਾਏ ਗੁਰੂ ਜੀ ਕੋਲ ਆਏ ਤੇ ਆ ਕੇ ਕਹਿਣ ਲਗੇ ਕਿ ਜਾਂ ਤਾਂ ਮੀਂਹ ਪੁਆ ਦੇਵੋ ਜਾਂ ਨਗਰ ਛੱਡ ਦਿਓ, ਕਿਉਂਕਿ ਜੋਗੀ ਕੰਨ੍ਹਪਾਟੇ ਦੇ ਕਹੇ ਮੁਤਾਬਕ ਮੀਂਹ ਆਪਦੇ ਕਾਰਨ ਰੁਕਿਆ ਪਿਆ ਹੈ। ਜ਼ਿਮੀਂਦਾਰ ਔੜ ਹੱਥੋਂ ਬਹੁਤ ਤੰਗ ਆਏ ਹੋਏ ਸਨ। ਇਸ ਤੰਗੀ ਕਾਰਨ ਹੀ ਉਹ ਗੁਰੂ ਸਾਹਿਬ ਤੋਂ ਈਮਾਨ ਤਿਆਗ ਬੈਠੇ ਸਨ।

ਗੁਰੂ ਜੀ ਨੇ ਤਾਂ ਸਦਾ ਸਭ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿਣ ਦੀ ਸਿਖਿਆ ਦਿਤੀ ਸੀ। ਇਹੋ ਸਿਧਾਂਤ ਤਾਂ ਧਰਮ ਅਤੇ ਭਗਤੀ ਦਾ ਮੂਲ ਤੱਤ ਹੈ। ਲੋਕਾਂ ਦੇ ਭਰਮ ਨੂੰ ਜੜ੍ਹੋਂ ਕੱਟਣ ਲਈ ਆਪ ਜੀ ਨੇ ਖਡੂਰ ਸਾਹਿਬ ਛੱਡ ਦਿਤਾ ਤੇ ਭੈਰੋਵਾਲ ਆਦਿਕ ਤੋਂ ਹੁੰਦੇ ਹੋਏ ਖਾਨ ਰਜਾਦੇ ਦੀ ਜੂਹ ਵਿਚ ਜਾ ਡੇਰਾ ਲਾਇਆ। ਤੁੜ ਆਦਿ ਪਿੰਡਾਂ ਵਿਚ ਵੀ ਪਰਚਾਰ ਕੀਤਾ। ਟਿਕਾਣਾ ਕਰਨ ਵਾਲੀ ਥਾਂ ਤੇ ਪਿੰਡ ਖਾਨ ਛਾਪਰੀ ਵੱਸ ਗਿਆ।

ਇਹਨਾਂ ਦਿਨਾਂ ਵਿਚ (ਗੁਰੂ) ਅਮਰਦਾਸ ਜੀ ਗੁਰੂ ਹੁਕਮ ਅਨੁਸਾਰ ਕੰਮ ਲਈ ਆਪਣੇ ਪਿੰਡ ਬਾਸੰਰਕੇ ਗਏ ਹੋਏ ਸਨ। ਖਡੂਰ ਸਾਹਿਬ ਵਾਪਸ ਆ ਕੇ ਸਾਰੇ ਹਾਲਾਤ ਦੇਖੇ ਤਾਂ ਦੰਗ ਰਹਿ ਗਏ ਅਰ ਬੜੇ ਦੁਖੀ ਹੋਏ। ਗੁਰੂ ਅੰਗਦ ਦੇਵ ਜੀ ਜੈਸੀ ਧਰਮ, ਪਰਉਪਕਾਰ ਤੇ ਰੱਬੀ ਪਿਆਰ ਦੀ ਸਾਖਸ਼ਾਤ ਮੂਰਤ ਨਾਲ ਈਰਖਾ ਕਰਕੇ ਨਿਰਾਦਰ ਕਰਨ ਵਾਲੇ ਸ਼ਵਨਾਥ ਕੰਨ੍ਹਪਾਟੇ ਨਾਲ ਸਹੀ ਢੰਗ ਨਾਲ ਨਿਬੜਨ ਦਾ ਫੈਸਲਾ (ਗੁਰੂ) ਅਮਰਦਾਸ ਜੀ ਨੇ ਕਰ ਲਿਆ। ਸੱਚਾ ਗੁਰਸਿੱਖ ਆਪਣੇ ਗੁਰੂ ਦਾ ਨਿਰਾਦਰ ਕਿਵੇਂ ਬਰਦਾਸ਼ਤ ਕਰ ਸਕਦਾ ਹੈ ? (ਗੁਰੂ) ਅਮਰਦਾਸ ਜੀ ਇਹ ਗੱਲ ਵੀ ਭਲੀ ਭਾਂਤ ਸਮਝਦੇ ਸਨ ਕਿ ਜੋਗੀ

ਸ਼ਿਵਨਾਥ ਲੋਕਾਂ ਨੂੰ ਸੱਚ ਧਰਮ ਦਾ ਉਪਦੇਸ਼ ਦੇਣ ਦੀ ਥਾਂ ਭਰਮਾਂ - ਵਹਿਮਾਂ ਵਿਚ ਭਟਕਾਏਗਾ ਅਤੇ ਇਸ ਤਰ੍ਹਾਂ ਉਹਨਾਂ ਦਾ ਆਤਮਕ ਜੀਵਨ ਵੀ ਬਰਬਾਦ ਕਰ ਦੇਵੇਗਾਂ ।

ਜੋਗੀ ਦੀ ਚੁਕਣਾ ਵਿਚ ਲਗਪਗ ਸਾਰਾ ਨਗਰ ਹੀ ਕੁਰਾਹੇ ਪਿਆ ਹੋਇਆ ਸੀ । ਅਜਿਹੀ ਹਾਲਤ ਵਿਚ (ਗੁਰੂ) ਅਮਰਦਾਸ ਜੀ ਦੀ ਥਾਂ ਕੋਈ ਹੋਰ ਹੁੰਦਾ, ਤਾਂ ਵਿਰੋਧੀਆਂ ਦੀ ਬਹੁ-ਗਿਣਤੀ ਨੂੰ ਵੇਖ ਕੇ ਜ਼ਰੂਰ ਘਬਰਾ ਜਾਂਦਾ । (ਗੁਰੂ) ਅਮਰਦਾਸ ਜੀ ਨੇ ਮਹਾਨ ਦ੍ਰਿੜਤਾ ਦਾ ਸਬੂਤ ਪੇਸ਼ ਕੀਤਾ । ਆਪ ਨਗਰ ਦੇ ਹਰ ਮੁਖੀ ਨੂੰ ਮਿਲੇ । ਆਪਣੇ ਬਚਨਾਂ ਨਾਲ ਉਹਨਾਂ ਦੀ ਅੰਤਰ-ਆਤਮਾ ਨੂੰ ਝੰਜੋੜ ਸੁਟਿਆ ਅਤੇ ਨਗਰ ਦੇ ਵਾਸੀਆਂ ਅਤੇ ਮੁਖੀਆਂ ਨੂੰ ਉਹਨਾਂ ਦੀ ਮੂਰਖਤਾ ਅਤੇ ਕੰਨ੍ਹਪਾਟੇ ਜੋਗੀ ਦੀ ਕੁਟਲਤਾ ਅਰ ਈਰਖਾ ਨੂੰ ਉਘਾੜ ਕੇ ਰੱਖ ਨੰਗਾ ਕਰ ਦਿਤਾ । ਅੱਠ ਦਿਨਾਂ ਤੋਂ ਭੀ ਵੱਧ ਸਮਾਂ ਹੋ ਚੁਕਿਆ ਸੀ । ਪਰ ਮੀਂਹ ਫੇਰ ਵੀ ਨਹੀਂ ਸੀ ਪਿਆ । ਕਿਸਾਨਾਂ ਤੇ ਨਗਰਵਾਸੀਆਂ ਰਾਹੀਂ (ਗੁਰੂ) ਅਮਰਦਾਸ ਜੀ ਨੇ ਸ਼ਿਵਨਾਥ ਨੂੰ ਸਿੱਧੀ ਗੱਲ ਕਹਿ ਦਿਤੀ ਕਿ ਹੁਣ ਤਕ ਉਹ ਆਪਣੀ ਕਰਾਮਾਤ ਨਾਲ ਵਰਖਾ ਪਾ ਕੇ ਦੱਸੈ, ਨਹੀਂ ਤੇ ਆਪਣੇ ਈਰਖਾ ਦਾ ਭਰੇ ਕਰਮਾਂ ਦਾ ਫਲ ਭੁਗਤਣ ਲਈ ਤਿਆਰ ਹੋ ਜਾਵੇ ।

ਵਰਖਾ ਉੱਕੀ ਨਾ ਹੋਣ ਕਾਰਨ ਅਗੇ ਹੀ ਕਿਸਾਨ ਬਹੁਤ ਤੰਗ ਆ ਚੁਕੇ ਸਨ । ਉਤੋਂ (ਗੁਰੂ) ਅਮਰਦਾਸ ਜੀ ਨੇ ਉਹਨਾਂ ਨੂੰ ਉਹਨਾਂ ਦੀ ਮਹਾਨ ਗਲਤੀ ਅਰ ਅਪਰਾਧ ਦਾ ਅਹਿਸਾਸ ਕਰਵਾ ਦਿਤਾ ਸੀ । ਗੁਰੂ ਅੰਗਦ ਦੇਵ ਜੀ ਦੀ ਪਿਆਰੀ, ਮਿੱਠੀ ਤੇ ਪਰਉਪਕਾਰੀ ਸ਼ਖ਼ਸੀਅਤ ਅਤੇ ਉਹਨਾਂ ਨਾਲ ਕੀਤੇ ਦੁਰ-ਵਿਉਹਾਰ ਕਾਰਨ ਨਗਰ ਵਾਸੀ ਤੇ ਕਿਸਾਨ ਬਾਰ ਬਾਰ ਪਛਤਾ ਰਹੇ ਸਨ । ਉਧਰ ਗੁਰੂ ਅੰਗਦ ਦੇਵ ਜੀ ਤੋਂ ਬੇਮੁਖ ਹੋਏ ਅਤੇ ਇਧਰ ਸ਼ਿਵਨਾਥ ਜੋਗੀ ਦੀ ਬਾਰਸ਼ ਕਰਵਾ ਦੇਣ ਦੀ ਫੜ ਪੂਰੀ ਨਾ ਹੋ ਸਕਣ ਕਾਰਨ ਔਖੇ ਸਨ । ਜੋਗੀ ਸ਼ਿਵਨਾਥ ਕਰੋਧੀ ਸੁਭਾਅ ਦਾ ਈਰਖਾਲੂ ਪੁਰਖ ਸੀ ।

ਵਰਖਾ ਕਰਾ ਸਕਣ ਦਾ ਤੁਕਾ ਤਾਂ ਲੱਗ ਨ ਸਕਿਆ ਅਤੇ ਲੋਕਾਂ ਦੇ ਤਾਹਣਿਆਂ ਮਿਹਣਿਆਂ ਨੂੰ ਨਾ ਸਹਾਰਦਾ ਹੋਇਆ ਬਹਾਨੇ ਬਾਜ਼ੀਆਂ ਭਾਲਣ ਲੱਗ ਪਿਆ । ਕਦੀ ਕਹੇ ਕਿ ਨਗਰ ਵਾਲਿਆਂ ਨੇ ਗੁਰੂ ਅੰਗਦ ਦੇਵ ਜੀ ਨੂੰ ਮੰਨ ਕੇ ਬਹੁਤ ਵੱਡਾ ਪਾਪ ਕੀਤਾ ਸੀ, ਇਸ ਲਈ ਕੰਨ੍ਹਪਾਟੇ ਦੇ ਮੰਤਰ-ਜੰਤਰ ਵੀ ਵਰਖਾ ਕਰਾ ਸਕਣ ਦੇ ਸਮਰਥ ਨਹੀਂ ਹੋ ਰਹੇ । ਲੋਕੀਂ ਹੁਣ ਤਕ ਸਭ ਗੱਲ ਸਮਝ ਚੁਕੇ ਸਨ । ਇਹ ਗੱਲ ਵੀ ਉਹ ਸਮਝ ਚੁਕੇ ਸਨ ਕਿ ਗੁਰੂ ਅੰਗਦ ਦੇਵ ਜੀ ਨੂੰ ਈਰਖਾ ਵੱਸ ਨਗਰ ਵਿਚੋਂ ਕਢਵਾਉਣ ਦਾ ਮਹਾਂ ਅਪਰਾਧ ਸ਼ਿਵਨਾਥ ਨੇ ਕੀਤਾ ਕਰਵਾਇਆ ਸੀ । ਲੋਕਾਂ ਨੂੰ ਜਦ ਅਸਲੀਅਤ ਉਘੜ ਗਈ, ਉਹ ਕਾਬੂ ਤੋਂ ਬਾਹਰ ਹੋ ਗਏ । ਉਹਨਾਂ ਨੇ ਸ਼ਿਵਨਾਥ ਨੂੰ ਗਲੋਂ ਧੂਹ ਕੇ ਖਿੱਚਾ ਧੂਹੀ ਕਰਕੇ ਐਸਾ ਘਸੀਟਿਆ ਕਿ ਸ਼ਿਵਨਾਥ ਚੜ੍ਹਾਈ ਕਰ ਗਿਆ। ਕਰਨੀ ਕਰਤਾਰ ਦੀ ਕਿ ਇਸ ਸਮੇਂ ਖਡੂਰ ਸਾਹਿਬ ਆਸਮਾਨ ਤੇ ਬੱਦਲ ਛਾ ਗਏ ਅਤੇ ਰਜਵੀਂ ਬਾਰਸ਼ ਹੋਈ । ਪੁਰਤਨ ਗਰੰਥਾਂ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ (ਗੁਰੂ) ਅਮਰਦਾਸ ਜੀ ਨੇ ਸਹਿਜ ਸੁਭਅ

ਇਹ ਕਹਿ ਦਿਤਾ ਸੀ ਕਿ ਵਰਖਾ ਕੇਵਲ ਉਹਨਾਂ ਖੇਤਾਂ ਤੇ ਹੋਵੇਗੀ ਜਿਹਨਾਂ ਵਿਚ ਸ਼ਿਵਨਾਥ ਦਾ ਸਰੀਰ ਘਸੀਟਿਆਂ ਜਾਏਗਾ । ਸੂਰਜ ਅਸਤ ਤੋਂ ਪਹਿਲਾਂ ਹੀ ਆਪਣੇ ਆਪਣੇ ਖੇਤਾਂ ਵਿੱਚ ਵਰਖਾ ਕਰਾਉਣ ਲਈ ਜੱਟ ਖਿਚਾ ਧੂਹੀ ਨਾਲ ਸ਼ਿਵਨਾਥ ਦੇ ਸਰੀਰ ਨੂੰ ਖੇਤਾਂ ਵਿਚ ਘਸੀਟਣ ਲਗ ਗਏ । ਕੁਝ ਵੀ ਹੋਵੇ, ਇਸ ਘਟਨਾ ਤੋਂ (ਗੁਰੂ) ਅਮਰਦਾਸ ਜੀ ਦੀ ਗੁਰੂ ਪ੍ਰਤੀ ਅਨੰਨ ਸ਼ਰਧਾ, ਅਰ ਭਗਤੀ ਭਾਵਨਾ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ।

ਗੁਰੂ ਅੰਗਦ ਦੇਵ ਜੀ ਨੂੰ ਜਦ ਇਸ ਕਾਰਵਾਈ ਬਾਰੇ ਪਤਾ ਲਗਾ ਤਾਂ ਆਪਨੇ (ਗੁਰੂ) ਅਮਰਦਾਸ ਜੀ ਅਤੇ ਖਡੂਰ ਸਾਹਿਬ ਦੇ ਜ਼ਿਮੀਦਾਰਾਂ ਦੇ ਇਸ ਕਰਮ ਨੂੰ ਉੱਕਾ ਪਰਵਾਨ ਨ ਕੀਤਾ । (ਗੁਰੂ) ਅਮਰਦਾਸ ਜੀ ਨੇ ਤਾਂ ਆਪਣਾ ਫ਼ਰਜ਼ ਪੂਰਾ ਕੀਤਾ ਸੀ ਸਤਿਗੁਰੂ ਨਾਲ ਈਰਖਾ ਕਰਕੇ ਉਹਨਾਂ ਦਾ ਨਿਰਾਦਰ ਕਰਨ ਵਾਲੇ ਨੂੰ ਉਸਦੀ ਕੀਤੀ ਦਾ ਫਲ ਭੁਗਤਵਾਇਆ, ਪਰ ਗੁਰੂ ਅੰਗਦ ਦੇਵ ਜੀ ਨੇ ਖਿਮਾਂ ਕਰਨ ਦਾ ਮਹਾਨ ਉਪਦੇਸ਼ ਦ੍ਰਿੜ ਕਰਵਾਇਆ । ਗੁਰਮਤ ਦਾ ਉਪਦੇਸ਼ ਵੀ ਸੱਪਸ਼ਟ ਹੈ ਕਿ ਜੇ ਕਰਾਮਾਤੀ ਤਾਕਤਾਂ ਨਾਲ ਕਿਸੇ ਨੂੰ ਅਥਵਾ ਲੋਕਾਂ ਨੂੰ ਝੁਕਾ ਲਈਏ, ਤਾਂ ਇਸ ਵਿਚ ਲਾਭ ਦੀ ਥਾਂ ਨੁਕਸਾਨ ਵਧੇਰੇ ਹੁੰਦਾ ਹੈ । ਇਸ ਨਾਲ ਮਨ ਵਿਚ ਹਉਮੈ-ਹੰਕਾਰ ਪੈਦਾ ਹੁੰਦੇ ਹਨ ਜਿਸ ਕਾਰਨ ਮਨੁਖ ਉਚੀ ਆਤਮਕ ਅਵਸਥਾ ਤੋਂ ਹੇਠਾਂ ਆ ਡਿਗਦਾ ਹੈ ।

ਕੁਝ ਵੀ ਹੋਵੇ, (ਗੁਰੂ) ਅਮਰਦਾਸ ਜੀ ਦੀ ਇਸ ਜੀਵਨ ਸਾਖੀ ਰਾਹੀਂ ਇਹ ਤਾਂ ਬਿਲਕੁਲ ਸੱਪਸ਼ਟ ਹੋ ਜਾਂਦਾ ਹੈ ਕਿ ਆਪਦੇ ਮਨ ਵਿਚ ਗੁਰੂ ਅਗੰਦ ਦੇਵ ਜੀ ਲਈ ਕਿਤਨਾ ਪ੍ਰੇਮ ਤੇ ਸਿਖੀ ਵਿਚ ਕਿਤਨਾ ਡੂੰਘਾ ਵਿਸ਼ਵਾਸ ਸੀ ।

**ਨਗਰ ਗੋਇੰਦਵਾਲ ਦਾ ਵਸਾਉਣਾ : ——**

ਇਕੇਰਾਂ ਸਤਿਗੁਰੂ ਅੰਗਦ ਦੇਵ ਜੀ ਦਾ ਇਕ ਸ਼ਰਧਾਲੂ ਗੋਇੰਦਾ ਜੋ ਮਰਵਾਹ ਖਤਰੀ ਜਾਤ ਵਿਚੋਂ ਸੀ, ਗੁਰੂ ਸਾਹਿਬ ਪਾਸ ਆਇਆ ਅਤੇ ਬਿਨੈ ਕੀਤੀ ਕਿ ਉਸ ਪਾਸ ਕਾਫੀ ਜ਼ਮੀਨ ਹੈ ਤੇ ਉਹ ਦਰਿਆ ਬਿਆਸ ਦੇ ਕੰਢੇ ਤੇ, ਜਿਥੇ ਪਤਣ ਵਾਲੀ ਥਾਂ ਹੈ, ਨਗਰ ਵਸਾਉਣਾ ਚਾਹੁੰਦਾ ਹੈ । ਅਨੇਕਾਂ ਵਾਰ ਜਤਨ ਕੀਤਾ ਗਿਆ ਸੀ, ਪਰ ਨਗਰ ਨਹੀਂ ਸੀ ਵੱਸ ਸਕਿਆ । ਕਦੀ ਕੋਈ ਵਿਘਨ ਅਤੇ ਕਦੀ ਕੋਈ ਵਿਘਨ ਆ ਪੈਂਦਾ ਸੀ । ਇਹ ਥਾਂ ਦੇਖਣ ਨਾਲ ਹਰ ਪਾਸਿਓਂ ਬੜਾ ਖ਼ੂਬਸੂਰਤ ਲਗਦਾ ਸੀ, ਪਰ ਇਸਦਾ ਵਸਣਾ ਬਹੁਤ ਔਖਾ ਹੋਇਆ ਪਿਆ ਸੀ । ਜਗ੍ਹਾ ਬਹੁਤ ਮੌਕੇ ਦੀ ਅਤੇ ਬੜੀ ਰਮਣੀਕ ਸੀ ।

ਪੁਰਾਣੇ ਬ੍ਰਾਹਮਣੀ ਵਿਸ਼ਵਾਸਾਂ ਤੇ ਭਰਮਾਂ-ਵਹਿਮਾਂ ਦੇ ਮਾਰੇ ਲੋਕਾਂ ਵਿਚ ਇਹ ਵਿਚਾਰ ਜ਼ੋਰ ਫੜ ਗਿਆ ਸੀ ਕਿ ਇਹ ਜਗ੍ਹਾ ਭਾਰੀ ਅਥਵਾ ਸਖਤ ਹੈ । ਭੂਤਾਂ-ਪ੍ਰੇਤਾਂ ਦਾ ਵਾਸਾ ਉਸ ਥਾਂ ਉਤੇ ਕਿਹਾ ਜਾ ਰਿਹਾ ਸੀ । ਗੁਰੂ ਅੰਗਦ ਦੇਵ ਜੀ ਨੇ ਨਿਰਨਾ ਕੀਤਾ ਕਿ ਲੋਕਾਂ ਦੇ ਮਨਾਂ ਚੋਂ ਭਰਮ-ਵਹਿਮ ਕੱਢਿਆ ਜਾਵੇ । ਕਿਸੇ ਜਗ੍ਹਾ ਨੂੰ ਭਾਰਾ ਕਿਸੇ ਨੂੰ ਹਲਕਾ, ਕਿਸੇ ਥਾਂ ਨੂੰ ਪਵਿਤਰ ਕੇ ਕਿਸੇ ਨੂੰ ਅਪਵਿਤਰ ਕਰਾਰ ਦੇਣ ਦੇ ਵਹਿਮਾਂ ਤੋਂ ਲੋਕਾਂ ਦਾ ਛੁਟਕਾਰਾ ਕਰਾਉਣਾ ਬੜਾ ਜ਼ਰੂਰੀ ਹੈ । ਪੁਰਾਣੇ ਚਲੇ ਆ ਰਹੇ ਬ੍ਰਾਹਮਣੀ ਮੱਤੋਂ ਵਿਚ ਬਨਾਰਸ ਨੂੰ

ਪਵਿਤਰ ਧਰਤੀ ਤੇ ਹਾੜ੍ਹੰਬੇ ਨੂੰ, ਜੋ ਨਾਲ ਲਗਦੀ ਧਰਤੀ ਹੈ ਅਪਵਿਤਰ ਅਤੇ ਭਾਰੀ ਕਰਕੇ ਮੰਨਿਆ ਗਿਆ ਹੈ । ਪਾਪਾਚਾਰੀ ਅਤੇ ਮੰਦ-ਕਰਮੀ ਬੰਦਾ ਵੀ ਜੇ ਬਨਾਰਸ ਵਿਚ ਜਾ ਕੇ ਸਰੀਰ ਤਿਆਗੇ ਤਾਂ ਉਹ ਨਰਕ ਭੋਗਣ ਦੇ ਦੁੱਖਾਂ ਤੋਂ ਬਚ ਜਾਂਦਾ ਹੈ ਕਿਉਂਕਿ ਧਰਤੀ ਦਾ ਪ੍ਰਭਾਵ ਹੀ ਐਸਾ ਹੈ ਅਤੇ ਜੇ ਕੋਈ ਧਰਮਾਤਮ ਤੁਦੇ ਨੇਕ-ਚਲਨ ਪੁਰਖ ਦਾ ਹਾੜ੍ਹੰਬੇ ਜਾ ਕੇ ਦੇਹਾਂਤ ਹੋ ਜਾਏ, ਤਾਂ ਉਸ ਦੇ ਸਭ ਸ਼ੁਭ ਕਰਮ ਨਸ਼ਟ ਹੋ ਜਾਂਦੇ ਹਨ ਅਤੇ ਉਹ ਨਰਕ-ਗਾਮੀ ਬਣਦਾ ਹੈ । ਇਸ ਬ੍ਰਹਮਣੀ ਵਹਿਮ-ਭਰਮ ਦਾ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਵਿਚ ਬਹੁਤ ਜ਼ੋਰਦਾਰ ਖੰਡਨ ਕੀਤਾ ਗਿਆ ਹੈ, ਅਤੇ ਸਪਸ਼ਟ ਕਿਹਾ ਗਿਆ ਹੈ, ਕਿ ਕਠੋਰ ਮਨ ਵਾਲੇ ਦੁਰਾਚਾਰੀ ਦੀ ਜੇ ਬਨਾਰਸ ਦੀ ' ਪੁੰਨ-ਭੂਮੀ ' ਵਿਚ ਭੀ ਫੂਕ ਨਿਕਲ ਗਈ ਹੋਵੇ ਤਾਂ ਭੀ ਉਹ ਨਰਕ ਤੋਂ ਨਹੀਂ ਬਚ ਸਕਦਾ ਅਤੇ ਜੇ ਪ੍ਰਮੇਸ਼ਰ ਦਾ ਪਿਆਰਾ ਕੋਈ ਨੇਕ-ਚਲਨ ਇਨਸਾਨ ਹਾੜ੍ਹੰਬੇ ਦੀ ਕਲਰਾਠੀ ਧਰਤੀ ਤੇ ਭੀ ਸਰੀਰ ਤਿਆਗ ਦੇਵੇ, ਤਾਂ ਉਸਦਾ ਕੋਈ ਆਤਮਕ ਗੁਣ ਨਸ਼ਟ ਨਹੀਂ ਹੋ ਸਕਦਾ, ਬਲਕਿ ਉਸ ਅੰਦਰ ਆਪਣੇ ਸਤਿਸੰਗੀਆਂ ਨੂੰ ਸੰਸਾਰ ਸਾਗਰ ਨੂੰ ਕਾਮਯਾਬੀ ਨਾਲ ਪਾਰ ਕਰਾ ਸੱਕਣ ਦੀ ਸਮਰਥਾ ਹੁੰਦੀ ਹੈ । ਯਥਾ :

**"ਮਨਹੁ ਕਠੋਰੁ ਮਰੈ ਬਾਨਾਰਸਿ,**
**ਨਰਕੁ ਨ ਬਾਂਚਿਆ ਜਾਈ ।।**
**ਹਰਿ ਕਾ ਸੰਤੁ ਮਰੈ ਹਾੜੰਬੈ,**
**ਤ ਸਗਲੀ ਸੈਨ ਤਰਾਈ ।।** (ਆਸਾ,ਸ੍ਰੀ ਕਬੀਰ ਜੀ,ਪੰਨਾ ੪੮੪)

ਗੁਰੂ ਅੰਗਦ ਦੇਵ ਜੀ ਨੇ (ਗੁਰੂ) ਅਮਰਦਾਸ ਜੀ ਨੂੰ ਬੁਲਾਕੇ ਹੁਕਮ ਕੀਤਾ ਕਿ ਉਹ ਗੋਇੰਦੇ ਨਾਲ ਜਾ ਕੇ ਬਿਆਸ ਦੇ ਕੰਢੇ ਵਾਲੀ ਪਤਣ ਵਾਲੀ ਧਰਤੀ, ਜੋ ਉੱਝ ਬੜੀ ਖੂਬਸੂਰਤ ਅਤੇ ਰਮਣੀਕ ਦਸੀ ਜਾ ਰਹੀ ਹੈ, ਦਾ ਮੁਆਇਨਾ ਕਰਨ ਅਤੇ ਲੋਕਾਂ ਦਾ ਭਰਮ ਵਹਿਮ ਨੂੰ ਜੜੋਂ ਕੱਟਣ ਖਾਤਰ ਵਸਾ ਦੇਣ । ਦੂਜੇ, ਦੂਰਦਰਸ਼ੀ ਅਰ ਦੀਰਘ-ਦਰਸ਼ੀ ਸਤਿਗੁਰੂ ਅੰਗਦ ਦੇਵ ਜੀ ਨੇ ਦੂਰ ਦੀ ਇਕ ਹੋਰ ਗਲ ਦੀ ਸੋਚ ਰੱਖੀ ਸੀ । ਉਹ ਇਹ ਕਿ ਜਿਵੇਂ ਪਹਿਲੇ ਜਾਮੇ ਸਮੇਂ ਗੁਰੂ ਨਾਨਕ ਸਾਹਿਬ ਨੇ ਆਪਣਾ ਪਰਚਾਰਕ ਕੇਂਦਰ ਕਰਤਾਰਪੁਰ ਸਾਹਿਬ ਬਣਾ ਰਖਿਆ ਸੀ ਤੇ ਦੂਜੇ ਜਾਮੇਂ ਵਿਚ ਪਰਚਾਰ ਦੇ ਕੰਮ ਨੂੰ ਹੋਰ ਵਧਾਉਣ ਲਈ ਖਡੂਰ ਸਾਹਿਬ ਨੂੰ ਇਕ ਮਜ਼ਬੂਤ ਕੇਂਦਰ ਦਾ ਰੂਪ ਦਿਤਾ ਗਿਆ ਸੀ, ਇਸੇ ਤਰ੍ਹਾਂ ਤੀਸਰੇ ਜਾਮੇ ਸਮੇਂ ਇਕ ਹੋਰ ਤਕੜਾ ਪਰਚਾਰਕ ਕੇਂਦਰ ਕਾਇਮ ਕਰਨਾ ਸੀ ।

ਗੋਇੰਦਾ ਆਪ ਇਕ ਸਰਮਾਇਆ ਦਾਰ ਤੇ ਰਸੂਖ ਵਾਲਾ ਬੰਦਾ ਸੀ । ਨਗਰ ਵਸਾਉਣ ਸਮੇਂ ਪੈਸੇ ਦੀ ਕਮੀ ਆਉਣ ਦਾ ਸੁਆਲ ਹੀ ਨਹੀਂ ਸੀ । ਇਮਾਰਤਾਂ ਦਾ ਸਾਮਾਨ, ਮਜ਼ਦੂਰ, ਤਰਖਾਣ, ਲੁਹਾਰ ਆਦਿਕਾਂ ਦੀ ਕਿਲਤ ਤਾਂ ਸੀ ਨਹੀ, ਲੋਕਾਂ ਨੂੰ ਵਹਿਮ ਲੈ ਡੁਬਿਆ ਸੀ । ਗੁਰੂ ਅੰਗਦ ਦੇਵ ਜੀ ਦੇ ਉਪਦੇਸ਼ (ਗੁਰੂ) ਅਮਰਦਾਸ ਜੀ ਦੀ ਸਾਰ-ਲੋਹੇ ਵਰਗੀ ਮਜ਼ਬੂਤ ਸ਼ਖਸੀਅਤ ਅਤੇ ਸਿਖ ਸੰਗਤਾਂ ਦੀ ਗੁਰੂ ਪੁਰ ਅੱਟਲ ਅਰ ਅਨੰਨ ਸ਼ਰਧਾ ਕਾਰਨ ਕੁਝ ਹਫ਼ਤਿਆਂ ਵਿਚ ਨਗਰ ਵੱਸ ਗਿਆ, ਦੁਕਾਨਾਂ ਬਣ ਗਈਆਂ, ਬਾਜ਼ਾਰ ਤਿਆਰ

ਹੋ ਗਿਆ । ਅਸਥਾਨ ਬਹੁਤ ਹੀ ਮੌਕੇ ਮੁਤਾਬਕ ਸੀ । ਉਸ ਜ਼ਮਾਨੇ ਵਿਚ ਇਹ ਅਸਥਾਨ ਲਾਹੋਰ ਤੋਂ ਦਿਲੀ ਜਾਣ ਵਾਲੀ ਸ਼ਾਹੀ ਸੜਕ ਤੇ ਵਾਕਿਆ ਸੀ । ਦਰਿਆ ਦਾ ਪਤਣ ਹੋਣ ਕਾਰਨ ਬਿਆਸ ਤੋਂ ਪਾਰ-ਉਰਾਰ ਹੋਣ ਵਾਲੇ ਰਾਹਗੀਰਾਂ ਲਈ ਵੀ ਸੁਹਣਾ ਪੜਾਅ ਬਣ ਗਿਆ । ਰੌਣਕ ਦਿਨ-ਬ-ਦਿਨ ਵਧ ਹੁੰਦੀ ਗਈ । ਜਦੋਂ (ਗੁਰੂ) ਅਮਰਦਾਸ ਜੀ ਨੂੰ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੌਂਪੀ ਗਈ, ਤਾਂ ਇਸ ਸੁਹਾਵਣੀ ਥਾਂ ਨੂੰ ਹੀ ਅਪਨੇ ਆਪਣਾ ਹੈਡ ਕਵਾਰਟਰ ਬਣਾ ਲਿਆ ਸੀ ।

ਗੋਇੰਦੇ ਦੀ ਬੇਨਤੀ ਉਤੇ ਇਹ ਨਗਰ ਸੰਮਤ ੧੬੦੩ ਵਿਚ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ (ਗੁਰੂ) ਅਮਰਦਾਸ ਜੀ ਨੇ ਲੋਕਾਂ ਨੂੰ ਭਰਮ-ਵਹਿਮ ਕੱਟਣ ਲਈ ਵਸਾਇਆ ਸੀ, ਜੋ ਅਜ ਤਕ ਭਲੀ ਭਾਂਤ ਵੱਸ ਰਿਹਾ ਹੈ ਅਤੇ ਸੰਮਤ ੧੬੦੩ ਤੋਂ ਲੈ ਕੇ ਅਜ ਤਕ ਕੋਈ ਭੂਤ ਜਾਂ ਪ੍ਰੇਤ ਦੀਦਾਰ ਦੇਣ ਇਧਰ ਨਹੀਂ ਆਇਆ । ਆਸ ਕੀਤੀ ਜਾ ਸਕਦੀ ਹੈ ਕਿ ਇਹ ਭੂਤ-ਪ੍ਰੇਤ ਨਿਕਟ ਭਵਿਖਤ ਵਿਚ ਨਹੀਂ ਜ਼ਾਹਿਰ ਹੋ ਸਕਣਗੇ । ਹਾਂ, ਗੁਰਬਾਣੀ ਤੇ ਗੁਰ ਇਤਿਹਾਸ ਦਾ ਠੀਕ ਢੰਗ ਨਾਲ ਪਰਚਾਰ ਨ ਹੋ ਸੱਕਣ ਕਾਰਨ ਬ੍ਰਾਹਮਣੀ ਮੱਤ ਦੇ ਭਰਮ-ਵਹਿਮ ਰੂਪੀ ਭੂਤ-ਪ੍ਰੇਤ ਧੜਾ ਧੜ ਪਰਗਟ ਹੋ ਰਹੇ ਹਨ, ਜਿਹਨਾਂ ਨੂੰ ਨੱਥ ਪਾਉਣ ਬਾਰੇ ਹਰ ਪੰਥ -ਦਰਦੀ ਨੂੰ ਉਪਰਾਲਾ ਕਰਨਾ ਚਾਹੀਦਾ ਹੈ ।

### (ਕ) ਘਾਲ ਸੇਵਾ ਦਾ ਥਾਂਇ ਪੈਣਾ ਅਤੇ ਗੁਰਤਾ ਗਦੀ ਦੀ ਜ਼ਿੰਮੇਵਾਰੀ

ਜਿਵੇਂ ਕਿ ਉਪਰ ਦਸਿਆ ਜਾ ਚੁਕਾ ਹੈ ਕਿ (ਗੁਰੂ) ਅਮਰਦਾਸ ਜੀ ਨੇ 62 ਸਾਲ ਦੀ ਉਮਰ ਤੋਂ 73 ਸਾਲ ਦੀ ਉਮਰ ਤਕ ਦੇ ਗਿਆਰਾਂ ਸਾਲ ਜੋ ਕਰੜੀ ਸੇਵਾ, ਪੂਰੀ ਲਗਨ, ਸ਼ਰਧਾ ਅਤੇ ਗੁਰੂ-ਪ੍ਰੇਮ ਵਿਚ ਸ਼ਰਸਾਰ ਹੋਕੇ ਕੀਤੀ ਉਸ ਦੀ ਮਿਸਾਲ ਮਿਲਣੀ ਹੀ ਨਾਮੁਮਕਿਨ ਹੈ । ਲੰਗਰ ਤਿਆਰ ਕਰਨਾ, ਜੂਠੇ ਬਰਤਣ ਮਾਂਜਣੇ, ਲੰਗਰ ਲਈ ਜਲ ਬਾਲਣ ਆਦਿਕ ਲਿਆਣਾ, ਸੰਗਤਾਂ ਨੂੰ ਇਸ਼ਨਾਨ ਲਈ ਜਲ ਮੁਹਈਆ ਕਰਨਾ, ਗੁਰੂ ਅੰਗਦ ਦੇਵ ਜੀ ਨੂੰ ਰੋਜ਼ਾਨਾ ਇਸ਼ਨਾਨ ਕਰਾਉਣਾ ਅਰ ਇਹ ਸਭ ਸੇਵਾਵਾਂ ਬਰਸਾਂ ਬੱਧੀ ਕਰੀ ਜਾਣਾ ਕੋਈ ਮਾਮੂਲੀ ਗੱਲ ਨਹੀਂ ਸੀ । ਇਹ ਸਾਰੀ ਸੇਵਾ ਨਿਸ਼ਕਾਮ ਹੋਕੇ ਤੇ ਗੁਰੂ-ਪ੍ਰੇਮ ਵਿਚ ਹੀ ਕੀਤੀ ਜਾ ਰਹੀ ਸੀ । ਜਦ ਇਸ ਗੱਲ ਵਲ ਧਿਆਨ ਦੇਈਏ ਕਿ ਘਾਲ ਸੇਵਾ ਦਾ ਇਹ ਸਮਾਂ ਆਪ ਦੀ ਉਮਰ ਦੇ 62ਵੇਂ ਸਾਲ ਤੋਂ 73ਵੇਂ ਸਾਲ ਤਕ ਜਾਂਦਾ ਹੈ, ਤਾਂ ਬੁਧੀ ਚਕਰਿਤ ਹੋ ਕੇ ਰਹਿ ਜਾਂਦੀ ਹੈ ।

ਸਰਦੀ ਹੋਵੇ, ਭਾਵੇਂ ਗਰਮੀ ਹਨੇਰੀ ਝੱਖੜ, ਬਾਰਿਸ਼ ਕੁਝ ਵੀ ਹੋਵੇ ਕਾਲੀ ਬੋਲੀ ਸੁਨਸਾਨ ਰਾਤ ਹੋਵੇ, ਭਾਵਾਂ ਚਾਨਣੀਆਂ ਰਾਤਾਂ, ਅਧ ਰਾਤ ਨੂੰ ਸੰਪੂਰਨ ਚੁਪ-ਚਾਂ ਨੂੰ ਤੋੜਦਿਆਂ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਰੋਜ਼ਾਨਾ ਜਲ ਭਰਕੇ ਲਿਆਣਾ ਤੇ ਇਸ਼ਨਾਨ ਕਰਾਣਾ ਨਿਸਚੇ ਤੌਰ ਤੇ ਲਾਜੁਆਬ ਘਾਲਣਾ ਸੀ, ਜੋ ਬਰਸਾਂ ਬੱਧੀ ਨਿਭਾਈ ਗਈ । ਸਰਦੀ ਦੀ ਇਕ ਹਨੇਰੀ ਰਾਤ ਨੂੰ ਜਦ ਸਰਦੀ ਵੀ ਪੂਰੇ ਜੋਬਨ ਤੇ ਸੀ ਅਤੇ ਜਦ ਬਾਰਸ਼ ਵੀ ਪੂਰੇ ਜ਼ੋਰ ਨਾਲ ਵੱਸ ਰਹੀ ਸੀ ਆਪ ਗੁਰਦੇਵ ਲਈ ਜਲ ਭਰਕੇ ਲਿਆ ਰਹੇ ਸਨ, ਜਦ ਕਿ

ਹਨੇਰੇ ਵਿਚ ਠੇਡਾ ਖਾਕੇ ਖਡੂਰ ਦੇ ਜੁਲਾਹਿਆਂ ਦੀ ਖੱਡੀ ਵਿਚ ਆਪ ਜਾਂ ਡਿਗੇ । ਖੱਡੀ ਵਿਚ ਡਿੱਗਣ ਨਾਲ ਖੜਾਕ ਹੋਣਾ ਸੁਭਾਵਕ ਸੀ । ਖੜਾਕ ਦੀ ਆਵਾਜ਼ ਨਾਲ ਜੁਲਾਹਾ ਅਤੇ ਜੁਲਾਹੀ ਜਾਗ ਪਏ ਅਤੇ ਜੁਲਾਹੇ ਨੇ ਆਪਣੀ ਪਤਨੀ ਤੇ ਸੁਆਲ ਕੀਤਾ— " ਇਹ ਕਾਹਦਾ ਖੜਾਕ ਹੈ? ਕੋਈ ਮਨੁਖ ਖੱਡੀ ਵਿਚ ਡਿੱਗ ਗਿਆ ਮਲੂਮ ਹੁੰਦਾ ਹੈ । " ਅਗੋਂ ਜੁਲਾਹੀ ਨੇ ਅੰਦਾਜ਼ੇ ਨਾਲ ਜੁਆਬ ਦਿਤਾ — ' ਇਹ ਅਮਰਦਾਸ ਨਿਥਾਵਾਂ ਹੀ ਹੋ ਸਕਦਾ ਹੈ, ਜਿਸ ਨੂੰ ਨ ਦਿਨੇ ਚੈਨ ਹੈ ਤੇ ਨ ਰਾਤ, ਬੜਾ ਬਣਿਆ ਏ ਵੱਡੇ ਗੁਰੂ ਵਾਲਾ । " (ਗੁਰੂ) ਅਮਰਦਾਸ ਜੀ ਦੇ ਕੰਨ੍ਹਾਂ ਵਿਚ ਜੁਲਾਹੇ-ਜੁਲਾਹੀ ਦੀ ਇਹ ਵਾਰਤਾ ਪੈ ਗਈ । ਆਪ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਖੱਡੀ ਚੋਂ ਬਾਹਰ ਨਿਰਲਦਿਆਂ ਜੁਲਹੀ ਨੂੰ ਮੁਖਾਤਬ ਕਰਕੇ ਬਚਨ ਕੀਤਾ— "ਕਮਲੀਏ, ਪਹਿਲਾਂ ਤਾਂ ਮੈਂ ਜ਼ਰੂਰ ਨਿਥਾਵਾਂ ਸਾਂ, ਪਰ ਹੁਣ ਤਾਂ ਗੁਰੂ ਅਗੰਦ ਦੇਵ ਜੀ ਮੇਰੇ ਸਿਰ ਦੇ ਸਾਈਂ ਹਨ ਅਤੇ ਉਹੋ ਮੇਰਾ ਆਸਰਾ ਪਰਨਾ ਹਨ । ਹੁਣ ਮੈਂ ਨਿਥਾਵਾਂ ਕਿਵੇਂ ? ਤੂੰ ਮਹਾਨ ਸਤਿਗੁਰੂ ਗੁਰੂ ਅੰਗਦ ਦੇਵ ਜੀ ਦੀ ਸ਼ਾਨ ਵਿਰੁਧ ਭੀ ਬੋਲ ਬੋਲ ਗਈ ਏਂ । ਇਹ ਗੱਲ ਨਿਰੀ ਕਮਲਿਆਂ ਵਾਲੀ ਕੀਤੀ ਆ । " ਇਹ ਘਟਨਾ ਸੰਨ 1552 ਵਿਚ ਜਦੋਂ ਆਪ 73 ਕੁ ਸਾਲਾਂ ਦੇ ਸਨ ਵਾਪਰੀ । ਆਪ ਅਨੰਨ ਗੁਰੂ-ਭਗਤੀ ਕਰਨ ਗੁਰੂ ਅੰਗਦ ਦੇਵ ਜੀ ਦੀ ਸ਼ਾਨ ਵਿਰੁਧ ਕੁਝ ਵੀ ਸੁਣਨ ਲਈ ਤਿਆਰ ਨਹੀਂ ਸਨ।

ਗਿਆਰਾਂ ਸਾਲਾਂ ਦੀ ਇਸ ਸੇਵਾ ਵਿਚ (ਗੁਰੂ) ਅਮਰਦਾਸ ਜੀ ਨੇ ਕਈ ਵਾਰ ਠੇਡੇ ਖਾਧੇ ਸਨ । ਕਈ ਲੋਕਾਂ ਦੇ ਕਈ ਬਚਨ, ਹਾਸੇ -ਠੱਠੇ ਝੱਲੇ ਸਨ । ਪਰ (ਗੁਰੂ) ਅਮਰਦਾਸ ਜੀ ਇਹਨਾਂ ਸਭਨਾਂ ਗੱਲਾਂ ਤੋਂ ਬਹੁਤ ਉਚੇ ਉਠ ਚੁਕੇ ਸਨ । ਇਕ ਕਰਮ-ਕਾਂਡੀ ਤੇ ਜਾਤ-ਪਾਤ ਦੇ ਵਿਤਕਰਿਆਂ ਵਾਲੀ ਪੁਰਾਣੀ ਮਰਯਾਦਾ ਉਤੇ ਬਰਸਾਂ ਬੱਧੀ ਚਲ ਚੁਕੇ ਪੁਰਖ ਵਾਸਤੇ ਜਾਤ ਅਭਿਮਾਨ ਤਿਆਗ ਕੇ ਸਰਬ ਸੰਗਤ ਦੀ ਸੇਵਾ ਨਿਰ-ਹੰਕਾਰ ਹੋਕੇ ਕਰਨਾ ਮਾਮੂਲੀ ਗੱਲ ਨਹੀਂ ਸੀ । ਫਿਰ, ਸੇਵਾ ਵੀ ਉਸ ਭਾਂਤ ਦੀ, ਜੋ ਉੱਚ ਜਾਤੀਏ ਲਈ ਅਨੁਕਲ ਨਹੀਂ ਸੀ । ਲੰਗਰ ਵਿਚ ਜਲ ਪੁਚਾਉਣਾ, ਜੂਠੇ ਬਰਤਨ ਮਾਂਜਣੇ, ਜੰਗਲ ਵਿਚੋਂ ਬਾਲਣ ਕਟ ਕੇ ਲੰਗਰ ਵਿਖੇ ਪੁਚਾਉਣਾ ਅਤੇ ਸੰਗਤਾਂ ਨੂੰ ਖੂਹ ਚੋਂ ਜਲ ਕਢਕੇ ਇਸ਼ਨਾਨ ਕਰਾਉਣਾ, ਪੁਰਾਣੇ ਸਭ ਸੰਸਕਾਰਾਂ ਅਤੇ ਹਉਮੈਂ ਦੇ ਪੂਰਨ ਪਰੀ-ਤਿਆਗ ਬਿਨਾਂ ਸੰਭਵ ਨਹੀਂ ਸੀ । ਫਿਰ, ਕੁੜਮਾਚਾਰੀ ਦੇ ਰਿਸ਼ਤੇ ਨੂੰ ਪੂਰੀ ਤਰ੍ਹਾਂ ਭੁਲਾ ਕੇ ਅਰ ਆਪਣੀ ਵਡੇਰੀ ਉਮਰ ਦਾ ਖ਼ਿਆਲ ਵੀ ਮਨੋਂ ਪੂਰੀ ਤਰ੍ਹਾਂ ਕਢੇ ਬਿਨਾਂ ਐਸੀ ਬਿਖਮ ਅਰ ਆਦਰਸ਼ਕ ਸੇਵਾ ਹੋ ਹੀ ਨਹੀਂ ਸਕਦੀ ਸੀ । ਹਾਸੇ-ਠਠੇ ਅਰ ਮਿਹਣਿਆਂ ਤੋਂ ਪ੍ਰਭਾਵਤ ਹੋਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੋ ਸਕਦਾ । ਗੁਰੂ ਸੰਗਤ ਰਾਹੀਂ ਆਪ ਨੇ ਐਸੀ ਉਚੀ ਆਤਮਕ ਅਡੋਲਤਾ ਹਾਸਲ ਕਰ ਲਈ ਸੀ ।

ਕਰਨੀ ਕਰਤਾਰ ਦੀ, ਜੁਲਾਹੀ (ਗੁਰੂ) ਅਮਰਦਾਸ ਜੀ ਪ੍ਰਤੀ ਅਪ-ਸ਼ਬਦ ਕਹਿਣ ਪਿਛੋਂ ਕਮਲੀ ਹੋ ਗਈ । ਗੱਲ ਸਾਰੇ ਫ਼ੈਲ ਗਈ । ਜੁਲਾਹਾ, ਜੁਲਾਹੀ ਨੂੰ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਹਾਜ਼ਰ ਹੋਇਆ ਅਰ ਭੁਲ ਬਖਸ਼ਵਾਈ । ਸਾਰੀ ਸੰਗਤ ਵਿਚ

ਤੇ ਗੁਰੂ ਦਰਬਾਰ ਵਿਚ (ਗੁਰੂ) ਅਮਰਦਾਸ ਜੀ ਦੀ ਅਡੋਲਤਾ, ਸਿੱਖੀ ਸਿਦਕ, ਨਿਰ-ਹੰਕਾਰ ਹੋ ਕੇ ਸਿਖੀ ਦੀ ਕਮਾਈ ਕਰਨਾ ਅਤੇ ਲਗਨ-ਭਰੀ ਕਰੜੀ ਸੇਵਾ-ਘਾਲ ਹੋਰ ਜ਼ਿਆਦਾ ਉਘੜ ਗਈ । ਇਤਨੀ ਉੱਚੀ ਆਤਮਕ ਅਡੋਲਤਾ ਅਤੇ ਸਹਿਨਸ਼ੀਲਤਾ ਦੀ ਅਰ ਹਰ ਚੀਜ਼ ਸਹਾਰ ਸਕਣ ਦੀ ਸ਼ਕਤੀ ਦੀ ਹੋਰ ਐਸੀ ਮਿਸਾਲ ਮਿਲਣੀ ਸੰਭਵ ਨਹੀਂ ਸੀ ।

ਗੁਰੂ ਅੰਗਦ ਦੇਵ ਜੀ ਨੇ ਯੋਗ ਮੌਕਾ ਜਾਣ ਕੇ ਸਭ ਸੰਗਤ ਵਿਚ ਵਿਦਤ ਕਰ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਵਲੋਂ ਬਖਸ਼ੀ ਸਿੱਖੀ ਪਰਚਾਰ ਦੀ ਜ਼ਿੰਮੇਵਾਰੀ ਉਹਨਾਂ ਪਿਛੋਂ (ਗੁਰੂ) ਅਮਰਦਾਸ ਜੀ ਹੀ ਨਿਭਾਹੁਣਗੇ। ਮਾਰਚ 1552 ਨੂੰ ਗੁਰੂ ਅੰਗਦ ਦੇਵ ਜੀ ਨੇ ਸਭ ਸੰਗਤ ਨੂੰ ਇਕੱਤਰ ਕਰਕੇ (ਗੁਰੂ) ਅਮਰਦਾਸ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ (ਭਾਵ ਧਰਮ ਪਰਚਾਰ ਦੀ ਜ਼ਿੰਮੇਵਾਰੀ) ਸੌਂਪ ਦਿਤੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਜੋ ਗੁਰੂ ਨਾਨਕ ਸਾਹਿਬ ਨੇ ਇਕੱਤਰ ਕਰ ਰਖੀ ਸੀ, ਦਾ ਸੰਪੂਰਨ ਸੰਗ੍ਰਹਿ, ਆਪਣੀ ਰਚੀ ਬਾਣੀ ਸਮੇਤ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਦੇ ਸਪੁਰਦ ਕਰ ਦਿਤਾ। ਇਸ ਸਮੇਂ ਆਪ ਨੇ ਸੰਗਤ ਵਿਚ ਇਉਂ ਸਪੱਸ਼ਟ ਕੀਤਾ :—

**" ਜਿਨੀ੍ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥**
**ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥**
**ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥**
**ਨਾਨਕ ਨਾਲ ਨ ਚਲਈ ਫਿਰਿ ਪਛਤਾਵਾ ਹੋਇ ।੨॥**
**ਬਧਾ ਚਟੀ ਜੋ ਭਰੇ ਨਾ ਗੁਣੁ ਨ ਉਪਕਾਰ ॥**
**ਸੇਤੀ ਖੁਸੀ ਸਵਾਰੀਐ, ਨਾਨਕ ਕਾਰਜੁ ਸਾਰੁ ॥** (ਸੂਹੀ,ਵਾਰ-੭੮੭)

ਜਿਹਨਾਂ ਜਗਿਆਸੂਆਂ ਨੇ ਸੰਸਾਰ ਦੀ ਨਾਸ਼ਵਾਨਤਾ ਨੂੰ ਸਮਝ ਲਿਆ ਹ, ਉਹ ਮਾਇਆ ਦੇ ਮੋਹ ਦੇ ਖਿਲਾਰੇ ਸੰਸਾਰ ਵਿਚ ਨਹੀਂ ਖਿਲਾਰਦੇ। ਮਾਇਆ-ਵੇੜੇ ਬੰਦੇ ਸੰਸਾਰ ਦੀ ਨਾਸ਼ਵਾਨਤਾ ਨੂੰ ਨਾ ਸਮਝਦੇ ਹੋਏ ਮਾਇਆ ਦੇ ਮੋਹ ਵਿਚ ਬੁਰੀ ਤਰ੍ਹਾਂ ਫਾਥੇ ਰਹਿੰਦੇ ਹਨ। ਮਨੁਖੀ ਜੀਵਨ ਰਾਤ ਮਾਨਿੰਦ ਹੈ, ਜਿਹੜੀ ਸੂਰਜ ਚੜ੍ਹਣ ਉਤੇ ਖਤਮ ਹੋ ਜਾਂਦੀ ਹੈ। ਜੇ ਨਾਸਵੰਤ ਮਨੁੱਖੀ ਜੀਵਨ-ਰੂਪੀ-ਰਾਤ ਲਈ ਪਾਪ ਵਿਹਾਝ-ਵਿਹਾਝ ਕੇ ਮਾਇਆ ਆਦਿਕ ਖਿਨ-ਭੰਗਰ ਪਦਾਰਥ ਇਕੱਠੇ ਕਰੀ ਜਾਈਏ ਤਾਂ ਮੌਤ ਸਮੇਂ ਇਹਨਾਂ ਸਭ ਪਦਾਰਥਾਂ ਦੇ ਨਾਲ ਜਾਣ ਕਾਰਨ ਪਛਤਾਵਾ ਹੀ ਪਛਤਾਵਾ ਪਲੇ ਪੈਂਦਾ ਹੈ।

ਸੇਵਾ ਅਨੇਕਾਂ ਮਨੁਖ ਕਰਦੇ ਹਨ । ਜੇ ਮਨੁਖ ਬਧੇ-ਰੁਧੇ ਮਜ਼ਬੂਰੀ ਵਿਚ ਸੇਵਾ ਕਰਦੇ ਹਨ, ਉਸਦੀ ਅਸਲ ਵਿਚ ਕੋਈ ਖਾਸ ਪਾਇਆਂ ਨਹੀ ਹੁੰਦੀ । ਅਜਿਹੀ ਬੱਧੀ-ਰੁੱਧੀ ਕਿਸਮ ਦੀ ਸੇਵਾ ਦਾ ਲਾਭ ਨ ਆਪਣੇ ਆਪ ਨੂੰ ਹੈ ਤੇ ਨ ਹੋਰਨਾਂ ਨੂੰ । ਅਸਲ ਵਿਚ ਸੇਵਾ ਉਹੋ ਹੈ ਜੋ ਮਨ ਦੀਆਂ ਡੂੰਘਾਈਆਂ ਵਿਚੋਂ ਸ਼ਰਧਾ ਨਾਲ ਅਰ ਮਨ ਦੀ ਪੂਰਨ ਖੁਸ਼ੀ ਨਾਲ ਕੀਤੀ ਜਾਵੇ ।

(ਗੁਰੂ) ਅਮਰਦਾਸ ਜੀ ਨੇ ਮਾਇਆ ਦੇ ਮੋਹ ਦਾ ਗੁਰਮਤ ਆਸ਼ੇ ਅਨੁਸਾਰ ਪੂਰਨ ਤਿਆਗ ਕੀਤਾ ਹੈ । ਅਮਲੀ ਤੌਰ ਤੇ ਸਿੱਖੀ ਦੀ ਪੂਰਨ ਕਮਾਈ ਕੀਤੀ ਹੈ । ਗੁਰੂ ਅਰ ਸੰਗਤ ਦੀ ਸੇਵਾ ਦੀ ਤਾਂ ਸਦਾ ਲਈ ਇਕ ਮਿਸਾਲ ਕਾਇਮ ਕਰ ਦਿੱਤੀ ਹੈ । ਜੋ ਭੀ ਸੇਵਾ ਕੀਤੀ ਹੈ ਪੂਰਨ ਸ਼ਰਧਾ ਨਾਲ ਦਿਲੋਂ-ਮਨੋਂ ਕੀਤੀ ਹੈ ।

ਇਸ ਤਰ੍ਹਾਂ ਮਾਰਚ ਸੰਨ 1552 ਨੂੰ ਗੁਰੂ ਅਮਰਦਾਸ ਜੀ ਉੱਤ ਗੁਰੂ ਨਾਨਕ ਪਾਤਸ਼ਾਹ ਨੂੰ ਗੱਦੀ ਦੀ ਤੀਜੀ ਥਾਵੇਂ ਗੁਰਮਤ ਪਰਚਾਰ ਦੀ ਸਾਰੀ ਜ਼ਿੰਮੇਵਾਰੀ ਆ ਪਈ । ਇਸ ਸਮੇਂ ਆਪ ਜੀ ਦੀ ਉਮਰ 73 ਕੁ ਸਾਲਾਂ ਦੀ ਸੀ ।

ਲਗਾਤਾਰ ਗਿਆਰਾਂ ਸਾਲ ਦੇ ਲੰਮੇ ਸਮੇਂ ਤਕ ਗੁਰਦੇਵ ਗੁਰੂ ਅੰਗਦ ਦੇਵ ਜੀ ਦੀ ਸੰਗਤ ਕਰਨ, ਸੇਵਾ ਕਰਨ ਅਤੇ ਅਮਲੀ ਤੌਰ ਤੇ ਬਾਣੀ ਦੇ ਦਰਸਾਏ ਸ਼ੁਭ ਹੁਕਮਾਂ, ਸਿਧਾਂਤਾਂ ਦੇ ਸੰਪੂਰਨ ਤੌਰ ਤੇ ਜਾਣੂ ਹੋਣ ਦੇ ਨਾਲ ਨਾਲ ਗੁਰੂ ਦੀ ਪਾਰਸ ਕੱਲਾ ਵਰਤ ਜਾਣ ਕਾਰਨ ਆਪ ਅੰਦਰ ਗੁਰੂ ਨਾਨਕ ਸਾਹਿਬ ਤੇ ਗੁਰੂ ਅੰਗਦ ਦੇਵ ਜੀ ਦੇ ਸ਼ੁਭ ਗੁਣ ਆ ਚੁਕੇ ਸਨ । ਗੁਰੂ ਅੰਗਦ ਦੇਵ ਜੀ ਦੇ ਸਾਹਿਬਜ਼ਾਦੇ ਦਾਤੂ ਜੀ ਅਰ ਦਾਸੂ ਜੀ ਇਸ ਹਕੀਕਤ ਨੂੰ ਨਹੀਂ ਸਨ ਸਮਝ ਸਕੇ । ਅਤੇ ਗੁਰੂ ਬਣਨ ਲਈ ਨਿਰਰਥਕ ਹੱਥ ਪੈਰ ਮਾਰ ਰਹੇ ਸਨ । ਗੁਰੂ ਅਮਰਦਾਸ ਜੀ ਅਗੇ ਨਿਮਰਤਾ ਸਹਿਤ ਝੁਕਣਾ ਤਾਂ ਕਿਤਾ ਰਿਹਾ, ਹੰਕਾਰ ਅਰ ਹੱਠ ਵਿਚ ਆਕੇ ਗੁਰੂ ਅਮਰਦਾਸ ਜੀ ਦਾ ਨਿਰਾਦਰ ਕਰਨ ਦਾ ਬਜਰ ਅਪਰਾਧ ਵੀ ਇਹਨਾਂ ਨੇ ਕੀਤਾ । ਮੁਕਾਬਲੇ ਤੇ ਗਦੀ ਲਗਾਉਣ ਦੇ ਨਿਰਰਥਕ ਜਤਨ ਅਰਸੇ ਤਕ ਕਰਦੇ ਰਹੇ ਜਿਸਦਾ ਵੇਰਵਾ ਅਗੇ ਚਲਕੇ ਦਿਤਾ ਜਾਵੇਗਾ । ਖਿਮਾ ਸਰੂਪ ਸਤਿਗੁਰੂ ਅਮਰਦਾਸ ਜੀ ਨੇ ਸਭ ਕੁਝ ਦੇਖਕੇ ਵੀ ਅਣਡਿੱਠ ਕਰ ਛੱਡਿਆ । ਅਸਲ ਗੱਲ ਤਾਂ ਇਹ ਹੈ ਕਿ ਆਪਦੀ ਆਤਮਕ ਅਡੋਲਤਾ ਅਤੇ ਧੀਰਜ ਆਪਣੀ ਮਿਸਾਲ ਆਪ ਸਨ। ਸਤੇ ਰਬਾਬੀ ਨੇ ਆਪਦੇ ਇਹਨਾਂ ਗੁਣਾ ਦਾ ਜ਼ਿਕਰ 'ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ " ਕਹਿਕੇ ਕੀਤਾ ਹੈ । ਆਪਜੀ ਵਿਚ ਗੁਰੂ ਨਾਨਕ ਅਰ ਗੁਰੂ ਅੰਗਦ ਦੇਵ ਜੀ ਦੇ ਸ਼ੁਭ,ਗੁਣ ਹੋਣ ਦੀ ਗਲ 'ਪਿਓ ਦਾਦੇ ਜੇਵੇਹਾ ਪੋਤਾ ਪਰਵਾਣੁ' ਕਹਿਕੇ ਕੀਤੀ ਗਈ ਹੈ ।

### (ਖ) ਕੁਝ ਮਨਘੜਤ ਤੇ ਗੁਰੂ ਆਸ਼ੇ ਵਿਰੁਧ ਸਾਖੀਆਂ ਬਾਰੇ :

ਗੁਰੂ-ਸੇਵਾ ਅਤੇ ਘਾਲ ਕਮਾਈ ਦੇ ਗਿਆਰਾਂ ਸਾਲਾਂ ਦੇ ਇਸ ਲੰਮੇ ਅਰਸੇ ਬਾਰੇ ਸਮੇਂ ਸਮੇਂ ਕਈ ਸਾਖੀਆਂ ਪਰਚਲਤ ਹੁੰਦੀਆਂ ਰਹੀਆਂ, ਜਿਹਨਾਂ ਵਿਚੋਂ ਕਈ ਸੀਨਾ-ਬ-ਸੀਨਾ ਅਗੇ ਤੁਰ ਪਈਆਂ । ਇਹਨਾਂ ਵਿਚੋਂ ਕੁਝ ਸਾਖੀਆਂ ਤਾਂ ਐਸੀਆਂ ਹਨ, ਜਿਹੜੀਆਂ ਅਸਲੀਅਤ-ਵਾਦੀ ਅਰ ਗੁਰੂ ਆਸ਼ੇ ਅਨੁਸਾਰ ਹਨ, ਅਤੇ ਗੁਰੂ ਪਾਤਸ਼ਾਹ ਦੀ ਮਹਾਨਤਾ ਦੀ ਲਖਤਾ ਕਰਵਾਉਂਦੀਆਂ ਹਨ, ਪਰ ਕੁਝ ਅਜਿਹੀਆਂ ਵੀ ਹਨ ਜੋ ਕੇਵਲ ਜਜ਼ਬਾਤ ਅਥਵਾ ਸ਼ਰਧਾ-ਵੱਸ ਲਿਖ ਘੜ ਦਿਤੀਆਂ ਹਨ ਅਥਵਾ ਅਨਮਤੀਆਂ ਨੇ ਸਿੱਖ ਇਤਿਹਾਸ ਅਤੇ ਸਿੱਖੀ ਵਿਚ ਰਲਾ ਪਾਉਣ ਅਰ ਇਸ ਨੂੰ ਛੁਟਿਆਉਣ ਦੇ ਨੀਵੇਂ ਇਰਾਦੇ ਨੂੰ ਪੂਰਾ ਕਰਨ ਲਈ ਪ੍ਰਚਲਤ ਕਰ ਦਿਤੀਆਂ ਹਨ । ਅਜਿਹੀਆਂ ਸਾਖੀਆਂ ਗੁਰੂ ਆਸ਼ੇ ਨੂੰ ਦ੍ਰਿੜ

ਕਰਾਉਣ ਦੀ ਥਾਵੇਂ ਗੁਰਮਤ-ਰੂਪੀ-ਦੁਧ ਵਿਚ ਮਨਮਤ ਜਾਂ ਅਨਮਤ-ਰੂਪੀ-ਕਾਂਜੀ ਰਲਾਉਣ ਦਾ ਨਾਪਾਕ ਜਤਨ ਹੈ ।

ਅਜਿਹੇ ਸਾਖੀਕਾਰਾਂ ਅਨੁਸਾਰ (ਗੁਰੂ) ਅਮਰਦਾਸ ਜੀ ਨੂੰ ਹਰ ਸਾਲ ਗੁਰੂ ਅੰਗਦ ਦੇਵ ਜੀ ਵਲੋਂ ਡੇਢ ਕੁ ਗਜ਼ ਦਾ ਇਕ ਰੁਮਾਲ ਸਿਰੋਪਾ ਰੂਪ ਵਿਚ ਮਿਲਦਾ ਸੀ ਜਿਸ ਨੂੰ (ਗੁਰੂ) ਅਮਰਦਾਸ ਜੀ ਆਪਣੇ ਸਿਰ ਪਰ ਬੰਨ੍ਹ ਲੈਂਦੇ ਸਨ । ਇਹ ਸਿਰੋਪਾ (ਗੁਰੂ) ਅਮਰਦਾਸ ਜੀ ਕਿਸੇ ਸਮੇਂ ਵੀ ਸਿਰ ਤੋਂ ਨਹੀਂ ਉਤਾਰਦੇ ਸਨ । ਇਸ ਤਰ੍ਹਾਂ ਕਰਦੇ ਕਰਦੇ ਗਿਆਰਾਂ ਸਾਲਾਂ ਦੀ ਸੇਵਾ ਦੇ ਦੌਰਾਨ ਗਿਆਰਾਂ ਸਿਰੋਪੇ ਸਿਰ ਉੱਤੇ ਬੰਨ੍ਹੇ ਗਏ । ਸਿਰੋਪਾਵਾਂ ਕਾਰਨ ਕੇਸੀ ਇਸ਼ਨਾਨ ਹੋ ਹੀ ਨਹੀਂ ਸਕਦਾ ਸੀ । ਸਫਾਈ ਦੀ ਉੱਕੀ ਅਣਹੋਂਦ ਅਰ ਗਲੀਜ਼ ਤਰੀਕੇ ਕਾਰਨ ਕੇਸਾਂ ਅਰ ਸਿਰੋਪਾਵਾਂ ਦੇ ਕਪੜੇ ਵਿੱਚ ਕਿਰਮ ਚੱਲਣ ਲੱਗ ਪਏ, ਜਿਹਨਾਂ ਤੋਂ ਬਚਣ ਵਾਸਤੇ ਗੁਰੂ ਅਮਰਦਾਸ ਜੀ ਨੇ ਕੋਈ ਉਪਾਅ ਨਾ ਕੀਤਾ । ਗੁਰਮਤ ਆਸ਼ੇ ਵਿਰੁਧ ਇਸ ਨਿਰੋਲ ਮਨਘੜਤ ਸਾਖੀ ਨਾਲ ਅਸੀਂ ਸਤਿਗੁਰਾਂ ਦੀ ਮਹਾਨ ਸ਼ਖਸ਼ੀਅਤ ਉਤੇ ਆਪਣੀ ਨਿਰਬੁਧਤਾ ਕਾਰਨ ਧੱਬਾ ਲਗਾਉਣ ਦਾ ਮਹਾਨ ਅਪਰਾਧ ਕਰਦੇ ਰਹੇ ਹਾਂ । ਫਿਰ, ਇਸ ਘੋਰ ਮਨਮਤ ਨੂੰ ਗੁਰਮਤ ਦਾ ਲੇਬਲ ਲਗਾ ਕੇ ਪੇਸ਼ ਕਰਨ ਹਿਤ ਬੜੀ ਬੇਸ਼ਰਮੀ ਅਤੇ ਦਲੇਰੀ ਨਾਲ ਕੇਸਾਂ ਅਤੇ ਦਸਤਾਰ ਵਿਚ ਕਿਰਮਾਂ ਦਾ ਚਲਣਾ ਅਤੇ ਕੇਸੀਂ ਇਸ਼ਨਾਨ ਨਾ ਕਰਨਾ (ਗੁਰੂ) ਅਮਰਦਾਸ ਜੀ ਦੇ ਬ੍ਰਹਮ-ਗਿਆਨੀ ਹੋਣ ਦੇ ਸਬੂਤ ਵਜੋਂ ਦੱਸਦੇ ਰਹੇ ਹਾਂ । ਗੁਰੂ ਅਮਰਦਾਸ ਜੀ ਦੀ ਬਾਣੀ ਤਨ ਅਰ ਮਨ ਦੋਹਾਂ ਦੀ ਸੰਭਾਲ ਅਤੇ ਸਫਾਈ ਉਤੇ ਜ਼ੋਰ ਦਿੰਦੀ ਹੈ । ਇਸ ਸੰਬਧ ਵਿਚ ਅਨੇਕਾਂ ਪ੍ਰਮਾਣ ਆਪ ਦੀ ਬਾਣੀ ਵਿਚੋਂ ਪੇਸ਼ ਕੀਤੇ ਜਾ ਸਕਦੇ ਹਨ । ਆਪ ਦੀ ਵੱਡੀ ਉਮਰ ਵਿਚ ਵਧੀਆ ਸਿਹਤ ਦਾ ਰਾਜ਼ ਵੀ ਸਰੀਰ ਅਤੇ ਮਨ ਦੀ ਸਫਾਈ ਹੀ ਸਨ ।

ਇੱਥੇ ਇਹ ਗੱਲ ਦੱਸ ਦੇਣ ਵਿਚ ਕੋਈ ਹਰਜ਼ ਨਹੀਂ ਕਿ 'ਮਹਿਮਾ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਆਦਿਕ ਗਰੰਥਾਂ ਵਿਚ, ਜਿਹਨਾਂ ਵਿਚ ਗੁਰੂ ਆਸ਼ੇ ਅਤੇ ਹਕੀਕਤ ਵਿਰੁਧ ਉਪਰੋਕਤ ਸਾਖੀ ਲਿਖੀ ਗਈ ਹੈ, ਹੋਰ ਹੋਰ ਥਾਵਾਂ ਤੇ ਇਸ ਖਿਆਲ ਦੇ ਵਿਰੁਧ ਆਪਾ-ਵਿਰੋਧੀ ਵਿਚਾਰ ਦੇ ਦਿਤੇ ਗਏ ਹਨ । ਮਹਿਮਾ ਪ੍ਰਕਾਸ਼ ਦੀਆਂ 'ਨਿਤਾਕਰਮ' ਅਤੇ 'ਸਿੱਖੀ ਰਹਿਣੀ' ਵਾਲੀਆਂ ਸਾਖੀਆਂ ਸਬੂਤ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ । ਕਵੀ ਸੰਤੋਖ ਸਿੰਘ ਦੇ ਗੁਰਪ੍ਰਤਾਪ ਸੂਰਜ ਵਿਚਲੀ ਗੁਰੂ ਸਾਹਿਬ ਦੇ 'ਨਿਤ ਬਿਵਹਾਰ' ਨੂੰ ਬਿਆਨ ਕਰਨ ਵਾਲੀ ਸਾਖੀ ਤਾਂ ਆਪ ਹੀ ਗੁਰਦੇਵ ਦੇ ਦਹੀਂ ਨਾਲ ਰੋਜ਼ਾਨਾ ਕੇਸੀਂ ਇਸ਼ਨਾਨ ਕਰਨ ਦਾ ਜ਼ਿਕਰ ਕਰਕੇ ਕਿਰਮਾਂ ਵਾਲੀਆਂ ਮਨਘੜਤ ਗੱਪਾਂ ਦਾ ਮਾਨੋਂ ਪੋਲ ਖੋਲ੍ਹ ਦਿੰਦੀ ਹੈ ।

ਮੁਦਾ ਇਹ ਕਿ ਕੌਮ ਦੀਆਂ ਸਮੂਹ ਕੇਂਦਰੀ ਸੰਸਥਾਵਾਂ ਨੂੰ ਇਤਿਹਾਸ ਦੀ ਸੁਧਾਈ ਲਈ ਉਚੇਚੇ ਜਤਨ ਕਰਨ ਬਾਰੇ ਅਸਰ-ਭਰਪੂਰ ਕੰਮ ਕਰਨਾ ਚਾਹੀਦਾ ਹੈ । ਕੇਵਲ ਮਾਤਰ ਜਲੂਸ ਕੱਢ ਦੇਣ ਅਤੇ ਲੋਕ-ਦਿਖਾਵੇ ਵਾਲੇ ਸਮਾਗਮ ਰਚਾ ਲੈਣੇ ਕਾਫੀ ਨਹੀਂ ਹਨ । ਗੁਰਬਾਣੀ ਸਿਧਾਂਤ ਤੇ ਗੁਰ ਇਤਿਹਾਸ ਆਪਣੇ ਅਸਲ ਰੂਪ ਵਿਚ ਹਰ ਪ੍ਰਾਣੀ ਮਾਤਰ ਤਕ ਪੁਚਾਉਣ ਲਈ ਠੋਸ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ ।

# ਗੁਰਗੱਦੀ ਜੀਵਨ ਦੀ ਗਾਥਾ

## (ੳ) ਦਾਸੂ ਜੀ ਤੇ ਦਾਤੂ ਜੀ ਵਲੋਂ ਵਿਰੋਧਤਾ

ਜਿਵੇਂ ਕਿ ਪਹਿਲੇ ਹੀ ਦਸਿਆ ਜਾ ਚੁਕਾ ਹੈ ਕਿ ਮਾਰਚ 1552 ਨੂੰ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਮੱਤ ਦੇ ਪਰਚਾਰ ਕਰਨ ਦੀ ਪੂਰੀ ਜ਼ਿੰਮੇਵਾਰੀ ਗੁਰਗੱਦੀ ਦੇ ਰੂਪ ਵਿਚ ਬਖਸ਼ ਦਿਤੀ ਸੀ। ਗੁਰੂ ਅੰਗਦ ਦੇਵ ਜੀ ਦੇ ਦੋਨੋਂ ਸਾਹਿਬਜ਼ਾਦੇ ਇਸ ਗੱਲ ਤੇ ਉਕੇ ਹੀ ਖੁਸ਼ ਨਹੀਂ ਸਨ। ਮਾਤਾ ਖੀਵੀ ਜੀ ਨੇ ਦੋਨਾਂ ਨੂੰ ਬਹੁਤ ਸਮਝਾਇਆ ਕਿ ਗੁਰਗੱਦੀ ਵਿਰਾਸਤ ਦੀ ਵਸਤੂ ਨਹੀਂ ਹੈ, ਜੋ ਪਿਓ ਮਗਰੋਂ ਪੁੱਤਰਾਂ ਨੂੰ ਮਿਲ ਜਾਏ। ਇਹ ਪ੍ਰਮੇਸ਼ਰ ਅਰ ਗੁਰੂ ਨਾਨਕ ਪਾਤਸ਼ਾਹ ਦੀ ਰਜ਼ਾ ਅਨੁਸਾਰ ਮਿਲੀ ਬਖਸ਼ਸ਼ ਹੁੰਦੀ ਹੈ। ਇਹ ਪੂਜਾ ਕਰਵਾਉਣ ਲਈ ਨਹੀਂ, ਇਹ ਤਾਂ ਤੱਪਦੇ-ਸੜਦੇ ਸੰਸਾਰਕ ਜੀਵਾਂ ਨੂੰ ਸੱਚ-ਧਰਮ ਦੀ ਠੰਡਕ ਦੇਣ ਲਈ ਉਹਨਾਂ ਨੂੰ ਆਦਰਸ਼ਕ ਜੀਵਨ ਜੀਉਣ ਦੀ ਜਾਚ ਸਿਖਾਲਣ ਲਈ ਅਤੇ ਪ੍ਰਮੇਸ਼ਰ-ਪ੍ਰਾਪਤੀ ਦਾ ਵੱਲ ਦੱਸਣ ਲਈ ਸੌਂਪੀ ਗਈ ਬੜੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਪਰ ਮਨ ਦੇ ਵੇਗਾਂ ਮਗਰ ਦੌੜਨ ਕਾਰਨ ਦੋਹਾਂ ਸਾਹਿਬਜ਼ਾਦਿਆਂ ਉਤੇ ਮਾਤਾ ਖੀਵੀ ਜੀ ਦੇ ਉਤਮ ਉਪਦੇਸ਼ ਦਾ ਕੋਈ ਅਸਰ ਨਾ ਹੋਇਆ।

ਦਾਸੂ ਜੀ ਅਰ ਦਾਤੂ ਜੀ ਦੋਨੋਂ ਸਾਹਿਬਜ਼ਾਦੇ ਇਹ ਜਰ ਨਹੀਂ ਸਨ ਸਕ ਰਹੇ ਕਿ ਉਹਨਾਂ ਦੇ ਹੁੰਦਿਆਂ ਬਾਹਰੋਂ ਆ ਕੇ ਕੋਈ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਦਾ ਮਾਲਕ ਬਣ ਜਾਏ । ਇਸ ਸਮੇਂ ਤਕ ਸਿੱਖੀ ਦਾ ਪਰਚਾਰ ਬਹੁਤ ਹੋ ਚੁਕਾ ਸੀ । ਦੂਰ-ਦੁਰੇਡੇ ਇਲਾਕਿਆਂ ਚੋਂ ਰੂਹਾਨੀਅਤ ਦੀ ਤਾਲੀਮ ਲੈਣ ਲਈ ਲੋਕੀਂ ਹੁੰਮ ਹੁਮਾ ਕੇ ਆਉਂਦੇ ਸਨ । ਜ਼ਿੰਮੇਵਾਰੀ ਦੇ ਪੱਖ ਨੂੰ ਉਕਾ ਨਾ ਸਮਝਦਿਆਂ ਹੋਇਆਂ ਦਾਤੂ ਜੀ ਅਰ ਦਾਸੂ ਜੀ ਗੁਰਗੱਦੀ ਦੀ ਹੋ ਰਹੀ ਬਾਹਰਮੁਖੀ ਮਾਣਤਾ ਤੇ ਇਜ਼ਤ ਦੀ ਚਕਾਚੌਂਧ ਵਿਚ ਚੁੰਧਿਆਏ ਹੋਏ ਸਨ ਅਤੇ ਅਸਲੀਅਤ ਨ ਸਮਝ ਸਕੇ । ਨਤੀਜਾ ਇਹ ਹੋਇਆ ਕਿ ਉਹਨਾਂ ਦੋਹਾਂ ਦੇ ਮਨਾਂ ਵਿਚ ਈਰਖਾ ਦੇ ਭਾਂਬੜ ਬਲ ਉਠੇ ਅਰ ਉਹ ਇਕ ਜਾਂ ਦੂਜੇ ਢੰਗ ਨਾਲ ਗੁਰੂ ਅਮਰਦਾਸ ਜੀ ਨਾਲ ਕੀਨਾ-ਸਾੜਾ ਕੱਢਣ ਲਗ ਗਏ । ਗੁਰੂ ਅੰਗਦ ਦੇਵ ਜੀ ਨੇ ਪਹਿਲੇ ਤੋਂ ਹੀ ਗੁਰੂ ਅਮਰਦਾਸ ਜੀ ਨੂੰ ਇਹ ਹਦਾਇਤ ਦੇ ਰੱਖੀ ਸੀ ਗੁਰਮਤ ਪਰਚਾਰ ਲਈ ਉਹ ਆਪਣਾ ਹੈਡਕਵਾਰਟਰ ਆਪਣੇ ਵਸਾਏ ਨਗਰ ਗੋਇੰਦਵਾਲ ਨੂੰ ਬਣਾ ਲੈਣ ।

29 ਮਾਰਚ ਸੰਨ 1552 ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ। ਪ੍ਰੋਗਰਾਮ ਅਨੁਸਾਰ ਜ਼ਰੂਰੀ ਸੀ ਕਿ ਗੁਰਮਤਿ ਪਰਚਾਰ ਲਈ ਆਪਣਾ ਮੁਖੀ ਪਰਚਾਰਕ ਕੇਂਦਰ ਖਡੂਰ ਸਾਹਿਬ ਦੀ ਥਾਵੇਂ ਉਹ ਨਵੇਂ (ਆਪਣੇ) ਵਸਾਏ ਨਗਰ ਗੋਇੰਦਵਾਲ ਵਿਖੇ ਕਰ ਲੈਂਦੇ ਅਤੇ ਧਰਮ ਪਰਚਾਰ ਦੀ ਸਮੁੱਚੀ ਜ਼ਿੰਮੇਵਾਰੀ ਨੂੰ ਆਪਣੇ ਸਿਰ ਲੈ ਲੈਂਦੇ।

ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਬੈਠੇ ਹੀ ਸਨ ਕਿ ਸਿੱਖ ਸੰਗਤਾਂ ਹੁੰਮ-ਹੁਮਾਂ ਕੇ ਉਥੇ ਇਕੱਤਰ ਹੋਣ ਲਗੀਆਂ । ਖਡੂਰ ਸਾਹਿਬ ਉਥੋਂ ਦੂਰ ਤਾਂ ਸੀ ਨਹੀਂ । ਉਥੇ ਵੀ ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਸ਼ੋਭਾ ਦੀਆਂ ਖਬਰਾਂ ਪੁਜ ਗਈਆਂ । ਬਾਬਾ ਬੁਢਾ ਜੀ ਅਤੇ ਗੁਰੂ ਅਮਰਦਾਸ ਜੀ ਦਾ ਪ੍ਰੇਮੀ ਗੁਰਸਿੱਖ ਸੇਵਕ ਭਾਈ ਬੱਲੂ ਜੀ ਵੀ ਗੋਇੰਦਵਾਲ ਵਿਖੇ ਆ ਗਏ ਸਨ । ਦਾਸੂ ਜੀ ਖਡੂਰ ਸਾਹਿਬ ਵਿਖੇ ਬੈਠੇ ਬੈਠੇ ਗੁਰੂ ਅਮਰਦਾਸ ਜੀ ਦੀ ਸ਼ੋਭਾ ਨੂੰ ਸੁਣਕੇ ਜਰ ਨ ਸਕੇ । ਕੁਝ ਨਿਜੀ ਸੰਗੀਆਂ, ਸਲਾਹਕਾਰਾਂ ਤੇ ਖੁਸ਼ਾਮਦੀਆਂ ਨੇ ਚੁਕ ਚੁਕਾ ਕੇ ਖਡੂਰ ਸਾਹਿਬ ਵਿਖੇ ਹੀ ਗਦੀ ਲਗਵਾ ਦਿਤੀ । ਇਹਨਾਂ ਵਿਚੋਂ ਕੋਈ ਭੀ ਇਹ ਨਹੀਂ ਸੀ ਸਮਝ ਸਕਿਆ ਕਿ ਗੁਰਗੱਦੀ ਨਾ ਤਾਂ ਸੰਸਾਰਕ ਮੁਰਾਤਬਾ ਹੈ ਤੇ ਨਾ ਹੀ ਵਿਰਾਸਤ ਵਾਲੀ ਚੀਜ਼ ਹੈ । ਕੁਝ ਅਰਸਾ ਦਾਸੂ ਜੀ ਨੇ ਗੁਰੂ ਬਣਨ ਦਾ ਪੂਰਾ ਨਾਟਕ ਰਚੀ ਰੱਖਿਆ । ਮਾਤਾ ਖੀਵੀ ਜੀ ਵੀ ਸਮਝਾ ਬੁਝਾ ਕੇ ਹਟ ਗਏ । ਮਾਤਾ ਖੀਵੀ ਜੀ ਨੇ ਦਾਸੂ ਜੀ ਨੂੰ ਸਪਸ਼ਟ ਸਮਝਾਇਆ ਕਿ ਗੁਰੂ ਬਣਨਾ ਬੜੀ ਵੱਡੀ ਜ਼ਿੰਮੇਵਾਰੀ ਹੈ ਅਤੇ ਪ੍ਰਮੇਸ਼ਰ ਦੀ ਪੂਰਨ ਬਖਸ਼ਸ਼ ਪ੍ਰਾਪਤ ਗੁਰੂ ਅਮਰਦਾਸ ਜੀ ਨਾਲ ਅੜਨਾ ਜਾਂ ਵੈਰ ਕਰਨਾ ਇਸੇ ਪ੍ਰਕਾਰ ਦੀ ਮੂਰਖਤਾ ਹੈ ਜਿਵੇਂ ਅਠੂਹਿਆਂ ਦਾ ਮਾਂਦਰੀ ਸੱਪਾਂ ਨੂੰ ਜਾ ਹੱਥ ਪਾਏ । ਇਸ ਸਬੰਧੀ ਮਾਝ ਕੀ ਵਾਰ ਵਿਚ ਆਏ ਗੁਰੂ ਅੰਗਦ ਦੇਵ ਜੀ ਦੇ ਸਲੋਕ ਦੀ ਸਿਖਿਆ ਵੀ ਦਿਤੀ ਗਈ । ਯਥਾ : -

**"ਮੰਤ੍ਰੀ ਹੋਇ ਅਠੂਹਿਆਂ ਨਾਗੀਂ ਲਗੈ ਜਾਇ ॥**
**ਆਪਣ ਹਥੀ ਆਪਣੈ, ਦੇ ਕੂਚਾ ਆਪੇ ਲਾਇ ॥**
**ਹੁਕਮੁ ਪਾਏ ਧੁਰਿ ਖਸਮ ਕਾ, ਅਤੀ ਹੂੰ ਧਕਾ ਖਾਇ ॥**
**ਗੁਰਮੁਖ ਸਿਉ ਮਨਮੁਖੁ ਅੜੈ, ਡੁਬੈ ਹਕਿ ਨਿਆਇ ॥"**

(ਮਾਝ ਕੀ ਵਾਰ, ਪੰਨਾ ੧੪੮)

ਭਾਵ ਜੇ ਕੋਈ ਮਨੁਖ ਹੋਵੇ ਤਾਂ ਅਠੂਹਿਆਂ ਦਾ ਮਾਂਦਰੀ, ਤੇ ਹੱਥ ਜਾ ਪਏ ਸੱਪਾਂ ਨੂੰ, ਤਾਂ ਮਾਨੋਂ ਆਪਣੇ ਹੱਥਾਂ ਨਾਲ ਆਪਣੇ ਆਪ ਨੂੰ ਲਾਂਬੂ ਲਾਂਦਾ ਹੈ । ਰੱਬ ਦਾ ਅਟਲ ਕਾਨੂੰਨ ਹੀ ਇਹ ਹੈ ਕਿ ਇਸ ਪ੍ਰਕਾਰ ਦੀ ਅੱਤ ਚੁਕਣ (ਅਰਥਾਤ ਐਸੀ ਮੂਰਖਤਾ ਕਰਨ) ਨਾਲ ਅਜਿਹਾ ਬੰਦਾ ਰਬੋਂ ਹੀ ਧੱਕਾ ਖਾਂਦਾ ਹੈ । ਪ੍ਰਮੇਸ਼ਰ ਦਾ ਸੱਚਾ ਇਨਸਾਫ ਹੀ ਐਸਾ ਹੈ ਕਿ ਜੋ ਮਨਮੁਖ ਪੁਰਖ ਗੁਰਮੁਖ ਆਤਮਾ ਨਾਲ ਅੜਦਾ ਹੈ, ਉਹ ਵਿਕਾਰਾਂ ਦੇ ਸਾਗਰ ਵਿਚ ਡੁਬ ਕੇ ਆਪਣਾ ਆਤਮਕ ਜੀਵਨ ਤਬਾਹ ਕਰ ਲੈਂਦਾ ਹੈ ।

ਆਪਣੇ ਜੀਵਨ ਦੀ ਪਰਖ ਪੜਚੋਲ ਕਰਨ ਦੀ ਥਾਵੇਂ ਜੇ ਮਨਮੁਖ ਹੰਕਾਰੀ ਪੁਰਖ ਗੁਰਮੁਖ ਆਤਮਾ ਨਾਲ ਵੈਰ ਕਮਾਏ, ਤਾਂ ਉਸ ਮਨਮੁਖ ਦੇ ਹਸ਼ਰ ਬਾਰੇ ਗੁਰੂ ਅੰਗਦ ਦੇਵ ਜੀ ਨੇ ਉਸੇ ਮਾਝ ਕੀ ਵਾਰ ਵਿਚ ਇਉ ਫੁਰਮਾਇਆ ਹੈ : -

**" ਨਾਨਕ ਪਰਖੇ ਆਪ ਕਉ, ਤਾਂ ਪਾਰਖੁ ਜਾਣੁ ॥**
**ਰੋਗੁ ਦਾਰੂ ਦੋਵੈਂ ਬੁਝੈ, ਤਾਂ ਵੈਦੁ ਸੁਜਾਣੁ ॥**

ਵਾਟ ਨ ਕਰਈ ਮਾਮਲਾ, ਜਾਣੈ ਮਿਹਮਾਣੁ ॥
ਮੂਲੁ ਜਾਣਿ ਗਲਾਂ ਕਰੇ, ਹਾਣਿ ਲਾਇ ਹਾਣੁ ॥
ਲਬਿ ਨ ਚਲਈ ਸਚਿ ਰਹੈ, ਸੋ ਵਿਸਟੁ ਪਰਵਾਣੁ ॥
ਸਰੁ ਸੰਧੈ ਆਗਾਸ ਕਉ, ਕਿਉ, ਪਹੁਚੈ ਬਾਣੁ ॥
ਅਗੈ ਓਹੁ ਅਗੰਮੁ ਹੈ, ਵਾਹੇਦੜੁ ਜਾਣੁ ॥ (ਮਾਝ ਕੀ ਵਾਰ, ਪੰਨਾ ੧੪੮)

ਭਾਵ ਇਹ ਕਿ ਉਸ ਪੁਰਖ ਨੂੰ ਹੀ ਸੱਚਾ ਪਾਰਖੂ ਸਮਝੋ, ਜੋ ਆਪਣੇ ਆਪ ਦੀ (ਆਪਣੇ ਅਉਗੁਣਾਂ ਦੀ) ਪਰਖ ਪੜਚੋਲ ਕਰਦਾ ਹੋਵੇ । ਉਹੋ ਪੁਰਖ ਹੀ ਸਿਆਣਾ ਵੈਦ (ਧਾਰਮਕ ਆਗੂ) ਅਖਵਾ ਸਕਦਾ ਹੈ ਜੋ ਮਨੁਖ ਦੇ ਆਤਮਕ ਰੋਗ ਅਤੇ ਉਸਦੇ ਸਹੀ ਇਲਾਜ ਦੋਹਾਂ ਨੂੰ ਠੀਕ ਤਰ੍ਹਾਂ ਸਮਝਦਾ ਹੋਵੇ । ਜੀਵਨ ਰੂਪੀ ਸਫਰ ਵਿਚ ਹੋਰਨਾਂ ਨਾਲ ਫਜ਼ੂਲ ਝੇੜੇ ਨ ਪਾਂਦਾ ਹੋਵੇ ਅਤੇ ਆਪਣੇ ਆਪ ਨੂੰ ਇਸ ਜਗਤ ਵਿਚ ਮਿਹਮਾਨ ਦੀ ਤਰ੍ਹਾਂ ਕੇਵਲ ਥੋੜਾ ਸਮਾਂ ਟਿਕਣ ਵਾਲਾ ਹੀ ਸਮਝੇ । ਆਪਣੇ ਮੂਲ (ਪ੍ਰਮੇਸ਼ਰ) ਨੂੰ ਚੰਗੀ ਤਰ੍ਹਾਂ ਜਾਣਦਿਆਂ ਹੋਇਆਂ ਸੰਸਾਰ ਵਿਚ ਸਭ ਗੱਲਾਂ (ਕੰਮ) ਕਰੇ ਅਤੇ ਸਚੇ ਸਤਿਸੰਗੀਆਂ ਨਾਲ ਮਿਤਰਤਾ ਪਾਏ । ਜੋ ਪੁਰਖ ਜੀਵਨ ਵਿਚ ਲੱਬ ਆਸਰੇ ਨਹੀਂ ਚਲਦਾ ਅਤੇ ਹਮੇਸ਼ਾ ਸਦਾਥਿਰ ਰੱਬ ਵਿਚ ਲੀਨ ਰਹਿੰਦਾ ਹੈ, ਕੇਵਲ ਉਹੋ ਪੁਰਖ ਹੀ ਦੂਜਿਆਂ ਦੀ ਆਤਮਕ ਕਲਿਆਣ ਲਈ ਪਰਵਾਣੁ ਵਿਚੋਲਾ ਬਣ ਸਕਦਾ ਹੈ । ਜੇ ਥੋਥਾ ਮਨਮੁਖ ਆਕਾਸ਼ ਵਰਗੀ ਉੱਚੀ ਆਤਮਕ ਅਵਸਥਾ ਵਾਲੇ ਪੁਰਖ ਉਤੇ ਆਪਣੀ ਈਰਖਾ ਦਾ ਤੀਰ ਚਲਾਏ, ਤਾਂ ਅਗੰਮੀ ਉੱਚੀ ਆਤਮਕ ਅਵੱਸਥਾ ਵਾਲੇ ਪੁਰਖ ਨੂੰ ਈਰਖਾ ਅਤੇ ਵਿਰੋਧਤਾ ਦਾ ਇਹ ਤੀਰ ਕਿਵੇਂ ਨੁਕਸਾਨ ਪੁਚਾ ਸਕਦਾ ਹੈ ? ਬਲਕਿ ਸੱਚ ਤਾਂ ਇਹ ਹੈ ਈਰਖਾ ਦਾ ਐਸਾ ਤੀਰ ਪਰਤ ਕੇ ਈਰਖਾਲੂ ਵਾਹੇਂਦੜ (ਤੀਰ ਚਲਾਉਣ ਵਾਲੇ) ਨੂੰ ਜ਼ਖਮੀ ਕਰਦਾ ਹੈ ਅਰਥਾਤ ਮਨਮੁਖ ਈਰਖਾਲੂ, ਭਲੇ ਪੁਰਖ ਨਾਲ ਕੀਤੀ ਈਰਖਾ ਨਾਲ ਖੁਦ ਹੀ ਸੜ੍ਹਦਾ-ਕ੍ਰਿਝਦਾ ਹੈ ਅਤੇ ਆਪਣਾ ਆਤਮਕ ਜੀਵਨ ਬਰਬਾਦ ਕਰ ਲੈਂਦਾ ਹੈ ।

ਮਾਤਾ ਖੀਵੀ ਜੀ ਦੇ ਇਹਨਾਂ ਉਪਦੇਸ਼ਾਂ ਦਾ ਦਾਸੂ ਜੀ ਉਤੇ ਕੋਈ ਅਸਰ ਨ ਪਿਆ । ਉਹ ਸਦਾ ਇਹ ਸੋਚਦੇ ਸਨ ਕਿ ਗੁਰੂ ਅਮਰਦਾਸ ਜੀ ਦੀ ਥਾਂ ਜੇ ਉਹੋ ਸਿੱਖਾਂ ਦੇ ਗੁਰੂ ਬਣ ਜਾਂਦੇ, ਤਾਂ ਗੁਰੂ ਅਮਰਦਾਸ ਜੀ ਦੀ ਥਾਵੇਂ ਉਹਨਾਂ ਦੀ ਐਸੀ ਸ਼ੋਭਾ, ਵਡਿਆਈ ਅਤੇ ਮਾਣਤਾ ਹੁੰਦੀ । ਇਸ ਮਾਇਕ ਚਕਾਚੌਂਧ ਵਿਚ ਫੱਸ ਕੇ ਆਪ ਆਪਣੇ ਖੁਸ਼ਾਮਦੀਆਂ ਦੇ ਚੁਕੇ-ਚੁਕਾਏ ਕੁਝ ਦਿਨਾਂ ਲਈ ਖਡੂਰ ਸਾਹਿਬ ਵਿਚ ਗੁਰੂ ਹੋਣ ਦਾ ਨਾਟਕ ਕਰਦੇ ਰਹੇ । ਲੋਕਾਂ ਨੂੰ ਵਰ, ਉਪਦੇਸ਼ ਆਦਿ ਦੇਵ ਦਾ ਢੌਂਗ ਵੀ ਰਚੱਦੇ ਰਹੇ । ਕਰਨੀ ਪਰਮੇਸ਼ਰ ਦੀ ਕਿ ਦਾਸੂ ਜੀ ਦਾ ਸਿਰ ਫਿਰ ਗਿਆ । ਸਿਰ ਉਤੇ ਦਿਮਾਗੀ ਦੌਰੇ-ਤੇ-ਦੌਰਾ ਪੈਣ ਲਗਾ ਜਿਸ ਨਾਲ ਆਪ ਬੇਹੱਦ ਦੁਖੀ ਰਹਿਣ ਲਗੇ । ਇਸ ਦਾ ਅਸਰ ਉਹਨਾਂ ਦੀ ਸੇਵਕੀ ਉਤੇ ਭੀ ਚੋਖਾ ਪੈਣ ਲਗਾ । ਸਿਰ ਉਤੇ ਦੁਖ ਪੈਣ ਤੇ ਕੁਝ ਸੁਰਤ ਟਿਕਾਣੇ ਆਈ । ਮਾਤਾ ਖੀਵਾ ਜੀ ਨੇ ਵੀ ਦਾਸੂ ਜੀ ਨੂੰ ਉਹਨਾਂ ਦੀ ਮਹਾਨ ਗਲਤੀ ਦਾ ਅਹਸਾਸ ਕਰਾਇਆ ਅਤੇ ਇਸ ਤਰ੍ਹਾਂ ਉਹਨਾਂ ਦੇ ਗੁਰੂ ਬਣਨ ਦਾ ਡਰਾਮਾ ਸਮਾਪਤ ਹੋ ਗਿਆ । ਇਤਿਹਾਸ

ਦਸਦਾ ਹੈ ਕਿ ਉਹਨਾਂ ਨੇ ਆਪ ਗੋਇੰਦਵਾਲ ਸਾਹਿਬ ਜਾ ਕੇ ਗੁਰੂ ਅਮਰਦਾਸ ਜੀ ਪਾਸੋਂ ਆਪਣੀ ਭੁਲ ਬਖਸ਼ਵਾਈ ।

ਭਾਈ ਗੁਰਦਾਸ ਜੀ ਨੇ ਦਾਸੂ ਜੀ ਦੇ ਨਾਲ ਨਾਲ ਦਾਤੂ ਜੀ ਬਾਰੇ ਵੀ ਆਪਣੀ 26ਵੀਂ ਵਾਰ ਦੀ 33ਵੀਂ ਪਉੜੀ ਵਿਚ ਥੋੜਾ ਜ਼ਿਕਰ ਕੀਤਾ ਹੈ । ਯਥਾ :—

" ਮੰਜੀ ਦਾਸੁ ਬਹਾਲਿਆ, ਦਾਤੂ ਸਿਧਾਸਣ ਸਿਖ ਆਇਆ ।। "

ਦਾਸੂ ਜੀ ਗੁਰੂ ਬਣਨ ਦੇ ਜਤਨ ਵਿਚ ਨਾਕਾਮਯਾਬ ਹੋ ਕੇ ਚੁਪ ਕਰ ਰਹੇ । ਦਾਤੂ ਜੀ ਦੇ ਮਨ ਵਿਚ ਗੁਰੂ ਬਣਨ ਦੀ ਬਹੁਤ ਲਾਲਸਾ ਅਰ ਉਮੰਗ ਸੀ । ਦਾਤੂ ਜੀ ਵੀ ਇਸ ਅਸਲੀਅਤ ਨੂੰ ਨਹੀਂ ਪਛਾਣ ਸਕੇ ਕਿ ਪੂਰਨ ਬਖਸ਼ਸ਼ ਅਰ ਗੁਣਾ ਬਿਨਾਂ ਗੁਰੂ ਨਹੀਂ ਬਣਿਆ ਜਾ ਸਕਦਾ । ਜਿਵੇਂ ਜਿਵੇਂ ਗੁਰੂ ਅਮਰਦਾਸ ਜੀ ਦੀ ਸੋਭਾ ਅਰ ਵਡਿਆਈ ਦੇ ਸਮਾਚਾਰ ਆਪ ਨੂੰ ਖਡੂਰ ਸਾਹਿਬ ਬੈਠੇ-ਬੈਠੇ ਮਿਲਦੇ ਜਾ ਰਹੇ ਹਨ ਤਿਉਂ ਤਿਉਂ ਉਹਨਾਂ ਦੇ ਮਨ ਵਿਚ ਗੁਰੂ ਬਣਨ ਦੀ ਖੇਹ ਹੋਰ ਵਧੀਕ ਪੈਣ ਲੱਗ ਗਈ ।

ਗੁਰੂ ਅਮਰਦਾਸ ਜੀ ਨੇ ਗੱਦੀ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਗੁਰਮਤ ਪਰਚਾਰ ਲਈ ਅਨੇਕਾਂ ਐਸੇ ਇਨਕਲਾਬੀ ਕਦਮ ਚੁਕੇ ਕਿ ਇਕ ਪਾਸੇ ਤਾਂ ਗੁਰਮਤ ਸਿਧਾਂਤਾਂ ਦੀ ਉਤਮਤਾ ਅਤੇ ਸਤਿਗੁਰੂ ਅਮਰਦਾਸ ਜੀ ਦੀ ਚੁੰਬਕੀ ਸ਼ਖਸੀਅਤ ਨੇ ਹਜ਼ਾਰਾਂ ਲੋਕਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਰੱਬੀ ਝੰਡੇ ਹੇਠ ਲੈ ਆਂਦਾ, ਤੇ ਦੂਜੇ ਪਾਸੇ ਸਦੀਆਂ ਤੋਂ ਆਪੇ ਥਾਪੇ ਧਰਮ ਦੇ ਠੇਕੇਦਾਰਾਂ-ਬ੍ਰਾਹਮਣਾਂ-ਆਦਿਕ ਉੱਚ ਜਾਤੀਏ ਲੋਕਾਂ ਦੇ ਮਨਾਂ ਵਿਚ ਗੁਰਮਤ ਅਤੇ ਗੁਰੂ ਅਮਰਦਾਸ ਜੀ ਵਿਰੁਧ ਈਰਖਾ ਬਹੁਤ ਵਧ ਗਈ । ਸਦੀਆਂ ਤੋਂ ਜਾਤ-ਪਾਤ ਦੇ ਵਿਤਕਰਿਆਂ ਅਤੇ ਕਰਮ ਕਾਂਡਾਂ ਨੂੰ ਪਰਚਲਤ ਕਰਕੇ ਇਹ ਲੋਟੂ ਲਾਣਾ ਜਨਤਾ ਨੂੰ ਗੁਮਰਾਹ ਕਰਕੇ ਠੱਗਦਾ ਲੁਟਦਾ ਚਲਾ ਆ ਰਿਹਾ ਸੀ । ਗੁਰਮਤ ਗਿਆਨ ਦੀ ਰੋਸ਼ਨੀ ਕਾਰਨ ਜਿਉਂ ਜਿਉਂ ਲੋਕਾਂ ਨੂੰ ਸਚ ਧਰਮ ਦੀ ਸੋਝੀ ਹੁੰਦੀ ਗਈ, ਉਹਨਾਂ ਨੇ ਬ੍ਰਾਹਮਣ ਦਾ ਜੂਲਾ ਉਤਾਰ ਕੇ ਆਜ਼ਾਦ ਹੋ ਜਾਣ ਦਾ ਦਾਅਵਾ ਆਰੰਭ ਕਰ ਦਿਤਾ । ਲੰਗਰ ਤੇ ਸੰਗਤ ਵਿਚ ਮਿਲ ਬੈਠਣ ਵਾਲੇ ਸਾਂਝੀਵਾਲਤਾ ਦੇ ਸਿਧਾਂਤਾਂ ਕਾਰਨ ਬ੍ਰਾਮਣ, ਖਤ੍ਰੀ ਆਦਿ ਉਚਜਾਤੀਏ ਗੁਰੂ ਸਾਹਿਬ ਤੋਂ ਖਿਝ ਜਾਣ, ਇਹ ਸੁਭਾਵਕ ਗਲ ਸੀ । ਨਵੇਂ ਤੌਰ ਤੇ ਫੈਲ ਰਹੇ ਇਸਲਾਮ ਦੇ ਪਰਚਾਰਕਾਂ-ਮੌਲਵੀਆਂ ਮੁਲਾਣਿਆਂ ਨੇ ਭੀ ਗੁਰੂ ਅਮਰਦਾਸ ਜੀ ਦੀ ਸ਼ਖਸੀਅਤ ਅਤੇ ਗੁਰਮਤ ਲਹਿਰ ਨੂੰ ਆਪਣੇ ਰਾਹ ਵਿਚ ਭਾਰੀ ਰੁਕਾਵਟ ਮਹਿਸੂਸ ਕੀਤਾ ।

ਸਮਾਂ ਵੀ ਕੁਝ ਜੁਗ-ਗਰਦੀ ਵਾਲਾ ਹੀ ਜਾ ਰਿਹਾ ਸੀ । ਖ਼ਿਆਲ ਰਹੇ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਨ 1541 ਵਿਚ ਸਿੱਖੀ ਵਿਚ ਪ੍ਰਵੇਸ਼ ਕੀਤਾ ਸੀ ਅਤੇ ਸੰਨ 1552 ਦੇ ਸ਼ੁਰੂ-ਸ਼ੁਰੂ ਵਿਚ ਆਪ ਨੇ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਸੀ । ਹਮਾਯੂੰ ਨੂੰ ਸ਼ੇਰਸ਼ਾਹ ਸੂਰੀ ਨੇ 17 ਮਈ ਸੰਨ 1540 ਵਿਚ ਕਨੌਜ ਦੇ ਮੈਦਾਨ ਵਿਚ ਹਰਾ ਕੇ ਹਿੰਦ ਵਿਚੋਂ ਨਠਾ ਦਿਤਾ ਸੀ, ਪਰ ਕਾਲਿੰਜਰ ਦੇ ਕਿਲ੍ਹੇ ਨੂੰ ਫ਼ਤਹਿ ਕਰਨ ਸਮੇਂ ਹਾਸਲ ਜ਼ਖਮਾਂ

ਕਾਰਨ 22 ਮਈ ਸੰਨ 1545 ਵਿਚ ਇਸਦੀ ਵੀ ਫੂਕ ਨਿਕਲ ਗਈ । ਸ਼ੇਰਸ਼ਾਹ ਸੂਰੀ ਦੀ ਅੰਸ਼ ਹਕੂਮਤ ਸੰਭਾਲ ਨ ਸਕੀ । ਫਰਵਰੀ ਸੰਨ 1555 ਵਿਚ ਹਮਾਯੂੰ ਨੇ ਲਾਹੋਰ ਖੋਹ ਲਿਆ ਅਤੇ ਜੂਨ ਸੰਨ 1555 ਵਿਚ ਸ਼ੇਰ ਸ਼ਾਹ ਦੇ ਭਤੀਜੇ ਸਿਕੰਦਰ ਸੂਰੀ ਨੂੰ ਸਰਹੰਦ ਦੇ ਜੰਗ ਵਿਚ ਹਾਰ ਦਿਤੀ ਅਰ ਜੁਲਾਈ ਸੰਨ 1555 ਵਿਚ ਉਹ ਦਿੱਲੀ ਉਤੇ ਦੁਬਾਰਾ ਕਾਬਜ਼ ਹੋ ਗਿਆ ਹੈ । ਉਸਦੇ 13 ਸਾਲਾਂ ਪੁਤਰ ਅਕਬਰ ਨੂੰ ਨਵਾਂ ਨਵਾਂ ਹੀ ਲਾਹੌਰ ਦਾ ਗਵਰਨਰ ਥਾਪਿਆ ਗਿਆ ਸੀ । ਕੁਦਰਤੀ ਗਲ ਸੀ ਕਿ ਇਸ ਰਾਜਗਰਦੀ ਦੇ ਦਿਨਾਂ ਵਿਚ ਸਮਾਜ ਦੇ ਨਾਮਧਰੀਕ ਚੌਧਰੀ ਬ੍ਰਾਹਮਣ, ਮੁਲਾਣੇ ਸ਼ੇਖ ਆਦਿ ਸਮਾਜ ਵਿਚ ਆਪਣਾ ਰਸੂਖ ਵਧਾਉਣ ਅਤੇ ਰਾਜ ਦਰਬਾਰ ਵਿਚ ਆਪਣੀ ਪੋਜ਼ੀਸ਼ਨ ਬਣਾਉਣ ਲਈ ਪੈਰ ਮਾਰ ਰਹੇ ਸਨ ! ਗੋਇੰਦਾ ਮਰਵਾਹ, ਜੋ ਗੁਰੂ ਜੀ ਦਾ ਅਨੰਨ ਭਗਤ ਅਰ ਸ਼ਰਧਾਲੂ ਸੀ, ਤੇ ਜਿਸਦੀ ਬੇਨਤੀ ਤੇ ਗੁਰੂ ਅਮਰਦਾਸ ਜੀ ਨੇ ਇਹ ਨਗਰ ਵਸਾਉਣ ਵਿਚ ਸਹਾਇਤਾ ਦਿਤੀ ਸੀ : ਉਹ ਚੜ੍ਹਾਈ ਕਰ ਚੁੱਕਾ ਸੀ । ਗੋਇੰਦੇ ਦਾ ਪੁਤਰ ਗੁਰੂ ਘਰ ਦਾ ਦੇਣਦਾਰ ਹੋਣ ਦੀ ਥਾਵੇਂ ਗੁਰੂ-ਧ੍ਰੋਹੀ ਅਤੇ ਈਰਖਾਲੂ ਸੀ । ਉਸਨੂੰ ਅਤੇ ਉਸ ਕਿਸਮ ਦੇ ਹੋਰ ਖਤਰੀਆਂ ਨੂੰ ਗੁਰੂ ਅਮਰਦਾਸ ਜੀ ਵਿਰੁਧ ਮਦਦ ਲਈ ਦਾਤੂ ਜੀ ਨੇ ਆਪਣੇ ਨਾਲ ਗੰਢ ਲਿਆ । ਇਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਉੱਚ ਜਾਤੀਏ ਬ੍ਰਾਹਮਣਾਂ ਅਤੇ ਖਤਰੀਆਂ ਦੀ ਚੁੱਕ ਨ ਹੁੰਦੀ ਤਾਂ ਸ਼ਾਇਦ ਦਾਤੂ ਜੀ ਇਤਨਾ ਨਿਤਰ ਕੇ ਗੁਰੂ-ਘਰ ਵਿਰੁਧ ਮੈਦਾਨ ਵਿਚ ਨਾ ਆਉਂਦੇ । ਆਖਰ ਤਿਨੰ ਚਾਰ ਸਾਲਾਂ ਤੋਂ ਉਹ ਦੱਝ ਵਟ ਕੇ ਚਲ ਹੀ ਰਹੇ ਸਨ ।

ਬ੍ਰਾਹਮਣਾਂ ਅਤੇ ਖਤਰੀਆਂ ਨੂੰ ਸਰਬ-ਸਾਂਝੀਵਾਲਤਾ ਦਾ ਸਿਧਾਂਤ ਪਸੰਦ ਨਹੀਂ ਸੀ ਆ ਸਕਦਾ । ਦਾਤੂ ਜੀ ਦੇ ਰੂਪ ਵਿਚ ਉਹਨਾਂ ਸਭਨਾਂ ਨੂੰ ਗੁਰੂ ਘਰ ਵਿਚ ਵਿਘਨ ਪਾਉਣ ਲਈ ਚੰਗਾ ਹਥਿਆਰ ਹੱਥ ਆ ਗਿਆ । ਦਾਤੂ ਜੀ ਨੂੰ ਦਾਸੂ ਜੀ ਦੇ ਨਾਕਾਮਯਾਬ ਜਤਨ ਬਾਰੇ ਤਾਂ ਪਤਾ ਹੀ ਸੀ । ਜਿਵੇਂ ਜਿਵੇਂ ਕਰਕੇ ਗੁਰਤਾ-ਗਦੀ ਹਾਸਲ ਕਰਨ ਲਈ ਉਹਨਾਂ ਨੇ ਪ੍ਰਾਣਾਯਾਮ ਦੀ ਸਾਧਨਾ ਸਿੱਖੀ । ਸਿੱਧਾਸਣ ਸਿੱਖਣ ਪਿਛੇ ਉਹਨਾਂ ਦਾ ਮੰਤਵ ਇਹ ਸੀ ਕਿ ਇਸ ਨਾਲ ਉਹ ਕਰਾਮਾਤੀ ਤਾਕਤਾਂ ਹਾਸਲ ਕਰਕੇ ਲੋਕਾਂ ਨੂੰ ਵਰ-ਸ੍ਰਾਪ ਦੇ ਸਕਣਗੇ ਅਤੇ ਇਸ ਤਰ੍ਹਾਂ ਸਿੱਖਾਂ ਵਿਚ ਉਹਨਾਂ ਦੀ ਮਾਣਤਾ ਵਧ ਜਾਏਗੀ । ਅਜਿਹੇ ਨਖਿਧ ਮੱਤ ਦਾ ਖੰਡਨ ਗੁਰੂ ਨਾਨਕ ਦੇਵ ਜੀ ਪਹਿਲੇ ਕਰ ਚੁਕੇ ਸਨ । ਗੁਰਤਾ ਗੱਦੀ ਦੀ ਇਤਨੀ ਤੀਬਰ ਲਾਲਸਾ ਵਾਲੇ ਦਾਤੂ ਜੀ ਦਾ ਕਰਮਕਾਂਡੀ ਅਰ ਵਰਣ ਅਸ਼ਰਮੀ ਧਾਰਮਕ ਠੇਕੇਦਾਰ ਬ੍ਰਾਹਮਣਾਂ ਦੇ ਟੇਟੇ ਚੜ੍ਹ ਜਾਣਾ ਕੁਦਰਤੀ ਬਾਤ ਸੀ ।

ਉਪਰੋਕਤ ਚੌਰਾਸੀ ਦੇ ਚੁਕੇ-ਚੁਕਾਏ ਦਾਤੂ ਜੀ ਇਕ ਦਿਨ ਸ਼ਾਮ ਨੂੰ ਆਪਣੇ ਖੁਸ਼ਾਮਦੀਆਂ, ਝੋਲੀ ਚੁੱਕਾਂ ਅਤੇ ਨਾਰਦ-ਮੁਨੀ ਬ੍ਰਾਹਮਣਾਂ ਦੇ ਟੋਲੇ ਸਮੇਤ ਗੋਇੰਦਵਾਲ ਸਾਹਿਬ ਗੁਰੂ ਅਮਰਦਾਸ ਜੀ ਦੇ ਸਜੇ ਦੀਵਾਨ ਵਿਚ ਆ ਧਮਕੇ । ਇਹ ਜ਼ਿਕਰ ਸੰਨ 1556 ਦਾ ਹੈ । ਦੀਵਾਨ ਦੀ ਐਸੀ ਰੌਣਕ ਅਰ-ਗੁਰ-ਸ਼ੋਭਾ ਦੇਖ ਕੇ ਉਹਨਾਂ ਦੀ ਈਰਖਾ ਭੜਕ ਪਈ । ਗੁਸੇ ਵਿਚ ਆ ਕੇ ਭਰੇ ਦੀਵਾਨ ਵਿਚ ਚੌਂਕੀ ਪੁਰ ਬੈਠੇ ਗੁਰੂ ਅਮਰਦਾਸ ਜੀ ਨੂੰ ਲੱਤ ਮਾਰਕੇ ਚੌਂਕੀ ਤੋਂ ਹੇਠਾਂ ਗਿਰਾ ਦਿਤਾ ਅਤੇ ਆਪ ਖੁੱਦ ਗੁਰਤਾ ਗੱਦੀ ਤੇ ਮਲੋਮਲੀ

ਬਹਿ ਗਏ । ਗੁਰੂ ਅਮਰਦਾਸ ਜੀ ਨੇ ਕਮਾਲ ਠਰੰਮੇ ਅਤੇ ਸਹਿਨਸ਼ੀਲਤਾ ਦਾ ਸਬੂਤ ਦਿਤਾ । ਆਪ ਨੇ ਗੁਰੂ-ਸੁਤ ਜਾਣ ਦਾਤੂ ਜੀ ਦਾ ਆਦਰ ਕਰਦਿਆਂ ਦਾਤੂ ਜੀ ਦੇ ਪੈਰ ਘੁਟਦਿਆਂ ਕਿਹਾ, ਬੁਢੇ ਦੇ ਕਰੜੇ ਹੱਡਾਂ ਉਤੇ ਕੋਮਲ ਚਰਨ ਮਾਰਨ ਨਾਲ ਆਪ ਨੂੰ ਸੱਟ ਲੱਗੀ ਹੋਵੇਗੀ । ਆਪ ਨੂੰ ਜ਼ਰੂਰ ਮੇਰੇ ਕੋਲੋਂ ਕੋਈ ਦੁੱਖ ਪੁਜਾ ਹੈ, ਜਿਸ ਕਾਰਨ ਆਪ ਨੂੰ ਗੁੱਸੇ ਵਿਚ ਲੱਤ ਮਾਰਨੀ ਪਈ । ਆਪ ਹੁਕਮ ਕਰੋ, ਮੇਰੇ ਪਾਸੋਂ ਕੀ ਗੁਸਤਾਖੀ ਹੋਈ ਹੈ, ਤਾਂ ਕਿ ਆਪ ਜੀ ਦੇ ਕ੍ਰੋਧ ਨੂੰ ਸ਼ਾਂਤ ਕੀਤਾ ਜਾ ਸਕੇ ।

ਪੱਥਰ-ਬਿਰਤੀ ਦਾਤੂ ਜੀ ਉਤੇ ਗੁਰੂ ਅਮਰਦਾਸ ਜੀ ਦੀ ਨਿਮਰਤਾ ਅਤੇ ਮਿਠਾਸ ਦਾ ਸਗੋਂ ਉਲਟਾ ਅਸਰ ਹੋਇਆ । ਉਹਨਾਂ ਦੇ ਭਾਣੇ ਗੁਰੂ ਜੀ ਨੇ ਉਹਨਾਂ ਦੇ ਧੱਕੇ ਤੋਂ ਡਰ ਗਏ ਸਨ । ਗੁਰੂ ਅਮਰਦਾਸ ਜੀ ਦੀ ਸੁਭਾਵਕ ਨਿਮਰਤਾ ਨੂੰ ਉਹਨਾਂ ਨੇ ਗੁਰੂ ਅਮਰਦਾਸ ਜੀ ਦੀ ਕਮਜ਼ੋਰੀ ਅਤੇ ਆਪਣੀ ਸਫਲਤਾ ਸਮਝਦਿਆਂ ਹੋਇਆਂ ਝਿੜਕ ਕੇ ਕਿਹਾ " ਗੁਰ ਗਦੀ ਦਾ ਅਸਲ ਵਾਰਸ ਮੈ ਹਾਂ । ਮੈਂ ਹੀ ਗੁਰੂ ਅੰਗਦ ਦੇਵ ਜੀ ਪਿਛੋਂ ਗੁਰੂ ਹਾਂ ਅਤੇ ਸਿਖ ਸੰਗਤਾਂ ਨੂੰ ਉਪਦੇਸ਼ ਦੇਣ ਦਾ ਅਖਤਿਆਰ ਸਿਰਫ਼ ਮੇਰੇ ਕੋਲ ਹੀ ਹੈ । ਸਾਨੂੰ ਜਿਤਨੀ ਸੇਵਾ ਦੀ ਲੋੜ ਸੀ, ਉਹ ਤੁਹਾਥੋਂ ਕਰਵਾ ਲਈ ਹੈ । ਹੁਣ ਤੁਹਾਡੀ ਹੋਰ ਕੋਈ ਸੇਵਾ ਨਹੀਂ ਚਾਹੀਦੀ । ਹੁਣ ਮੇਰਾ ਹੁਕਮ ਕੇਵਲ ਇਹੋ ਹੈ ਕਿ ਇਹ ਨਗਰ ਛੱਡ ਜਾਓ, ਕਿਉਂਕਿ ਗੱਦੀ ਦਾ ਅਸਲ ਵਾਰਸ ਆ ਚੁੱਕਾ ਹਾਂ । " ਬ੍ਰਾਹਮਣਾਂ ਨੂੰ ਪ੍ਰਸੰਨ ਕਰਨ ਲਈ ਤੇ ਉਹਨਾਂ ਦੀ ਖੁਸ਼ਾਮਦ ਕਰਨ ਲਈ ਇਥੋਂ ਤਕ ਕਹਿ ਗਏ ਕਿ ਤੁਸੀਂ ਕੋਣ ਹੁੰਦੇ ਹੋ ਜੋ ਉੱਚੀਆਂ ਨੀਵੀਆਂ ਜ਼ਾਤਾਂ ਨੂੰ ਇਕੱਠੇ ਕਰੋ ਅਤੇ ਵਰਣ ਆਸ਼ਰਮੀ ਮੱਤ ਦੇ ਖਿਲਾਫ ਪਰਚਾਰ ਕਰੋ ?

ਗੁਰੂ ਅਮਰਦਾਸ ਜੀ ਨੇ ਦਾਤੂ ਜੀ ਪ੍ਰਤੀ ਅਸਲੀਅਤ ਸਮਝਾਉਣ ਲਈ ਬਚਨਾਂ ਦਾ ਮਾਧਿਅਮ ਵਰਤਣ ਦੀ ਥਾਂ ਬੜਾ ਮਨੋ-ਵਿਗਿਆਨਕ ਤਰੀਕਾ ਵਰਤਦਿਆਂ ਉਥੋਂ ਚੁਪ ਚਪੀਤੇ ਚਾਲੇ ਪਾ ਦਿਤੇ ਤੇ ਰਾਤੋ ਰਾਤ ਆਪਣੇ ਪਿੰਡ ਬਾਸਰਕੇ ਆ ਗਏ । ਇਧਰ ਆਉਣ ਬਾਰੇ ਸੂਚਨਾ ਹੀ ਕਿਸੇ ਨੂੰ ਨਹੀਂ ਦਿੱਤੀ ।

ਸਿੱਖ ਸੰਗਤਾਂ ਆਪਣੇ ਪਿਆਰੇ ਸਤਿਗੁਰੂ ਦੀ ਹੇਠੀ ਤਾਂ ਬਰਦਾਸ਼ਤ ਨਹੀਂ ਸਨ ਕਰ ਸਕਦੀਆਂ, ਪਰ ਗੁਰੂ ਅਮਰਦਾਸ ਜੀ ਦੀ ਹੱਦ ਦਰਜੇ ਦੀ ਖਿਮਾ-ਸ਼ਕਤੀ, ਧੀਰਜ ਅਤੇ ਸਹਿਨਸ਼ੀਲਤਾ ਕਾਰਨ ਅਰ ਕਿਸੇ ਹੱਦ ਤਕ ਗੁਰੂ ਅੰਗਦ ਦੇਵ ਜੀ ਦੀ ਅੰਸ਼ ਹੋਣ ਕਾਰਨ ਸਭ ਨੇ ਚੁੱਪ ਸਾਧਣਾ ਹੀ ਉਚਿਤ ਜਾਣਿਆ । ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਦਾਤੂ ਜੀ ਨੂੰ ਖੁਲ੍ਹਾ ਮੌਕਾ ਪਰਦਾਨ ਕੀਤਾ ਤਾਂ ਕਿ ਦਾਤੂ ਜੀ ਨੂੰ ਸਮੇਤ ਆਪਣੇ ਬ੍ਰਾਹਮਣ ਤੇ ਖਤਰੀ ਖੁਸ਼ਾਮਦੀਆਂ ਦੇ ਇਸ ਗੱਲ ਦੀ ਸਮਝ ਆ ਜਾਏ ਕਿ ਗੁਰਤਾ-ਗੱਦੀ ਤਾਂ ਵੱਡੇ ਸਤਿਗੁਰਾਂ ਵਲੋਂ ਬਖਸ਼ਸ਼ ਰੂਪ ਵਿਚ ਜ਼ਿੰਮੇਵਾਰੀ ਸੌਂਪੀ ਗਈ ਸੀ ਅਤੇ ਜ਼ੋਰ, ਧੱਕੇ, ਫ਼ਰੇਬ ਜਾਂ ਗੁੰਡਾ-ਗਰਦੀ ਨਾਲ ਗੁਰਗੱਦੀ ਤੇ ਕਦਾਚਿਤ ਕਬਜ਼ਾ ਨਹੀਂ ਕੀਤਾ ਜਾ ਸਕਦਾ ।

ਗੁਰੂ ਅਮਰਦਾਸ ਜੀ ਦੇ ਉਠਕੇ ਚਲੇ ਜਾਣ ਪਿਛੋਂ ਸੰਗਤਾਂ ਭੀ ਇਕ ਇਕ ਕਰਕੇ ਚਲੀਆਂ ਗਈਆਂ । ਕੁਝ ਬ੍ਰਾਹਮਣ ਤੇ ਖਤਰੀ ਖੁਸ਼ਾਮਦੀ, ਝੋਲੀ ਚੁੱਕ ਈਰਖਾਲੂ ਰਹਿ ਗਏ

ਜੋ ਨਾਲ ਲਿਆਂਦੇ ਗਏ ਸਨ ਜਾਂ ਫਿਰ ਨਗਰ ਦਾ ਚੌਧਰੀ ਮਰਵਾਹ, ਜੋ ਗੋਇੰਦੇ ਦਾ ਲੜਕਾ ਸੀ, ਮੌਜੂਦ ਸੀ । ਦੋ ਚਾਰ ਦਿਨ ਬੜੇ ਜਤਨ ਕੀਤੇ ਗਏ । ਦੀਵਾਨ ਲਗਾਉਣ ਦੀਆਂ ਅਸਫਲ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਅਤੇ ਖਡੂਰ ਸਾਹਿਬ ਤੋਂ ਕੁਝ ਡੂਮ ਵੀ ਸ਼ਬਦ ਪੜ੍ਹਣ ਲਈ ਭਾੜੇ ਤੇ ਲਿਆਂਦੇ ਗਏ । ਚੌਧਰੀ ਮਰਵਾਹ ਵੀ ਜ਼ੋਰ ਲਾ ਥੱਕਾ । ਇਕ ਵੀ ਸਿਖ ਨੇ ਮੱਥਾ ਨਾ ਟੇਕਿਆ । ਇਹ ਗੱਲ ਕਿਸ ਤੋਂ ਭੁੱਲੀ ਸੀ ਕਿ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਆਪਣੀ ਹਯਾਤੀ ਵਿਚ ਹੀ ਗੁਰੂ ਗੱਦੀ ਬਖਸ਼ ਦਿਤੀ ਸੀ । ਫਿਰ ਕਿਥੇ ਧਰਮ, ਧੀਰਜ, ਖਿਮਾ, ਮਿਠਾਸ ਤੇ ਗਿਆਨ ਦੀ ਸਾਖਸ਼ਾਤ ਮੂਰਤ ਗੁਰੂ ਅਮਰਦਾਸ ਜੀ ਤੇ ਕਿਥੇ ਈਰਖਾ, ਕਰੋਧ ਅਤੇ ਨਿਜ-ਪੂਜਾ ਵਿਚ ਉਲਝੇ ਦਾਤੂ ਜੀ । ਕਹਾਂ ਰਾਜਾ ਭੋਜ ਅਰ ਕਹਾਂ ਗੰਗੂ ਤੇਲੀ ਤੋਂ ਵੀ ਗੱਲ ਅਗੇ ਸੀ ।

ਅੰਤ ਤਿੰਨ ਚਾਰ ਦਿਨਾਂ ਦੇ ਸਿਰਤੋੜ ਜਤਨਾਂ ਅਤੇ ਜ਼ੋਰ-ਅਜ਼ਮਾਈ ਪਿਛੋਂ ਬੁਰੀ ਤਰ੍ਹਾਂ ਜਲੀਲ ਹੋ ਕੇ ਦਾਤੂ ਜੀ ਨੇ ਖਡੂਰ ਸਾਹਿਬ ਦਾ ਰਾਹ ਫੜਿਆ ਅਰ ਜਾਂਦੇ ਜਾਂਦੇ ਡੇਰੇ ਦਾ ਜੋ ਭੀ ਮਾਲ ਅਸਬਾਬ ਹੱਥ ਆਇਆ, ਖੱਚਰਾਂ ਤੇ ਲੱਦ ਕੇ ਖਡੂਰ ਸਾਹਿਬ ਵੱਲ ਚਾਲੇ ਪਾ ਦਿਤੇ । ਪਰ ਮਾਲ ਖਡੂਰ ਸਾਹਿਬ ਪਹੁੰਚਣ ਤੋਂ ਪਹਿਲਾਂ ਹੀ ਰਾਹ ਵਿਚ ਧਾੜਵੀਆਂ ਹੱਥੋਂ ਲੁਟਿਆ ਗਿਆ । ਧਾੜਵੀਆਂ ਨਾਲ ਹੋਈ ਮੁੱਠਭੇੜ ਵਿਚ ਦਾਤੂ ਜੀ ਦੇ ਪੈਰ ਤੇ ਜ਼ਬਰਦਸਤ ਸੱਟ ਲੱਗੀ, ਜਿਸ ਦਾ ਸਖਤ ਦਰਦ ਕਈ ਬਰਸਾਂ ਤਕ ਦਾਤੂ ਜੀ ਨੂੰ ਰਿਹਾ ।

ਦਾਸੂ ਜੀ ਤੇ ਦਾਤੂ ਜੀ ਨਾਲ ਸਬੰਧਤ ਵਾਰਤਾਵਾਂ ਤੋਂ ਇਕ ਦੋ ਐਸੀਆਂ ਹਕੀਕਤਾਂ ਦੀ ਸਮਝ ਪੈ ਸਕਦੀ ਹੈ ਜੋ ਅੱਜ ਤਕ ਦੇ ਸਾਰੇ ਇਤਿਹਾਸ ਦੀ ਪੜ੍ਹਾਈ ਸਮੇਂ ਚੰਗੀ ਤਰ੍ਹਾਂ ਸਮਝਣੀਆਂ ਜ਼ਰੂਰੀ ਹਨ । ਪਹਿਲੀ ਇਹ ਕਿ ਹਰ ਗੁਰੂ ਜਾਮੇਂ ਸਮੇਂ ਗੁਰਗੱਦੀ ਤੇ ਬੈਠਣ ਦੇ ਚਾਹਵਾਨ ਪ੍ਰਾਣੀ ਸਾਡੇ ਸਮਾਜ ਵਿਚ ਪਰਗਟ ਹੁੰਦੇ ਰਹੇ ਹਨ, ਜੋ ਗੁਰਆਈ ਸਿਧਾਂਤ ਨੂੰ ਨ ਸਮਝਦੇ ਜ਼ੋਰ , ਧੱਕੇ, ਪ੍ਰਾਪੇਗੰਡੇ, ਰਾਜ-ਬਲ ਦੀ ਸਹਾਇਤਾ ਤੇ ਮਾਇਆ ਆਦਿਕ ਹਥਿਆਰਾਂ ਦੇ ਬਲਬੋਤੇ ਮੁਕਾਬਲੇ ਤੇ ਦੇਹਾਧਾਰੀ ਗੁਰੂ ਬਣਨ ਅਤੇ ਪਰਸਿੱਧ ਹੋਣ ਦਾ ਜਤਨ ਕਰਦੇ ਰਹੇ ਹਨ । ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਦੀ ਅਦੁਤੀ ਮਾਣਤਾ, ਵਡਿਆਈ ਅਤੇ ਸਿੱਖਾਂ ਵਿਚ ਸਤਿਗੁਰਾਂ ਪ੍ਰਤੀ ਅਨੰਨ ਸਿਦਕ-ਸ਼ਰਧਾ ਅਜਿਹੇ ਤੱਤ ਹਨ, ਜਿਹੜੇ ਪਖੰਡੀ ਗੁਰੂਆਂ ਅਤੇ ਨਿਜ ਪੂਜਾ ਵਿਚ ਉਲਝਣ-ਉਲਝਾਣ ਵਾਲੇ ਸੁਆਰਥੀ ਅਗਿਆਨੀਆਂ ਦੀਆਂ ਅੱਖਾਂ ਹੀ ਚੁੰਧਿਆ ਛਡਦੇ ਰਹੇ ਹਨ । ਸ਼ਬਦ ਜਾਂ ਬਾਣੀ ਗੁਰੂ ਦੇ ਸਿਧਾਂਤ ਦਾ ਭਰਵਾਂ ਪਰਚਾਰ ਹੀ ਕੌਮ ਨੂੰ ਦੇਹਧਾਰੀ ਗੁਰੂਆਂ ਰੂਪੀ ਜੋਕਾਂ ਤੋਂ ਬਚਾ ਸਕਦਾ ਹੈ । ਖੇਦ ਹੈ ਕਿ ਠੋਸ ਪਰਚਾਰ ਦੀ ਕਮੀ ਕਾਰਨ ਅੱਜ ਭੀ ਪੰਥ ਵਿਚ ਅਨੇਕਾਂ ਦੰਭੀ ਆਪਣੀ ਸੁਆਰਥ ਪੂਰਤੀ ਹਿਤ "ਦੇਹਧਾਰੀ ਗੁਰੂ ਪੂਜਾ" ਦੀ ਦੁਬਿਧਾ ਬੜੇ ਸੰਗਠਤ (organised) ਢੰਗ ਨਾਲ ਵਧਾ ਫੈਲਾ ਰਹੇ ਹਨ ।

ਦੂਜੀ ਹਕੀਕਤ ਇਹ ਸਮਝ ਲੈਣੀ ਚਾਹੀਦੀ ਹੈ ਕਿ ਬ੍ਰਾਹਮਣੀ ਮੱਤ ਦਾ ਬਖੀਆ ਉਧੇੜ ਦੇਣ ਵਾਲੀ ਗਰਮਤ ਦਾ ਵਿਰੋਧ ਚਾਤਰ ਤੇ ਸ਼ਾਤਰ ਬ੍ਰਾਹਮਣ ਅਨੇਕਾਂ ਲੁਕਵੇਂ ਅਤੇ ਟ ਢੰਗਾਂ ਨਾਲ ਕਰਦਾ ਆਇਆ ਹੈ । ਇਸ ਮੰਤਵ ਲਈ ਉਹ ਸ਼ਾਮ, ਦਾਮ, ਦੰਡ,

ਭੇਦ ਸਭ ਨੀਤੀਆਂ ਅਪਨਾਉਂਦਾ ਰਿਹਾ ਹੈ । ਕਦੀ ਘਰ ਵਿਚ ਫੁਟ ਪੁਆ ਕੇ, ਕਦੀ ਲਿਟਰੇਚਰ ਵਿਚ ਰਲਾ ਪਾ ਕੇ ਕਦੀ ਆਪਣੀ ਬਹੁ ਗਿਣਤੀ ਦੇ ਹਥਿਆਰ ਨਾਲ ਤੱਤ ਗੁਰਮਤ ਨੂੰ ਗ੍ਰਹਿਣ ਲਗਾਉਣ ਦਾ ਜਤਨ ਕਰਦਾ ਰਿਹਾ ਹੈ । ਉਪਰੋਕਤ ਬਿਆਨੇ ਕੇਸ ਵਿਚ ਵੀ ਉਹ ਐਸੀ ਚਾਲਾਕ ਚੀਜ਼ ਸਾਬਤ ਹੋਇਆ ਹੈ ਕਿ ਪੁਛੋ ਹੀ ਨਾਂਹ । ਆਪ ਪਿਛੇ ਰਹਿ ਕੇ ਦਾਤੂ ਜੀ ਨੂੰ ਚੁੱਕ-ਚੁੱਕਾਂ ਕੇ ਗੁਰ-ਘਰ ਦੇ ਵੈਰ ਪਾਇਆ । ਉਸਦੀ ਇਸ ਬਿਰਤੀ ਨੂੰ ਅਜ ਵੀ ਸਮਝਣ ਦੀ ਪੂਰੀ ਲੋੜ ਹੈ। ਬਾਹਰੋਂ ਆਏ ਇਸਲਾਮ ਦੇ ਪੈਰੋਕਾਰ ਤਾਂ ਬੜੀ ਛੇਤੀ ਇਸ ਤੱਤ ਨੂੰ ਸਮਝ ਗਏ, ਪਰ ਅਸੀਂ ਵਿਚ ਰਹਿ ਕੇ ਵੀ ਪਰਤਖ ਵਰਗੇ ਪ੍ਰਮਾਣ ਨੂੰ ਨਹੀਂ ਸਮਝ ਸਕੇ । ਇਕ-ਛਤਰ ਇਸਲਾਮ ਦਾ ਬੋਲਬਾਲਾ ਚਾਹੁਣ ਵਾਲੇ ਨੇ ਇਸ ਹਕੀਕਤ ਨੂੰ ਆਪਣੇ ਮੱਤ ਪੁਰ ਘਟਾ ਕੇ ਕੈਸਾ ਸੁਹਣਾ ਬਿਆਨ ਕੀਤਾ ਹੈ:—

**ਯਹ ਦੀਨਿ ਹਜਾਜ਼ੀ ਕਾ ਬੇਬਾਕ ਬੇੜਾ,**
**ਨ ਜੇਹੂੰ ਮੇਂ ਅਟਕਾ ਨ ਸੇਹੂੰ ਮੇਂ ਠਹਰਾ ।**
**ਕੀਏ ਪਾਰ ਜਿਸਨੇ ਥੇ ਸਾਤੋਂ ਸਮੁੰਦਰ,**
**ਵੋਹ ਡੂਬਾ ਦਹਾਨੇ ਮੇਂ ਗੰਗਾ ਕੇ ਆ ਕਰ ।**

ਦਾਤੂ ਜੀ ਤਾਂ ਪੂਰੀ ਤਰ੍ਹਾਂ ਨਿਰਾਸ਼ ਹੋਣ ਪਿਛੋਂ ਜ਼ਲੀਲ ਹੋ ਕੇ ਖਡੂਰ ਸਾਹਿਬ ਵਾਪਸ ਚਲੇ ਗਏ ਸਨ । ਸਿੱਖ ਸੰਗਤਾਂ ਨੇ ਬਾਬਾ ਬੁੱਢਾ ਜੀ, ਜੋ ਸਿੱਖ ਸੰਗਤਾਂ ਵਿਚ ਬਹੁਤ ਹੀ ਆਦਰ ਯੋਗ ਥਾਂ ਰਖਦੇ ਸਨ, ਦੀ ਅਗਵਾਈ ਵਿਚ ਸਤਿਗੁਰੂ ਅਮਰਦਾਸਜੀ ਦੀ ਭਾਲ ਕਰਦਿਆਂ ਕਰਦਿਆਂ ਬਾਸਰਕੇ ਜਾ ਲਭਿਆ । ਬਾਬਾ ਬੁੱਢਾ ਜੀ ਤੇ ਸਭ ਸੰਗਤਾਂ ਨੇ ਗੁਰੂ ਅਮਰਦਾਸ ਜੀ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ਅਰ ਬੇਨਤੀ ਕਰਕੇ ਵਾਪਸ ਗੋਇੰਦਵਾਲ ਸਾਹਿਬ ਵਿਖੇ ਲੈ ਆਏ ਤਾਂਕਿ ਗੁਰੂ ਅੰਗਦ ਦੇਵ ਜੀ ਦੀ ਹਦਾਇਤ ਮੁਤਾਬਿਕ ਸਿੱਖੀ ਪਰਚਾਰ ਦਾ ਕੰਮ ਜ਼ੋਰ ਸ਼ੋਰ ਨਾਲ ਆਰੰਭ ਕੀਤਾ ਜਾ ਸਕੇ ।

## (ਅ) ਸਪੁਤਰੀ ਬੀਬੀ ਭਾਨੀ ਲਈ ਗੁਰੂ ਰਾਮ ਦਾਸ ਜੀ ਦੀ ਚੋਣ

24 ਸਤੰਬਰ ਸੰਨ 1534 ਨੂੰ (ਗੁਰੂ) ਰਾਮਦਾਸ ਜੀ, ਜਿਹਨਾਂ ਦਾ ਪਹਿਲਾ ਨਾਮ ਜੇਠਾ ਜੀ ਸੀ, ਦਾ ਜਨਮ ਲਾਹੌਰ ਦੇ ਚੂਨਾ ਮੰਡੀ ਵਿਚ ਹੋਇਆ ਸੀ । ਬਹੁਤ ਨਿੱਕੀ ਉਮਰ ਵਿਚ ਆਪਦੇ ਮਾਤਾ ਜੀ ਗੁਜਰ ਗਏ । 1541 ਵਿਚ ਜਦ ਆਪ ਕੁਲ ਸਤਾਂ ਸਾਲਾਂ ਦੇ ਸਨ, ਤਦ ਆਪਦੇ ਪਿਤਾ ਜੀ ਭੀ ਅਕਾਲ ਚਲਾਣਾ ਕਰ ਗਏ । ਕੋਈ ਹੋਰ ਸਾਕ ਸਬੰਧੀ ਨ ਹੋਣ ਕਾਰਨ ਉਹਨਾਂ ਦੀ ਨਾਨੀ ਉਹਨਾਂ ਨੂੰ ਬਾਸਰਕੇ ਲੈ ਆਈ ।

ਇਸ ਤਰ੍ਹਾਂ ਸੰਨ 1541 ਵਿਚ ਜੇਠਾ ਜੀ ਦਾ ਮੇਲ (ਗੁਰੂ) ਅਮਰਦਾਸ ਜੀ ਨਾਲ ਹੋ ਗਿਆ । ਇਕ ਯਤੀਮ ਤੇ ਬੇਸਹਾਰਾ ਬੱਚੇ ਲਈ (ਗੁਰੂ) ਅਮਰਦਾਸ ਜੀ ਦੇ ਮਨ ਵਿਚ ਹਮਦਰਦੀ ਪੈਦਾ ਹੋਣੀ ਕੁਦਰਤੀ ਜਿਹੀ ਗਲ ਸੀ । ਖਾਸ ਤੌਰ ਤੇ ਜਦ ਕਿ ਜੇਠਾ ਜੀ ਵਿਚ ਸ਼ੁਰੂ ਤੋਂ ਹੀ ਕਈ ਰੱਬੀ ਗੁਣਾਂ ਦੀ ਝਲਕ ਪੈਂਦੀ ਸੀ । ਇਸ ਹਮਦਰਦੀ ਨੇ ਅਤੇ ਜੇਠਾ ਜੀ ਦੇ ਗੁਣਾਂ ਨੇ ਜੇਠਾ ਜੀ ਨੂੰ (ਗੁਰੂ) ਅਮਰਦਾਸ ਜੀ ਦਾ ਬਹੁ ਨਜ਼ਦੀਕੀ ਬਣਾ ਦਿੱਤਾ

। ਸੰਨ 1546 ਵਿਚ (ਗੁਰੂ) ਅਮਰਦਾਸ ਜੀ ਨੇ ਜੇਠਾ ਜੀ ਨੂੰ ਗੋਇੰਦਵਾਲ ਲੈ ਆਂਦਾ । ਗੁਰੂ ਅੰਗਦ ਦੇਵ ਜੀ ਦੇ ਗੁਰਿਆਈ ਸਮੇਂ ਤੋਂ ਹੀ ਜੇਠਾ ਜੀ ਦੀ ਗੁਰੂ ਘਰ ਨਾਲ ਸਾਂਝ ਬਣਦੀ ਗਈ । ਆਪ ਗੁਰਸਿੱਖੀ ਦੀ ਅਮਲੀ ਕਮਾਈ ਵਾਲੇ ਰਸਤੇ ਪੈ ਗਏ ।

ਗੁਰੂ ਅਮਰਦਾਸ ਜੀ ਨੂੰ ਸੰਨ 1552 ਵਿਚ ਗੁਰਿਆਈ ਦੀ ਜ਼ਿੰਮੇਵਾਰੀ ਮਿਲੀ ਸੀ । ਸੰਨ 1553 ਨੂੰ ਜਦ ਉਹਨਾਂ ਦੀ ਛੋਟੀ ਸਪੁਤਰੀ ਬੀਬੀ ਭਾਨੀ ਜੀ 19 ਕੁ ਸਾਲਾਂ ਦੇ ਸਨ, ਗੁਰੂ ਅਮਰਦਾਸ ਜੀ ਨੇ ਬੀਬੀ ਜੀ ਲਈ ਕੋਈ ਯੋਗ ਰਿਸ਼ਤਾ ਲੱਭਣ ਬਾਰੇ ਸੋਚਿਆ । ਰਿਸ਼ਤੇ ਦੀ ਚੋਣ ਇਕ ਬੜਾ ਅਹਿਮ ਤੇ ਨਾਜ਼ੁਕ ਮਾਮਲਾ ਹੋਇਆ ਕਰਦਾ ਹੈ ਪਰ ਇਸ ਮਾਮਲੇ ਨੂੰ ਗੁਰੂ ਅਮਰਦਾਸ ਜੀ ਦੁਨਿਆਵੀ ਨਜ਼ਰ ਨਾਲ ਵੇਖਣ ਲਈ ਤਿਆਰ ਨਹੀਂ ਸਨ । ਲਗਪਗ ਪਿਛਲੇ ਬਾਰਾਂ ਸਾਲਾਂ ਤੋਂ ਉਹ ਜੇਠਾ ਜੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ । ਜੇਠਾ ਜੀ ਯਤੀਮ ਸਨ ਤੇ ਉਹਨਾਂ ਦਾ ਕੋਈ ਭਰਾ-ਬੰਧੂ ਵੀ ਨਹੀਂ ਸੀ । ਮਾਲੀ ਤੌਰ ਤੇ ਵੀ ਬਹੁਤ ਕਮਜ਼ੋਰ ਸਨ । ਜ਼ਮੀਨ ਜਾਇਦਾਦ ਦੀ ਮਲਕੀਅਤ ਦਾ ਸੁਆਲ ਹੀ ਨਹੀਂ ਸੀ । ਗੁਰੂ ਅਮਰਦਾਸ ਜੀ ਨੇ ਇਹ ਸਭ ਕੁਝ ਤਾਂ ਉੱਕਾ ਹੀ ਦੇਖਣਾ-ਪਰਖਣਾ ਨਹੀ ਸੀ । ਉਹਨਾਂ ਨੇ ਜੇਠਾ ਜੀ ਦੇ ਗੁਣ, ਆਚਰਨ, ਜੀਵਨ ਨਿਸ਼ਾਨਾ ਤੇ ਸ਼ਖਸੀਅਤ ਆਦਿਕਾਂ ਨੂੰ ਬੀਬੀ ਭਾਨੀ ਜੀ ਲਈ ਢੁਕਵਾਂ ਮਹਿਸੂਸ ਕੀਤਾ ਤੇ ਇਸ ਕਾਰਨ ਸੰਨ 1553 ਵਿਚ ਬੀਬੀ ਜੀ ਦਾ ਅਨੰਦ ਕਾਰਜ ਜੇਠਾ ਜੀ ਨਾਲ ਕਰ ਦਿਤਾ । ਇਸ ਮਾਮਲੇ ਵਿਚ ਆਪਨੇ ਦੁਨੀਆਂਦਾਰੀ ਨੁਕਤਾ ਨਿਗਾਹ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕਰ ਦਿਤਾ । ਇਹ ਰਿਸ਼ਤਾ ਹਰ ਲਿਹਾਜ਼ ਨਾਲ ਸਫਲ ਹੋਇਆ ।

ਰਿਸ਼ਤੇ ਨਾਤਿਆਂ ਦੀ ਚੋਣ ਲਈ ਗੁਰੂ ਅਮਰਦਾਸ ਜੀ ਵਲੋਂ ਦਰਸਾਈ ਸੇਧ ਸਮਾਜ ਵਿਚੋਂ ਅਨੇਕਾ ਕਲੇਸ਼ ਕੱਢ ਸਕਦੀ ਹੈ ।

**(ੲ) ਗੁਰੂ ਅਮਰਦਾਸ ਜੀ ਦਾ ਇਤਿਹਾਸਕ ਪ੍ਰਚਾਰ ਦੌਰਾ :**

ਗੁਰੂ ਅਮਰਦਾਸ ਜੀ ਨੇ ਇਕ ਬੜਾ ਵਡਾ ਪਰਚਾਰ ਦੌਰਾ ਲਗਾਇਆ, ਜਿਸਦਾ ਪੂਰਾ ਵੇਰਵਾ ਤੁਖਰੀ ਰਾਗ ਵਿਚ ਗੁਰੂ ਰਾਮਦਾਸ ਜੀ ਨੇ ਦਿਤਾ ਹੈ । ਪੂਰਾ ਸ਼ਬਦ ਹੇਠ ਲਿਖੇ ਅਨੁਸਾਰ ਦਰਜ ਕੀਤਾ ਜਾਂਦਾ ਹੈ :

**ਨਾਵਣੁ ਪੁਰਬ ਅਭੀਚੁ, ਗੁਰ ਸਤਿਗੁਰ ਦਰਸੁ ਭਇਆ ।।**
**ਦੁਰਮਤਿ ਮੈਲੁ ਹਰੀ, ਅਗਿਆਨੁ ਅੰਧੇਰੁ ਗਇਆ ।।**
**ਗੁਰ ਦਰਸੁ ਪਾਇਆ, ਅਗਿਆਨੁ ਗਵਾਇਆ, ਅੰਤਰਿ ਜੋਤਿ ਪ੍ਰਗਾਸੀ ।।**
**ਜਨਮ ਮਰਣ ਦੁਖ ਖਿਨ ਮਹਿ ਬਿਨਸੇ, ਹਰਿ ਪਾਇਆ ਪ੍ਰਭੁ ਅਬਿਨਾਸੀ ।।**
**ਹਰਿ ਆਪ ਕਰਤੇ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ।।**
**ਨਾਵਣੁ ਪੁਰਬੁ ਅਭੀਚ, ਗੁਰ ਸਤਿਗੁਰ ਦਰਸੁ ਭਇਆ ।੧।।**
**ਮਾਰਗਿ ਪੰਥਿ ਚਲੇ, ਗੁਰ ਸਤਿਗੁਰ ਸੰਗਿ ਸਿਖਾ ।।**
**ਅਨਦਿਨੁ ਭਗਤਿ ਬਣੀ, ਖਿਨੁ ਖਿਨੁ ਨਿਮਖ ਵਿਖਾ ।।**

ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ, ਸਭ ਲੋਕੁ ਵੇਖਣਿ ਆਇਆ ।।
ਜਿਨ ਦਰਸੁ ਸਤਿਗੁਰ ਗੁਰੂ ਕੀਆ, ਤਿਨ ਆਪਿ ਹਰਿ ਮੇਲਾਇਆ ।।
ਤੀਰਥ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ ।।
ਮਾਰਗਿ ਪੰਥਿ ਚਲੇ, ਗੁਰ ਸਤਿਗੁਰ ਸੰਗਿ ਸਿਖਾ ।।੨।।
ਪ੍ਰਥਮ ਆਏ ਕੁਲਖੇਤਿ, ਗੁਰ ਸਤਿਗੁਰ ਪੁਰਬੁ ਹੋਆ ।।
ਖਬਰਿ ਭਈ ਸੰਸਾਰਿ, ਆਏ ਤੈ ਲੋਆ ।।
ਦੇਖਣ ਆਏ ਤੀਨਿ ਲੋਕ, ਸੁਰਿ ਨਰ ਮੁਨਿ ਜਨ ਸਭਿ ਆਇਆ ।।
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ, ਤਿਨਕੇ ਕਿਲਵਿਖ ਨਾਸ ਗਵਾਇਆ ।।
ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ।।
ਪ੍ਰਥਮ ਆਏ ਕੁਲਖੇਤੁ ਗੁਰਿ ਸਤਿਗੁਰ ਪੁਰਬੁ ਹੋਆ ।।੩।।
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ।
ਜਾਗਾਤੀ ਮਿਲੇ ਦੇ ਭੇਟ, ਗੁਰ ਪਿਛੈ ਲੰਘਾਇ ਦੀਆ ।।
ਸਭ ਛੁਟੀ ਸਤਿਗੁਰੂ ਪਿਛੈ/ ਜਿਨਿ ਹਰਿ ਹਰਿ ਨਾਮੁ ਧਿਆਇਆ ।।
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ, ਤਿਨ ਜਮੁ ਜਾਗਾਤੀ ਨੇੜਿ ਨ ਆਇਆ ।।
ਸਭ ਗੁਰੂ ਗੁਰੂ ਜਗਤੁ ਬੋਲੈ, ਗੁਰ ਕੈ ਨਾਇ ਲਇਐ, ਸਭਿ ਛੁਟਕਿ ਗਇਆ ।।
ਦੁਤੀਆ ਜਮੁਨ ਗਏ. ਗੁਰਿ ਹਰਿ ਹਰਿ ਜਪਨੁ ਕੀਆ ।।੪।।
ਤਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ।।
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ, ਕਿਨੈ ਆਢੁ ਨ ਦਾਮੁ ਲਇਆ ।।
ਆਢੁ ਦਾਮੁ ਕਿਛੁ ਪਇਆ ਨ ਬੋਲਕ, ਜਾਗਾਤੀਆ ਮੋਹਣ ਮੁੰਦਣਿ ਪਈ ।।
ਭਾਈ ਹਮ ਕਰਹ ਕਿਆ, ਕਿਸੁ ਪਾਸਿ ਮਾਂਗਹ, ਸਭ ਭਾਗਿ ਸਤਿਗੁਰ ਪਿਛੈ ਪਈ
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭ ਉਠਿ ਗਇਆ ।।
ਤ੍ਰਿਤੀਆ ਆਏ ਸੁਰਸਰੀ, ਤਹ ਕਉਤਕੁ ਚਲਤੁ ਭਇਆ ।। ੫ ।।
ਮਿਲਿ ਆਏ ਨਗਰ ਮਹਾਜਨਾ, ਗੁਰ ਸਤਿਗੁਰ ਓਟ ਗਹੀ ।।
ਗੁਰੁ ਸਤਿਗੁਰੁ ਗੁਰੁ ਗੋਵਿੰਦ ਪੁਛਿ, ਸਿਮ੍ਰਿਤਿ ਕੀਤਾ ਸਹੀ ।।
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ, ਸੁਕਿ ਪ੍ਰਹਿਲਾਦਿ ਸ੍ਰੀ ਰਾਮ ਕਰਿ ਗੁਰ ਗੋਵਿਦੁ ਧਿਆਇਆ ।।
ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ, ਤਿਨ ਕਾ ਥਾਉ ਥੇਹੁ ਗਵਾਇਆ ।।
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ, ਗੁਰਬਚਨਿ ਨਾਨਕਿ ਹਰਿ ਭਗਤਿ ਲਹੀ ।।
ਮਿਲਿ ਆਏ ਨਗਰ ਮਹਾਜਨਾ, ਗੁਰ ਸਤਿਗੁਰ ਓਟ ਗਹੀ ।।੬।।੫।।੧੦।।

(ਤੁਖਾਰੀ,ਮ: ੪,ਪੰਨਾ ੧੧੧੬)

ਗੁਰੂ ਅਮਰਦਾਸ ਜੀ ਦੇ ਇਸ ਮਹਾਨ ਪਰਚਾਰਕ ਦੌਰੇ ਦੇ ਸੰਨ-ਸੰਮਤ ਬਾਰੇ ਲਿਖਾਰੀ ਸੱਜਣਾਂ ਵਿਚ ਇਖਤਲਾਫ ਰਾਏ ਪਾਈ ਜਾਂਦੀ ਹੈ । ਪ੍ਰੋਫੈਸਰ ਸਾਹਿਬ ਸਿੰਘ ਇਸ ਦੌਰੇ ਨੂੰ ਸੰਨ 1558 ਵਿਚ ਹੋਇਆ ਦਸਦੇ ਹਨ । ਬੰਸਾਵਲੀ ਨਾਮੇ ਮੁਤਾਬਕ ਸੰਨ 1557 (ਸੰਮਤ

1614) ਦੇ ਤਵਾਰੀਖ ਖਾਲਸਾ ਮੁਤਾਬਕ ਸੰਨ 1558 (ਸੰਮਤ 1615) ਵਿਚ ਇਹ ਦੌਰਾ ਲਗਾਇਆ ਗਿਆ ਸੀ । ਡਾਕਟਰ ਬਲਬੀਰ ਸਿੰਘ ਦੀ ਨਿਰੁਕਤ ਦੀ ਦੂਜੀ ਪੋਥੀ ਦੇ ਹਵਾਲੇ ਨਾਲ ਸ: ਸਤਿਬੀਰ ਸਿੰਘ ਨੇ ਇਸ ਪ੍ਰਚਾਰਕ ਦੌਰੇ ਨਾਲ ਸਬੰਧਤ ਅਭੀਚੁ ਪਰਬ ਦਾ ਸਮਾਂ 14 ਜਨਵਰੀ 1553 ਨਿਯਤ ਕੀਤਾ ਹੈ, ਜਦਕਿ ਇਬਰਾਹੀਮ ਸੂਰੀ ਤਖਤ ਤੇ ਬਿਰਾਜਮਾਨ ਸੀ ।

ਇਸ ਪਰਚਾਰਕ ਦੌਰੇ ਦਾ ਸੰਨ ਸੰਮਤ ਜਿਹੜਾ ਮਰਜ਼ੀ ਸਾਬਤ ਹੋ ਜਾਵੇ, ਇਸ ਦੀ ਉੱਚੀ ਮਹਾਨਤਾ ਵਿਚ ਬਹੁਤ ਫ਼ਰਕ ਨਹੀਂ ਪੈ ਸਕਦਾ । ਹਾਂ, ਮੈਕਾਲਿਫ ਤੇ ਸੰਤੋਖ ਸਿੰਘ ਆਦਿਕ ਲਿਖਾਰੀਆਂ ਨੇ ਜੋ ਇਹ ਵਿਚਾਰ ਦੇਣ ਦਾ ਜਤਨ ਕੀਤਾ ਹੈ, ਕਿ ਅਕਬਰ ਪਾਸ ਜਦ ਕਈ ਉੱਚ-ਜਾਤੀਏ ਹਿੰਦੂਆਂ ਨੇ ਗੁਰੂ ਅਮਰਦਾਸ ਜੀ ਵਿਰੁਧ ਸ਼ਿਕਾਇਤਾਂ ਕੀਤੀਆਂ, ਤਾਂ ਅਕਬਰ ਨੇ ਗੁਰੂ ਅਮਰਦਾਸ ਜੀ ਨੂੰ ਬੇਨਤੀ ਅਥਵਾ ਪ੍ਰੇਰਨਾ ਕੀਤੀ ਕਿ ਉਹ ਉਚ-ਜਾਤੀਏ ਹਿੰਦੂਆਂ ਦੇ ਕਰੋਧ ਨੂੰ ਸ਼ਾਂਤ ਕਰਨ ਹਿਤ ਗੰਗਾ, ਕੁਰਖੇਤ੍ਰ ਆਦਿਕ ਦੀ ਯਾਤਰਾ ਕਰ ਲੈਣ—ਬਿਲਕੁਲ ਨਿਰਮੂਲ ਗੱਲ ਹੈ । ਗੁਰੂ ਅਮਰਦਾਸ ਜੀ ਦੀ ਸੁਮੇਰ ਪਰਬਤ ਤੋਂ ਭੀ ਵੱਧ ਅਡੋਲ ਅਤੇ ਮਜ਼ਬੂਤ ਸ਼ਖਸੀਅਤ ਕਿਸੇ ਦੇ ਗ਼ਲਤ ਦਬਾਅ ਅਥਵਾ ਗਲਤ ਪ੍ਰੇਰਨਾ ਨਾਲ ਆਪਣੇ ਗੁਰਮਤ ਅਸੂਲਾਂ ਵਿਚ ਕੋਈ ਤਬਦੀਲੀ ਕਰਨ ਲਈ ਤਿਆਰ ਹੋ ਜਾਵੇ, ਨਾਮੁਮਕਿਨ ਬਾਤ ਹੈ । ਉੱਚ-ਜਾਤੀਏ ਜਾਤ-ਅਭਿਮਾਨੀ ਹਿੰਦੂਆਂ ਨੂੰ ਖ਼ੁਸ਼ ਕਰਨਾ ਸਿੱਖ ਮੱਤ ਪਾਸੋਂ ਨ ਕਦੀ ਸੰਭਵ ਹੋਇਆ, ਨ ਭਵਿਖ ਵਿਚ ਸੰਭਵ ਹੋ ਸਕੇਗਾ । ਗੁਰੂ ਅਮਰਦਾਸ ਜੀ ਦੀ ਸਾਰੀ ਬਾਣੀ ਤੋਂ ਇਹ ਗੱਲ ਸੁਤੇ ਹੀ ਪਰਤੱਖ ਹੋ ਜਾਂਦੀ ਹੈ । ਗੁਰੂ ਅਮਰਦਾਸ ਜੀ ਦੀ ਜੀਵਨ ਗਾਥਾ ਦੀਆਂ ਅਨੇਕਾਂ ਸਾਖੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ, ਕਿ ਇਸ ਪਖੋਂ ਬੜਾ ਵਡਾ ਸਿਧਾਂਤਕ ਮੱਤ-ਭੇਦ ਸੀ, ਜਿਸ ਲਈ ਗੁਰੂ ਅਮਰਦਾਸ ਜੀ ਨੇ ਕਦੀ ਵੀ ਸਮਝੌਤਾ ਕਰਨਾ ਯੋਗ ਨਹੀਂ ਸਮਝਿਆ ਅਤੇ ਨ ਹੀ ਮਗਰਲੇ ਕਿਸੇ ਗੁਰੂ ਜਾਮੇ ਵਿਚ ਐਸਾ ਕੀਤਾ ਗਿਆ ਹੈ ।

ਅਭੀਚੁ ਪੁਰਬ ਦੇ ਸਬੰਧ ਵਿਚ ਪ੍ਰੋਫੈਸਰ ਸਾਹਿਬ ਸਿੰਘ ਜੀ ਲਿਖਦੇ ਹਨ : ——

" ਜੋਤਿਸ਼ ਅਨੁਸਾਰ ਉਤਰਖਾੜਾ ਨਛਤ੍ਰ ਦੇ ਪਿਛਲੇ ਹਿੱਸੇ ਅਤੇ ਸ੍ਰਵਣ ਨਛਤ੍ਰ ਦੀਆਂ ਪਹਿਲੀਆਂ ਚਾਰ ਕਲਾ ਦੇ ਮੇਲ ਵਿਚ ਇਕ ਸਮਾਂ ਐਸਾ ਆਉਂਦਾ ਹੈ, ਇਕ ਲਗਨ ਆਉਂਦਾ ਹੈ, ਜਿਸ ਨੂੰ ਅਭੀਚੁ ਆਖਦੇ ਹਨ । ਸੂਰਜ ਗ੍ਰਹਿਣ ਦੇ ਮੌਕੇ ਤਾ ਇਸ ਦਾ ਅਵਸਰ ਬਣਦਾ ਹੈ ।"

ਸ. ਸਤਿਬੀਰ ਸਿੰਘ ਜੀ ਮੁਤਾਬਕ " 28 ਨੱਛਤਰਾਂ ਵਿਚੋਂ ਇਕ ਨੱਛਤਰ ਅਭਿਜਿਤ ਹੈ । ਅਭਿਜਿਤ ਬਾਈਵਾਂ ਨੱਛਤਰ ਹੈ । ਮਹਾਭਾਰਤ ਵਨ ਪਰਵ ਵਿਚ ਹੀ ਜ਼ਿਕਰ ਆਉਂਦਾ ਹੈ ਕਿ ਸੂਰਜ ਗ੍ਰਹਿਣ ਸਮੇਂ ਸੇਨਹਤ (ਜੋ ਕੁਰਛੇਤਰ ਵਿਚ ਹੈ ) ਤੀਰਥ ਵਿਚ ਇਸ਼ਨਾਨ ਕਰਨ ਤੇ ਇਕ ਹਜ਼ਾਰ ਅਸਵਮੇਧ ਯੱਗ ਦਾ ਫਲ ਪ੍ਰਾਪਤ ਹੁੰਦਾ ਹੈ । ਸਾਰੇ ਪਾਪ ਵੀ ਸਮਾਪਤ ਹੋ ਜਾਂਦੇ ਹਨ ।"

ਵਰਣ-ਆਸ਼ਰਮੀ ਮੱਤ ਦਾ ਵਿਸ਼ਵਾਸ ਹੈ ਕਿ ਅਭੀਚੁ ਪੁਰਬ ਸਮੇਂ ਕੁਰਖੇਤ੍ਰ, ਹਰਿਦੁਆਰ ਆਦਿਕ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਦੁਸ਼ਮਨਾਂ ਤੇ ਫਤਹਿ ਹਾਸਲ ਹੋ ਜਾਂਦੀ ਹੈ । ਇਹਨਾਂ ਮੌਕਿਆਂ ਤੇ ਅਜਿਹੇ ਤੀਰਥਾਂ ਤੇ ਲੱਖਾ ਲੋਕੀ ਇਕੱਤਰ ਹੋਏ ਹੁੰਦੇ ਹਨ । ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਅਨੇਕਾਂ ਐਸੇ ਮੌਕਿਆਂ ਅਤੇ ਥਾਵਾਂ ਨੂੰ ਗੁਰਮਤ ਪਰਚਾਰ ਲਈ ਵਰਤਿਆ ਹੈ । ਸੁਭਾਵਕ ਤੌਰ ਤੇ ਬੜੇ ਵਡੇ ਇੱਕਠ ਅਜਿਹੇ ਤੀਰਥ-ਅਸਥਾਨਾਂ ਤੇ ਖਾਸ ਪੁਰਬਾਂ ਸਮੇਂ ਹੋ ਜਾਂਦੇ ਸਨ ਅਤੇ ਇਹਨਾਂ ਇੱਕਠਾ ਵਿਚ ਅਨੇਕਾਂ ਮੱਤਾਂ-ਮਤਾਂਤਰਾਂ ਦੇ ਧਾਰਮਕ ਆਗੂ ਪਹੁੰਚੇ ਹੁੰਦੇ ਸਨ । ਇਸ ਸਭ ਕਾਸੇ ਕਾਰਨ ਇਹਨਾਂ ਮੌਕਿਆਂ ਨੂੰ ਗੁਰਮਤ ਪਰਚਾਰ ਲਈ ਭਲੀ-ਭਾਤ ਵਰਤਿਆ ਜਾ ਸਕਦਾ ਸੀ । ਗੁਰੂ ਨਾਨਕ ਸਾਹਿਬ ਦੀ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਇਸ ਅਭੀਚੁ ਪੁਰਬ ਸਬੰਧੀ ਤੀਰਥਾ ਤੇ ਹੋਣ ਵਾਲੇ ਇੱਕਠਾਂ ਨੂੰ ਗੁਰਮਤ ਪਰਚਾਰ ਲਈ ਵਰਤਿਆ ਸੀ ।

ਗੁਰੂ ਰਾਮਦਾਸ ਜੀ ਦੁਆਰਾ ਗੁਰੂ ਅਮਰਦਾਸ ਜੀ ਦੇ ਇਸ ਪਰਚਾਰ ਦੌਰੇ ਬਾਰੇ ਦਿਤੇ ਵੇਰਵੇ ਵਿਚੋਂ ਕੁਝ ਗੱਲਾਂ ਬਹੁਤ ਧਿਆਨ ਮੰਗਦੀਆਂ ਹਨ । (1) ਜਨਤਾ ਲਈ ਸਤਿਗੁਰੂ ਅਮਰਦਾਸ ਜੀ ਦਾ ਦਰਸ਼ਨ ਹੀ ਅਭੀਚੁ ਪੁਰਬ ਦਾ ਇਸ਼ਨਾਨ ਸੀ ਕਿਉਂਕਿ ਸਤਿਗੁਰਾਂ ਨੇ ਆਪਣੇ ਉਚੇ ਸੁਚੇ ਅਸੂਲਾਂ ਦੇ ਪਰਚਾਰ ਨਾਲ ਲੋਕਾਂ ਦੀ ਦੁਰਮੱਤ ਅਤੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰ ਦਿਤਾ ਸੀ (2) ਸਤਿਗੁਰਾਂ ਦੇ ਇਸ ਪਰਚਾਰਕ ਦੌਰੇ ਸਮੇਂ ਬੜੀ ਭਾਰੀ ਗਿਣਤੀ ਵਿਚ ਗੁਰਸਿੱਖ ਸਤਸੰਗੀ ਨਾਲ ਤੁਰੇ ਸਨ ਅਤੇ ਹੋਰ ਲੋਕ ਹੁੰਮ-ਹੁੰਮਾ ਕੇ ਇਸ ਇੱਕਠ ਵਿਚ ਵਾਧਾ ਕਰ ਰਹੇ ਸਨ । ਇਸ ਦੌਰੇ ਸਮੇਂ ਵੱਧ ਤੋਂ ਵੱਧ ਸਮਾਂ ਹਰੀ ਭਗਤੀ ਅਤੇ ਸਿੱਖੀ ਅਸੂਲਾਂ ਦੇ ਪਰਚਾਰ ਉੱਤੇ ਲਗਦਾ ਸੀ । (3) ਗੁਰੂ ਰਾਮਦਾਸ ਜੀ ਨੇ ਬੜੇ ਸੱਪਸ਼ਟ ਸ਼ਬਦਾਂ ਵਿਚ ਲਿਖਿਆ ਹੈ " ਤੀਰਥ ਉੱਦਮ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ " ਜਿਸ ਤੋਂ ਸੱਪਸ਼ਟ ਪਤਾ ਚਲਦਾ ਹੈ ਕਿ ਤੀਰਥ-ਅਸਥਾਨਾਂ ਉੱਤੇ ਗੁਰੂ ਅਮਰਦਾਸ ਜੀ ਵਲੋਂ ਲਗਾਏ ਇਸ ਦੌਰੇ ਦਾ ਮੁਖ ਪਰਯੋਜਨ ਲੋਕ-ਕਲਿਆਣ ਅਥਵਾ ਲੋਕਾਂ ਵਿਚ ਗੁਰਮਤ ਪਰਚਾਰ ਕਰਨਾ ਹੀ ਸੀ । (4) ਸਭ ਤੋਂ ਪਹਿਲਾਂ ਆਪ ਨੇ ਕੁਰਖੇਤਰ ਦਾ ਦੌਰਾ ਕੀਤਾ ਜਿੱਥੇ ਹਜ਼ਾਰਾ ਲੋਕਾਂ ਨੇ ਆਪ ਤੋਂ ਗੁਰਮੱਤ-ਉਪਦੇਸ਼ ਗ੍ਰਹਿਣ ਕੀਤਾ । ਆਮ ਲੋਕਾਂ ਤੋਂ ਇਲਾਵਾ ਜੋਗੀ, ਦਿਗੰਬਰ, ਸੰਨਿਆਸੀ ਆਦਿਕ ਅਨੇਕਾਂ ਭੇਖਾਂ ਦੇ ਧਾਰਮਕ ਆਗੂਆਂ ਨੇ ਗੁਰੂ ਅਮਰਦਾਸ ਜੀ ਨਾਲ ਗੋਸ਼ਟਾਂ ਕੀਤੀਆਂ ਅਰ ਸਿਖ ਮੱਤ ਦਾ ਉਪਦੇਸ਼ ਗ੍ਰਹਿਣ ਕੀਤਾ । (5) ਇਸ ਪਿਛੋਂ ਆਪ ਨੇ ਜਮਨਾ ਨਦੀ ਦੇ ਕੰਢਿਆਂ ਤੇ ਹੋਣ ਵਾਲੇ ਇੱਕਠਾਂ ਵਿਚ ਗੁਰਮਤ ਪ੍ਰਚਾਰ ਕੀਤਾ । ਇਥੇ ਸਤਿਗੁਰਾਂ ਦੇ ਪ੍ਰਚਾਰ ਦਾ ਇਤਨਾ ਪਰਭਾਵ ਪਿਆ ਕਿ ਦਰਿਆ ਦੇ ਪੁਲ ਉਪਰ ਮੁੱਕਰਰ ਮਸੂਲੀਏ ਅਥਵਾ ਜਾਗਾਤੀ ਸਿਖਾਂ ਤੋਂ ਪੁਲ ਪਾਰ ਕਰਨ ਦਾ ਮਸੂਲ ਲੈਣਾ ਤਾਂ ਕਿਤੇ ਰਿਹਾ, ਗੁਰੂ ਅਮਰਾਦਾਸ ਜੀ ਕੋਲ ਆਪਣੀਆ ਪ੍ਰੇਮ ਭੇਟਾਵਾਂ ਲੈ ਕੇ ਹਾਜ਼ਰ ਹੋਏ । ਗੁਰੂ ਜੀ ਦਾ ਨਾਮ ਮਾਤਰ ਲੈਣ ਨਾਲ ਹਜ਼ਾਰਾਂ ਲੋਕੀ ਬਿਨਾਂ ਮਸੂਲ ਦਿਤੇ ਪੁਲ ਪਾਰ ਕਰ ਗਏ । (6) ਇਸ ਪਿਛੋਂ ਗੁਰੂ ਜੀ ਦਰਿਆ ਗੰਗਾ ਤੇ ਆ ਪੁਜੇ ! ਬੜੀ ਭਾਰੀ ਗਿਣਤੀ ਵਿਚ ਜਗਿਆਸੂ ਗੁਰੂ ਨਾਨਕ ਪਾਤਸ਼ਾਹ ਦੇ ਝੰਡੇ ਥਲੇ

ਆ ਗਏ । ਪਹਿਲਾਂ ਤਾਂ ਮਸੂਲੀਆਂ ਨੇ ਆਪਣੀ ਅਕਲ, ਸਿਆਣਪ ਤੇ ਚਤੁਰਾਈ ਨਾਲ ਕੁਝ ਮਸੂਲ ਉਗਰਾਹੁਣ ਦਾ ਇਰਾਦਾ ਕੀਤਾ ਪਰ ਗੁਰੂ ਅਮਰਦਾਸ ਜੀ ਦੇ ਦੀਰਘ ਪਰਭਾਵ ਤੋਂ ਇਤਨੇ ਕਾਇਲ ਹੋਏ ਕਿ ਉਹ ਬੋਲਣ ਜੋਗੇ ਹੀ ਨ ਰਹੇ ਅਤੇ ਅੱਧੀ ਕੌਡੀ ਵੀ ਮਸੂਲ ਜਨਤਾ ਤੋਂ ਨ ਲੈ ਸਕੇ । (7) ਇਸ ਪਿਛੋਂ ਗੁਰੂ ਜੀ ਆਪਣੀ ਸੰਗਤ ਸਮੇਤ ਕਨਖਲ ਆ ਗਏ ਜਿਥੇ ਨਗਰ ਦੇ ਮੁਖੀ ਲੋਕਾਂ, ਧਾਰਮਕ ਆਗੂਆਂ ਅਤੇ ਵਿਦਵਾਨਾਂ ਨੇ ਵੀ ਗੁਰ-ਉਪਦੇਸ਼ ਗ੍ਰਹਿਣ ਕੀਤਾ । ਗੁਰੂ ਅਮਰਦਾਸ ਜੀ ਨੇ ਸਭ ਲੋਕਾਂ ਨੂੰ ਸਮਝਾਇਆ ਕਿ ਮਨੁਖ ਦੇ ਸਭ ਤੋਂ ਵਡੇ ਵੈਰੀ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਆਦਿਕ ਹੀ ਜੋ ਕੇਵਲ ਗੁਰੂ ਸਿਖਿਆ ਰਾਹੀਂ ਹੀ ਦਬਾਏ ਜਾ ਸਕਦੇ ਹਨ ਅਤੇ ਇਸ ਤਰ੍ਹਾਂ ਮਨ ਵਿਚ ਸਾਰੇ ਸੁਖਾਂ ਦੀ ਮੂਲ ਪ੍ਰੇਮਾ-ਭਗਤੀ ਨੂੰ ਪੈਦਾ ਕੀਤਾ ਜਾ ਸਕਦਾ ਹੈ ।

ਜਿਵੇਂ ਕਿ ਇਸ ਪੁਸਤਕ ਦੇ ਸ਼ੁਰੂ ਵਿਚ ਹੀ ਦਸਿਆ ਜਾ ਚੁਕਾ ਹੈ ਗੁਰ ਪਾਤਸ਼ਾਹ ਦੀ ਸਿਲਸਲੇ ਵਾਰ ਜੀਵਨ-ਗਾਥਾ ਦੇ ਇਤਿਹਾਸਕ ਵੇਰਵੇ ਅਜੇ ਤੀਕ ਨਹੀਂ ਲਭੇ ਜਾ ਸਕੇ ਪਰ ਗੁਰੂ ਰਾਮਦਾਸ ਜੀ ਦੁਆਰਾ ਬਿਆਨ ਕੀਤੇ ਗਏ ਇਸ ਵੰਨਗੀ ਮਾਤਰ ਦੌਰੇ ਤੋਂ ਗੁਰੂ ਅਮਰਦਾਸ ਜੀ ਦੀਆਂ ਪਰਚਾਰਕ ਸਰਗਰਮੀਆਂ ਉਤੇ ਬਿਰਧ ਉਮਰ ਦਾ ਰਤਾ ਵੀ ਅਸਰ ਨਹੀਂ ਸੀ ਪਿਆ । ਇਹ ਵੀ ਗਲ ਸਮਝ ਲੈਣੀ ਚਾਹੀਦੀ ਹੈ ਕਿ ਗੁਰਦੇਵ ਦੇ ਇਸ ਪਰਚਾਰਕ ਦੌਰੇ ਦਾ ਕੁਝ ਕੁ ਜ਼ਿਕਰ ਗੁਰੂ ਰਾਮਦਾਸ ਜੀ ਦੀ ਕਿਰਪਾ ਸਦਕਾ ਸਾਡੇ ਤਕ ਜ਼ਰੂਰ ਪੁਜ ਗਿਆ ਹੈ, ਪਰ ਅਨੇਕਾਂ ਅਜਿਹੇ ਦੌਰੇ ਅਣਲਿਖੇ ਰਹਿ ਜਾਣ ਕਾਰਨ ਸਾਡੇ ਤਕ ਨਹੀਂ ਪੁਜ ਸਕੇ ।

### (ਸ) ਗੋਇੰਦਵਾਲ ਨਗਰ ਦੀ ਅਸਥਾਪਨਾ ਤੇ ਵਿਕਾਸ:—

ਗੋਇੰਦਾ ਖਤਰੀ ਦਰਿਆ ਬਿਆਸ ਦੇ ਕਿਨਾਰੇ ਪਤਣ ਵਾਲੀ ਥਾਂ ਤੇ, ਜਿਥੋਂ ਦਿਲੀ ਤੋਂ ਲਾਹੌਰ ਜਾਣ ਵਾਲੀ ਸ਼ਾਹੀ ਸੜਕ ਗੁਜ਼ਰਦੀ ਸੀ, ਇਕ ਨਗਰ ਵਸਾਉਣਾ ਚਾਹੁੰਦਾ ਸੀ ਬਹੁਤ ਸਾਰੀ ਜ਼ਮੀਨ ਦਾ ਉਹ ਮਾਲਕ ਸੀ । ਦਰਿਆ ਦਾ ਪਤਣ ਹੋਣ ਕਾਰਨ ਤੇ ਸ਼ਾਹੀ ਸੜਕ ਤੇ ਵਾਕਿਆ ਹੋਣ ਕਾਰਨ ਇਹ ਬੜੀ ਮੌਕੇ ਵਾਲੀ ਥਾਂ ਸੀ। ਗੋਇੰਦੇ ਦੇ ਵਿਰੋਧੀ ਇਹ ਨਹੀਂ ਸਨ ਚਾਹੁੰਦੇ ਕਿ ਗੋਇੰਦਾ ਕੋਈ ਨਗਰ ਵਸਾ ਸਕੇ । ਉਹਨਾਂ ਨੇ ਗੁਝੀਆਂ ਚਾਲਾਂ ਚਲੀਆਂ ਤੇ ਨਗਰ ਵਸਣ ਦੇ ਰਾਹ ਵਿਚ ਰੁਕਾਵਟਾਂ ਖੜੀਆਂ ਕੀਤੀਆਂ । ਜੋ ਦਿਨ ਨੂੰ ਉਸਾਰੀ ਹੋਵੇ, ਤਾਂ ਰਾਤ ਨੂੰ ਢਾਹ ਦੇਣ । ਵੱਡੀ ਪੱਧਰ ਤੇ ਲੋਕਾਂ ਵਿਚ ਇਹ ਫੈਲਾ ਦਿਤਾ ਕਿ ਉਥੇ ਭੂਤਾਂ ਪਰੇਤਾਂ ਦਾ ਵਾਸਾ ਹੈ, ਜਿਸ ਕਾਰਨ ਮਕਾਨ ਡਿੱਗ ਜਾਂਦੇ ਹਨ । ਗੋਇੰਦੇ ਨੂੰ ਭੀ ਇਹ ਵਹਿਮ ਹੋ ਗਿਆ । ਨਗਰ ਵਸਾਣ ਲਈ ਇਹ ਥਾਂ ਹਰ ਲਿਹਾਜ਼ ਨਾਲ ਬੜਾ ਰਮਣੀਕ, ਖ਼ੂਬਸੂਰਤ ਤੇ ਬੜੇ ਕਾਰਆਮਦ ਮੌਕੇ ਵਾਲੀ ਸੀ ।

ਗੋਇੰਦਾ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਤੇ ਆਪਣੀ ਮਨਸ਼ਾ ਦਸੀ । ਗੁਰੂ ਅੰਗਦ ਦੇਵ ਜੀ ਨੇ ਸਿੱਖ ਦੀ ਯਾਚਨਾ ਪੂਰੀ ਕਰਨ ਦੇ ਨਾਲ-ਨਾਲ ਲੋਕਾਂ ਦਾ ਅਤੇ ਗੋਇੰਦੇ ਦਾ ਇਹ ਵਹਿਮ ਭੀ ਦੂਰ ਕਰਨ ਦਾ ਨਿਸ਼ਚਾ ਕਰ ਲਿਆ ਕਿ ਉਹ ਥਾਂ ਭਾਰੀ ਹੈ ਅਤੇ ਭੂਤਾਂ ਪਰੇਤਾਂ ਦੇ ਵਾਸੇ ਕਾਰਨ ਵਸ ਨਹੀਂ ਸਕਦੀ । (ਗੁਰੂ) ਅਮਰਦਾਸ ਜੀ

ਨੂੰ ਸਾਰੀ ਗਲ ਸਮਝਾਕੇ ਗੋਇੰਦੇ ਦੀ ਬੇਨਤੀ ਉਤੇ ਨਗਰ ਵਸਾਉਣ ਦਾ ਹੁਕਮ ਦੇ ਦਿਤਾ । ਸਿੱਖਾਂ ਦੇ ਭਰਪੂਰ ਉਤਸ਼ਾਹ ਤੇ ਗੁਰੂ ਅਮਰਦਾਸ ਜੀ ਦੀ ਵਿਉਂਤ ਅਨੁਸਾਰ ਸੰਨ 1546 ਵਿੱਚ ਨਗਰ ਦੀ ਉਸਾਰੀ ਆਰੰਭ ਹੋ ਗਈ ਤੇ ਨਗਰ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰਨ ਲਗ ਗਿਆ । ਗੋਇੰਦੇ ਨੇ ਆਪਣੀ ਅੱਧੀ ਕੁ ਜ਼ਮੀਨ ਤਾਂ ਵੈਸੇ ਹੀ ਗੁਰੂ ਅਰਪਣ ਕਰ ਦਿੱਤੀ ਸੀ । ਲੋਕਾਂ ਵਿੱਚ ਪਏ ਭਰਮ ਭੁਲੇਖੇ ਵੀ ਦੂਰ ਹੋ ਗਏ । ਉਝ, ਇਹ ਨਗਰ ਵਸਾਉਣ ਵਿਚ ਗੁਰੂ ਅੰਗਦ ਦੇਵ ਜੀ ਦੇ ਦੋ ਹੋਰ ਵਡੇ ਪਰਯੋਜਨ ਕੇਂਦਰ ਖਡੂਰ ਤੋਂ ਗੋਇੰਦਵਾਲ ਲੈ ਆਂਦਾ ਜਾਏ, ਜਿਸ ਨਾਲ ਕੁਦਰਤੀ ਤੌਰ ਤੇ ਹੋਰ ਜ਼ਿਆਦਾ ਇਲਾਕਾ ਸਿਧੇ ਤੋਰ ਤੇ ਸਿੱਖ ਕੇਂਦਰ ਨਾਲ ਸਬੰਧਤ ਹੋ ਜਾਣਾ ਸੀ ਅਤੇ ਸਮਾਂ ਪਾ ਕੇ ਐਸਾ ਹੀ ਹੋਇਆ ।

ਸਤਿਗੁਰਾਂ ਦਾ ਇਸੇ ਭਾਂਤ ਦਾ ਨਗਰ ਵਸਾਉਣ ਵਿਚ ਦੂਜਾ ਪ੍ਰਯੋਜਨ ਇਹ ਸੀ ਕਿ ਸਿੱਖ ਪ੍ਰਭਾਵੀ ਨਗਰ ਅਸਥਾਪਤ ਕੀਤੇ ਜਾਣ, ਜਿਹਨਾਂ ਵਿਚ ਸਿੱਖ ਸਭਿਆਚਾਰ ਤੇ ਗੁਰਮਤ ਰਹਿਤ ਮਰਯਾਦਾ ਜ਼ਿਆਦਾ ਕਾਰਗਰ ਢੰਗ ਨਾਲ ਪਰਚਲਤ ਹੋ ਸਕੇ । ਇਹ ਨੁਕਤਾ ਆਪਣੇ ਆਪ ਵਿਚ ਬੜਾ ਅਹਿਮ ਹੈ, ਪੁਰਾਣੇ ਨਗਰਾਂ ਦੀ ਥਾਵੇਂ ਨਵੇਂ ਨਗਰਾਂ ਦੇ ਵਿੱਚ ਨਵੀਆਂ ਮਰਯਾਦਾਵਾਂ ਬੰਨ੍ਹਣ ਵਿਚ ਤੇ ਨਵੇਂ ਅਸੂਲ ਅਰ ਰਹੁ-ਰੀਤਾਂ ਲਾਗੂ ਕਰਨ ਵਿਚ ਜ਼ਿਆਦਾ ਅਨੁਕੂਲਤਾ ਮਿਲ ਜਾਂਦੀ ਹੈ, ਜੋ ਸਮੁੱਚੇ ਤੋਰ ਤੇ ਨਵੇਂ ਮਤ ਦੇ ਪ੍ਰਚਾਰ ਵਿਚ ਬੜੀ ਮਦਦਗਾਰ ਸਾਬਤ ਹੁੰਦੀ ਹੈ ਅੱਜ ਅਸੀ ਇਸ ਨੁਕਤੇ ਦੀ ਅਹਿਮੀਅਤ ਨਹੀਂ ਸਮਝ ਰਹੇ ਅਤੇ ਇਸ ਪੱਖੋਂ ਕਈ ਕਿਸਮ ਦੇ ਨੁਕਸਾਨ ਭੀ ਉਠਾ ਰਹੇ ਹਾਂ । ਜੇ ਗੁਰਮਤ ਧਾਰਨੀ ਨਵੀਆਂ ਕਲੋਨੀਆਂ, ਨਗਰ ਤੇ ਪਿੰਡ ਇਸ ਢੰਗ ਨਾਲ ਉਸਾਰਨ ਦੀਆਂ ਵਿਉਤਾਂ ਬਨਾਉਣ ਕਿ ਉਹਨਾਂ ਵਿਚ ਗੁਰਮਤ ਧਾਰਨੀ ਬਹੁ- ਗਿਣਤੀ ਵਿਚ ਹਾਵੀ ਹੋ ਕੇ ਵਿਚਰ ਸਕਣ ਤਾਂ ਨਿਸਚੇ ਤੌਰ ਤੇ ਇਸ ਨਾਲ ਸਿੱਖ ਰਹੁ-ਰੀਤਾਂ ਤੇ ਸਿੱਖ ਸਭਿਆਚਾਰ ਦੇ ਫੈਲਣ ਤੇ ਵਿਕਸਤ ਹੋਣ ਵਿਚ ਬਹੁਤ ਮਦਦ ਮਿਲ ਸਕਦੀ ਹੈ । ਬਹੁਤ ਵਿਕੇਲਿਤਰੇ ਰੂਪ ਵਿਚ ਮਿਲਗੋਭਾ ਢੰਗਾਂ ਨਾਲ ਵਸੇ ਹੋਣ ਕਾਰਨ ਸਾਡੀ ਅਗਲੀ ਪੀੜ੍ਹੀ (generation) ਦੇ ਮਨਾਂ ਤੇ ਸੁਤੇ ਹੀ ਅਨਮਤੀਆਂ ਦੇ ਸਭਿਆਚਾਰ ਹਾਵੀ ਹੋਣ ਲੱਗ ਪਏ ਹਨ । ਮਿਲਗੋਭਾ ਵਸੇਵਿਆਂ ਦੀ ਥਾਵੇਂ ਖਾਲਸ ਵਸੇਵੇਂ ਸਿੱਖੀ ਦੇ ਪਰਸਾਰ-ਪਰਚਾਰ ਵਿਚ ਜ਼ਿਆਦਾ ਲਾਭਕਾਰੀ ਹੋ ਸਕਦੇ ਹਨ। ਗੋਇੰਦਵਾਲ ਆਦਿਕ ਨਗਰਾਂ ਦੀ ਉਸਾਰੀ ਪਿਛੇ ਇਹ ਵਿਚਾਰ ਵੀ ਕਿਸੇ ਹੱਦ ਤਕ ਜ਼ਰੂਰ ਕੰਮ ਕਰਦਾ ਰਿਹਾ ਹੈ ਕਿ ਨਵੇਂ ਵਸੇ ਨਗਰਾਂ ਨੂੰ ਇਸ ਢੰਗ ਨਾਲ ਵਿਕਸਤ ਕੀਤਾ ਜਾਵੇ, ਜਿਥੇ ਸਿੱਖੀ ਰਹੁਰੀਤਾਂ ਤੇ ਸਭਿਆਚਾਰ ਹਾਵੀ ਹੋ ਕੇ ਵਧ ਫੁਲ ਸਕਣ ।

ਨਵਾਂ ਨਗਰ ਵਸਾਉਣ ਤੇ ਵਿਕਸਤ ਕਰਨ ਵਿਚ ਇਮਾਰਤੀ ਲਕੜੀ ਦੀ ਥੋੜ ਬੜੀ ਭਾਰੀ ਔਕੜ ਪੈਦਾ ਕਰ ਰਹੀ ਸੀ । ਗੁਰੂ ਅਮਰਦਾਸ ਜੀ ਨੇ ਆਪਣੇ ਭਤੀਜੇ ਸਾਵਣ ਮਲ ਨੂੰ ਜੋ ਕਾਂਗੜੇ ਹਰੀਪੁਰ ਆਦਿਕ ਪਹਾੜੀ ਇਲਾਕਿਆਂ ਵਿਚ ਸਿੱਖੀ ਦਾ ਪਰਚਾਰ ਕਰਦੇ ਸਨ, ਪਹਾੜੀ ਇਲਾਕੇ ਤੋਂ ਇਮਾਰਤੀ ਲਕੜੀ ਦਾ ਪ੍ਰਬੰਧ ਕਰਨ ਲਈ ਕਿਹਾ । ਪਹਾੜੀ ਇਲਾਕੇ ਦੇ ਲੋਕ ਪਹਿਲਾਂ ਬੈਰਾਗੀ ਸਾਧੂਆਂ ਨੂੰ ਮੰਨਦੇ ਸਨ, ਪਰ ਸਾਵਣ ਮਲ ਜੀ ਨੇ ਸਿੱਖੀ ਦੇ ਅਸੂਲਾਂ ਦਾ ਪ੍ਰਚਾਰ ਆਪਣੇ ਅਮਲੀ ਜੀਵਨ ਰਾਹੀਂ ਕੀਤਾ । ਨਤੀਜਾ ਇਹ ਹੋਇਆ ਕਿ

ਉਥੋਂ ਦੇ ਅਨੇਕਾਂ ਵਸਨੀਕਾਂ ਨੇ ਸਿੱਖੀ ਧਾਰਨ ਕੀਤੀ । ਹਰੀਪੁਰ ਦਾ ਰਾਜਾ ਵੀ ਆਪਣੇ ਅਮੀਰਾਂ ਵਜ਼ੀਰਾਂ ਸਮੇਤ ਸਿੱਖ ਬਣ ਗਿਆ । ਗੋਇੰਦਵਾਲ ਦੀ ਨਵੀਂ ਉਸਾਰੀ ਲਈ ਜਿਤਨੀ ਵੀ ਇਮਾਰਤੀ ਲਕੜੀ ਚਾਹੀਦੀ ਸੀ, ਉਹ ਖੁਲ੍ਹੇ ਦਿਲ ਨਾਲ ਹਰੀਪੁਰ ਦੇ ਰਾਜੇ ਨੇ ਗੁਰੂ ਅਮਰਦਾਸ ਜੀ ਨੂੰ ਘੱਲ ਦਿਤੀ ਜੋ ਗੁਰੂ ਜੀ ਨੇ ਸਭ ਨਗਰਵਾਸੀਆਂ ਤੇ ਨਵੇਂ ਬਣਨ ਵਾਲੇ ਵਸਨੀਕਾਂ ਨੂੰ ਮੁਫਤ ਹੀ ਵੰਡ ਦਿਤੀ । ਕੁਦਰਤੀ ਗੱਲ ਸੀ ਇਸ ਨਾਲ ਉਸਾਰੀ ਦਾ ਕੰਮ ਬਹੁਤ ਤੇਜ਼ੀ ਫੜ ਗਿਆ ਅਤੇ ਗੋਇੰਦਵਾਲ ਇਕ ਸੁੰਦਰ ਸਿੱਖ ਨਗਰ ਦੀ ਸ਼ਕਲ ਅਖਤਿਆਰ ਕਰ ਗਿਆ । ਗੋਇੰਦੇ ਨੇ ਗੁਰੂ ਅਮਰਦਾਸ ਜੀ ਦੇ ਨਿਵਾਸ ਲਈ ਇਮਾਰਤ ਆਪ ਬਣਵਾ ਕੇ ਆਪਣੇ ਵਲੋਂ ਗੁਰੂ ਜੀ ਨੂੰ ਭੇਂਟ ਕਰ ਦਿਤੀ ਸੀ । ਬਾਅਦ ਵਿਚ ਸੰਨ 1556 ਨੂੰ ਹਰੀਪੁਰ ਦਾ ਰਾਜਾ ਪਰਵਾਰ ਅਤੇ ਅਮੀਰਾਂ ਵਜ਼ੀਰਾਂ ਸਮੇਤ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੋਇਆ । ਗੋਇੰਦਵਾਲ ਦੇ ਵਿਕਾਸ ਰਾਹੀਂ ਹੋਈ ਸਿੱਖੀ ਦੀ ਚੜ੍ਹਤਲ ਨੇ ਭੱਟ ਵਿਦਵਾਨਾਂ ਦੇ ਮਨਾਂ ਤੇ ਇਤਨਾ ਪ੍ਰਭਾਵ ਪਾਇਆ ਕਿ ਉਹਨਾਂ ਨੇ ਗੋਇੰਦਵਾਲ ਨੂੰ ਗੋਬਿੰਦਪੁਰੀ ਭਾਵ ਰਬ ਦੀ ਨਗਰੀ ਕਹਿ ਕੇ ਸਨਮਾਨਿਆ ।

### (ਹ) ਬਾਉਲੀ ਦਾ ਰਚਨਾ :

ਬਾਉਲੀ ਦੀ ਰਚਨਾ ਕਦ ਸ਼ੁਰੂ ਹੋਈ ਤੇ ਕਦ ਤਕ ਇਹ ਸੇਵਾ ਚਲਦੀ ਰਹੀਂ ਇਸ ਬਾਰੇ ਅੱਡ ਅੱਡ ਲਿਖਾਰੀਆਂ ਨੇ ਅੱਡ ਅੱਡ ਸਮੇਂ ਲਿਖੇ ਹਨ । ਤਵਾਰੀਖ ਖਾਲਸਾ ਵਿਚ ਕੱਤਕ ਦੀ ਪੁੰਨਿਆ ਸੰਮਤ 1616 (ਸੰਨ 1559) ਨੂੰ ਬਾਉਲੀ ਦੀ ਸੇਵਾ ਦਾ ਅਰੰਭ ਹੋਣਾ ਦਸਿਆ ਗਿਆ ਹੈ । ਬੰਸਾਵਲੀ ਨਾਮਾ ਸੰਮਤ 1613 ਬਿਕ੍ਰਮੀ ਦੱਸਦਾ ਹੈ । ਸ੍ਰ: ਸਤਿਬੀਰ ਸਿੰਘ ਜੀ ਅਨੁਸਾਰ ਬਾਉਲੀ ਦਾ ਕੰਮ ਸੰਨ 1553 ਨੂੰ ਆਰੰਭ ਹੋਇਆ ਸੀ ਅਤੇ ਵੈਸਾਖ ਵਾਲੇ ਦਿਨ ਸੰਮਤ 1558 ਨੂੰ ਕੜ ਤੋੜ ਲਿਆ ਗਿਆ ਸੀ, ਜਿਸ ਨਾਲ ਪਾਣੀ ਭਰਿਆ ਗਿਆ ਸੀ । ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਬਾਉਲੀ ਦਾ ਸੰਨ 1559 ਵਿਚ ਬਣਨਾ ਸ਼ੁਰੂ ਹੋਣਾ ਲਿਖਿਆ ਹੈ । ਉਹਨਾਂ ਮੁਤਾਬਕ ਬਾਉਲੀ ਸੰਨ 1559 ਵਿਚ ਬਣਾਕੇ ਤਿਆਰ ਵੀ ਕਰ ਲਈ ਗਈ ਸੀ । ਕੁਝ ਲਿਖਤਾਂ ਵਿਚ ਬਾਉਲੀ ਛੇ ਸਾਲਾਂ ਵਿਚ ਸੰਪੂਰਨ ਹੋਣਾ ਲਿਖਿਆ ਹੈ ਤੇ ਕਈਆਂ ਮੁਤਾਬਕ 9 ਸਾਲਾਂ ਵਿਚ ਸੰਪੂਰਨ ਹੋਈ ਅਰਥਾਤ ਸੰਨ 1565 ਅਤੇ 1559 ਆਦਿਕ ਸੰਪੂਰਤਾ ਦੇ ਸਾਲ ਦੱਸੇ ਗਏ ਹਨ । ਛੇ ਜਾਂ ਨੌ ਸਾਲਾਂ ਤਕ ਬਾਉਲੀ ਹੀ ਬਣਦੀ ਰਹੀ, ਢੁਕਵੀਂ ਗਲ ਨਹੀਂ ਲਗਦੀ । ਬਾਵਲੀ ਦਾ ਸੰਨ 1559 ਵਿਚ ਬਣ ਜਾਣਾ ਜ਼ਿਆਦਾ ਢੁਕਵਾਂ ਲਗਦਾ ਹੈ । ਸਿੱਖ ਇਤਿਹਾਸ ਮੁਤਾਬਕ ਬਾਬਾ ਬੁਢਾ ਜੀ ਨੇ ਇਸ ਸੇਵਾ ਦਾ ਆਰੰਭ ਕੀਤਾ ਸੀ ਤੇ (ਗੁਰੂ) ਰਾਮਦਾਸ ਜੀ, ਭਾਈ ਮਾਣਕ ਚੰਦ, ਭਾਈ ਮਹੇਸ਼ਾ, ਪਾਰੋ, ਭਾਈ ਸਚਨ ਸਚ, ਮਾਈ ਸੇਵਾ ਆਦਿਕ ਅਨੇਕਾਂ ਕਰਨੀ ਵਾਲੇ ਗੁਰਸਿੱਖਾਂ ਨੇ ਇਸ ਸੇਵਾ ਵਿਚ ਹਿੱਸਾ ਪਾਇਆ ਸੀ ।

'ਬਉਲੀ ਕਿਉਂ ਬਣਾਈ ਗਈ ਸੀ ?' ਭੀ ਇਕ ਦਿਲਚਸਪ ਤੇ ਜ਼ਰੂਰੀ ਸੁਆਲ ਹੈ, ਜਿਸ ਬਾਰੇ ਕੁਝ ਜਾਣਕਾਰੀ ਲੈਣੀ ਲਾਭਦਾਇਕ ਰਹੇਗੀ । ਸਭ ਤੋਂ ਵਡਾ ਕਾਰਨ ਤੇ ਇਹ ਸੀ ਇਕੋ ਇਕ ਸਾਂਝੀ ਬਾਵਲੀ ਤੋਂ ਇਸ਼ਨਾਨ ਲਈ ਤੇ ਪੀਣ ਲਈ ਪਾਣੀ ਲੈਣ ਨਾਲ ਵਰਣ-ਆਸ਼ਰਮੀ ਮਤ ਦਾ ਸੁਚ-ਭਿਟ ਵਾਲਾ ਵਹਿਮ ਦੂਰ ਹੋ ਜਾਏ ਤੇ ਇਸ ਤਰ੍ਹਾਂ ਜ਼ਾਤ-ਪਾਤ ਦਾ ਵਿਤਕਰਾ ਨਿਵਾਰਣ ਕੀਤਾ ਜਾਵੇ । ਵਰਣ-ਆਸ਼ਰਮੀ ਸ਼ਰਧਾਲੂ ਚਲਦੇ ਪਾਣੀ ਨੂੰ ਪਵਿਤਰ ਮੰਨਦਾ ਸੀ, ਪਰ ਖੜੇ ਪਾਣੀ ਨੂੰ ਸਾਂਝੇ ਤੌਰ ਤੇ ਵਰਤਣੋਂ ਯਰਕਦਾ ਸੀ, ਕਿਉਂਕਿ ਇਸ ਨਾਲ ਉਸ ਦੇ ਜ਼ਾਤ-ਪਾਤ ਸਬੰਧੀ ਅਭਿਮਾਨ ਨੂੰ, ਸੱਟ ਵਜਦੀ ਸੀ । ਸਤਿਗੁਰਾਂ ਨੇ ਲੰਗਰ ਦੀ ਤਰ੍ਹਾਂ ਬਾਉਲੀ ਦੇ ਸਾਧਨ ਨੂੰ ਭੀ ਜ਼ਾਤ-ਪਾਤ ਦਾ ਵਿਤਕਰਾ ਖ਼ਤਮ ਕਰਨ ਲਈ ਬਹੁਤ ਚੰਗਾ ਸਮਝਿਆ ਸੀ ।

ਉਂਝ ਗੋਇੰਦਵਾਲ ਦਰਿਆ ਬਿਆਸ ਦੇ ਕਿਨਾਰੇ ਵੱਸਿਆ ਹੋਇਆ ਸੀ, ਜਿਸ ਕਾਰਨ ਪਾਣੀ ਦੀ ਕਿੱਲਤ ਦਾ ਬਹੁਤ ਸੁਆਲ ਨਹੀਂ ਸੀ ਉਠਦਾ । ਇਸ ਤੋਂ ਪਹਿਲੇ ਗੋਇੰਦਵਾਲ ਵਿਚ ਇਕ ਵੱਡਾ ਤੇ ਸਾਂਝਾ ਖੂਹ ਵੀ ਲਗਾ ਹੋਇਆ ਸੀ, ਜਿਸ ਦੇ ਪਾਣੀ ਨਾਲ ਨਗਰ ਦਾ ਕੰਮ ਸਰ ਰਿਹਾ ਸੀ । ਦਰਿਆ ਬਿਆਸ ਦਾ ਪਾਣੀ ਕੇਵਲ ਚੁਮਾਸੇ ਵਿਚ ਪੀਣ ਯੋਗ ਨਹੀਂ ਸੀ ਹੁੰਦਾ । ਜਾਤ-ਅਭਮਾਨੀ ਬ੍ਰਾਹਮਣਾਂ, ਖੱਤਰੀਆਂ, ਗੋਇੰਦੇ ਦੇ ਮੁੰਡਿਆਂ ਅਤੇ ਸ਼ੇਖਾਂ ਨਾਲ ਸਾਂਝੇ ਖੂਹ ਤੇ ਕਈ ਵਾਰ ਕਲਹ ਕਲੇਸ਼ ਪੈ ਜਾਣ ਕਾਰਨ ਵੀ ਸਿੱਖ ਸੰਗਤਾਂ ਕੋਈ ਪੱਕਾ ਤੇ ਖੁੱਲ੍ਹੀ ਮਿਕਦਾਰ ਵਾਲਾ ਅਡਰਾ ਪ੍ਰਬੰਧ ਕਰਨਾ ਚਾਹੁੰਦੀਆਂ ਸਨ । ਕੁਝ ਦੂਰ-ਦ੍ਰਿਸ਼ਟੇ ਸਿੱਖ ਪ੍ਰਚਾਰਕ ਇਹ ਵੀ ਮਹਿਸੂਸ ਕਰਦੇ ਸਨ ਕਿ ਇਕ ਵਡੀ ਤੇ ਰਮਣੀਕ ਜਿਹੀ ਬਾਉਲੀ ਵਰਣ-ਅਸ਼ਰਮੀ ਸ਼ਰਧਾਲੂਆਂ ਨੂੰ ਦੂਰ-ਦੁਰਾਡੇ ਦੇ ਤੀਰਥਾਂ ਦੀ ਭਟਕਣਾ ਤੋਂ ਬਚਾਉਣ ਵਿਚ ਵੀ ਮਦਦ ਦੇਵੇਗੀ ।

ਬਾਉਲੀ ਬਣਾਉਣ ਦੀ ਸੇਵਾ ਵਿਚ ਸਿੱਖ ਸੰਗਤਾਂ ਨੇ ਬਹੁਤ ਉਤਸ਼ਾਹ ਦੱਸਿਆ । (ਗੁਰੂ) ਰਾਮਦਾਸ ਜੀ ਦੀ ਅਗਵਾਈ ਹੇਠ ਬਾਵਲੀ ਦੀ ਉਸਾਰੀ ਹੋ ਰਹੀ ਸੀ । (ਗੁਰੂ) ਰਾਮਦਾਸ ਜੀ ਕੇਵਲ ਅਗਵਾਈ ਅਤੇ ਨਿਗਰਾਨੀ ਹੀ ਨਹੀਂ ਸਨ ਕਰਦੇ ਬਲਕਿ ਖ਼ੁਦਾਈ ਦਾ ਕੰਮ ਤੇ ਟੋਕਰੀ ਚੁਕ ਕੇ ਮਿੱਟੀ ਬਾਹਰ ਕੱਢਣ ਦਾ ਕੰਮ ਵੀ ਆਪ ਖ਼ੁਦ ਹੱਥੀਂ ਕਰਦੇ ਸਨ । ਇਸੁ ਵਾਰੀ ਲਾਹੌਰੋਂ ਉਹਨਾਂ ਦੀ ਬਿਰਾਦਰੀ ਦੇ ਕੁਝ ਸੱਜਣ ਗੋਇੰਦਵਾਲ ਸਾਹਿਬ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਆਏ । ਜਾਤ-ਅਭਿਮਾਨ ਅਤੇ ਦੁਨਿਆਵੀ ਰਸਮਾਂ ਦਾ ਵਹਿਮ ਮਨ ਵਿਚ ਉਠ ਖੜੋਤਾ । (ਗੁਰੂ) ਰਾਮਦਾਸ ਜੀ ਗੁਰੂ ਅਮਰਦਾਸ ਜੀ ਦੇ ਜਵਾਈ ਸਨ, ਪਰ ਗੁਰੂ ਘਰ ਦੀ ਸੇਵਾ ਇਕ ਗੁਰਸਿੱਖ ਦੇ ਤੌਰ ਤੇ ਕਰ ਰਹੇ ਸਨ । ਜੇ ਲੋਕਾਚਾਰੀ ਰਿਸ਼ਤੇ ਤੇ ਰਸਮਾਂ ਹੀ ਨਿਭਾਉਣੀਆਂ ਹੁੰਦੀਆਂ ਤਾਂ ਸਿੱਖੀ ਕਿਵੇਂ ਨਿਭ ਸਕਦੀ ਸੀ । (ਗੁਰੂ) ਰਾਮਦਾਸ ਜੀ ਤਾਂ ਸਿੱਖਾਂ ਨੂੰ ਜਾਣੋ, ਸਿੱਖੀ ਕਮਾਉਣ ਦੀ ਜਾਂਚ ਸਿਖਾਲਣ ਲਈ ਪੂਰਨੇ ਪਾ ਰਹੇ ਸਨ । ਲਾਹੌਰ ਤੋਂ ਆਏ ਭਾਈ ਸਿਹਾਰੀ ਮਲ ਤੇ ਬਿਰਾਦਰੀ ਦੇ ਕੁਝ ਹੋਰ ਬੰਦਿਆਂ ਨੇ ਸਿੱਖੀ ਦੀ ਅਸਲ ਕਮਾਈ ਦੀ ਗਲ ਨ ਸਮਝਣ ਕਾਰਨ ਲੋਕਾਚਾਰੀ ਦੇ ਨੁਕਤਾ ਨਿਗਾਹ ਨਾਲ ਵੇਖਦਿਆਂ-ਵਾਚਦਿਆਂ (ਗੁਰੂ) ਰਾਮਦਾਸ ਜੀ (ਜੋ ਗੁਰੂ ਅਮਰਦਾਸ ਜੀ ਦੇ ਦਾਮਾਦ

ਸਨ) ਨੂੰ ਗੋਇੰਦਵਾਲ ਵਿਖੇ ਹਰ ਪ੍ਰਕਾਰ ਦੀ ਸੇਵਾ ਹੱਥੀਂ ਕਰਦਿਆਂ ਦੇਖ ਕੇ ਕਾਫੀ ਪਰੇਸ਼ਾਨੀ ਜਿਹੀ ਮਹਿਸੂਸ ਕੀਤੀ ਸੀ । (ਗੁਰੂ) ਰਾਮਦਾਸ ਜੀ ਨੇ ਬਹੁਤ ਥੋੜੇ ਲਫ਼ਜ਼ਾਂ ਵਿਚ ਉਹਨਾਂ ਸਭਨਾਂ ਨੂੰ ਉਹਨਾਂ ਦੀ ਊਣਤਾਈ ਦਸਦਿਆਂ ਕਹਿ ਕੀ ਦਿੱਤਾ ਕਿ ਉਹ ਸਭ ਹਉਮੈ ਦੇ ਦੀਰਘ ਰੋਗ ਅਤੇ ਲੋਕਾਚਾਰੀ ਰਸਮਾਂ ਦੀ ਧੁੰਧ ਕਾਰਨ ਗੁਰਮਤ ਦੇ ਮਹਾਨ ਅਕੀਦਿਆਂ ਅਤੇ ਕਮਾਈ ਨੂੰ ਸਮਝਣੋਂ ਅਸਮਰਥ ਰਹੇ ਹਨ ।

ਜਦ ਖੁਦਾਈ ਦਾ ਸਾਰਾ ਕੰਮ ਲਗਭਗ ਪੂਰਾ ਹੋ ਗਿਆ ਤਦ ਅਗੇ ਇਕ ਬਹੁਤ ਪੱਕਾ ਕੜ ਆ ਗਿਆ । ਇਸ ਕੜ ਨੂੰ ਕਟੇ ਬਿਨਾਂ ਬਉਲੀ ਵਿਚ ਪਾਣੀ ਆਉਣਾ ਨਾਮੁਮਕਿਨ ਸੀ । ਭਾਈ ਪਾਰੋ ਆਦਿ ਸਿੱਖਾਂ ਨੇ ਗੁਰੂ ਅਮਰਦਾਸ ਜੀ ਨੂੰ ਮੌਕੇ ਤੇ ਬੁਲਵਾਕੇ ਹੁਕਮ ਮੰਗਿਆ ਕਿ ਕੜ ਨੂੰ ਤੋੜਨ ਲਈ ਅੱਗੇ ਕੀ ਕੀਤਾ ਜਾਏ । ਗੁਰੂ ਅਮਰਦਾਸ ਜੀ ਨੇ ਇਹ ਵੱਡੀਆਂ ਛੈਣੀਆਂ ਅਰ ਹਥੋੜੇ ਨਾਲ ਪਾੜ ਪਾਕੇ ਕੜ ਕੱਟਣ ਦੀ ਤਜਵੀਜ਼ ਦਿਤੀ । ਇਹ ਕੰਮ ਇਨਾਂ ਆਸਾਨ ਨਹੀਂ ਸੀ ਅਰ ਕਾਫੀ ਖਤਰੇ ਭਰਿਆ ਸੀ । ਛੈਣੀ ਨਾਲ ਕੜ ਵਿਚ ਪਾੜ ਪਾਣ ਸਮੇਂ ਇਹ ਐਨ ਸੰਭਵ ਸੀ ਕਿ ਭੂਮੀ-ਤਲ ਪਾੜ ਕੇ ਪਾਣੀ ਪੂਰੇ ਜ਼ੋਰ ਨਾਲ ਫੁਹਾਰੇ ਵਾਂਗ ਉਤੇ ਚੜ੍ਹ ਜਾਵੇ ਤੇ ਬਾਉਲੀ ਇਕ ਦਮ ਅਚਾਨਕ ਪਾਣੀ ਨਾਲ ਭਰ ਜਾਵੇ । ਇਸ ਤਰ੍ਹਾਂ ਕੜ ਨੂੰ ਛੈਣੀ ਨਾਲ ਕੱਟਣ ਵਾਲਾ ਇਕ ਦਮ ਪਾਣੀ ਦੇ ਕਾਬੂ ਆਕੇ ਜਾਨ ਗੁਆ ਸਕਦਾ ਸੀ । ਇਹ ਕੰਮ ਇਕ ਮਰਜੀਵੜੇ ਸਿਦਕੀ ਸਿੱਖ ਮਾਣਕ ਚੰਦ ਨੇ ਪੂਰੀ ਦਲੇਰੀ ਨਾਲ ਕੀਤਾ । ਪਾਣੀ ਵਡੇ ਫੁਹਾਰੇ ਦੀ ਤਰ੍ਹਾਂ ਜ਼ੋਰ ਨਾਲ ਦੇਖਦੇ ਹੀ ਸਾਰੀ ਬਉਲੀ ਵਿੱਚ ਭਰ ਗਿਆ ਤੇ ਮਾਣਕ ਚੰਦ ਪਾਣੀ ਵਿਚ ਡੁੱਬ ਗਿਆ । ਸਭ ਨੇ ਮਹਿਸੂਸ ਕੀਤਾ ਕਿ ਉਹ ਹੁਣ ਜ਼ਿੰਦਾ ਬਉਲੀ 'ਚੋਂ ਨਹੀਂ ਨਿਕਲ ਸਕੇਗਾ । ਵਿਧਵਾ ਮਾਤਾ ਨੇ ਪੁੱਤਰ ਨੂੰ ਮਰ ਗਿਆ ਸਮਝਕੇ ਬਹੁਤ ਕੀਰਨੇ ਪਾਏ । ਪਰ ਪ੍ਰਮੇਸ਼ਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ । ਮਾਣਕ ਚੰਦ ਦਾ ਸ਼ਰੀਰ ਬਉਲੀ ਵਿਚੋਂ ਕਢਵਾਇਆ ਗਿਆ । ਪੇਟ ਵਿਚ ਬਹੁਤ ਪਾਣੀ ਭਰ ਚੁੱਕਾ ਸੀ । ਬੇਹੋਸ਼ ਸਰੀਰ ਦਾ ਇਲਾਜ ਕਰਕੇ ਪੇਟ ਵਿਚ ਦਾਖਲ ਹੋਇਆ ਪਾਣੀ ਕੱਢਣ ਉਤੇ ਮਾਣਕ ਚੰਦ ਹੋਸ਼ ਵਿਚ ਆ ਗਿਆ ਅਤੇ ਇਸ ਤਰ੍ਹਾਂ ਉਸਨੇ ਸਿੱਖਾਂ ਵਿਚ ਦਲੇਰੀ ਨਾਲ ਸੇਵਾ ਕਰਨ ਦੇ ਜਾਣੇ, ਪੂਰਨੇ ਪਾ ਦਿਤੇ । ਮਾਣਕ ਚੰਦ ਵੈਰੋਵਾਲ ਦਾ ਪਥਰੀਆ ਸੀ ਪਰ ਇਸਦਾ ਜੀਵਨ ਇਤਨਾ ਉਚਾ ਤੇ ਪਵਿਤਰ ਸੀ ਕਿ ਭਾਈ ਮਾਈ ਦਾਸ ਨੂੰ ਸਿੱਖੀ ਦੇ ਅਮਲੀ ਜੀਵਨ ਨੂੰ ਸਿਖਣ ਸਮਝਣ ਲਈ ਮਾਣਕ ਚੰਦ ਦੀ ਸੰਗਤ ਕਰਨ ਦੀ ਤਾਕੀਦ ਗੁਰੂ ਜੀ ਵਲੋਂ ਕੀਤੀ ਗਈ ਸੀ ।

ਭਾਈ ਸੰਤ ਸਾਧਾਰਣ ਜੋ ਬਕਾਲੇ ਦਾ ਨਿਵਾਸੀ ਸੀ, ਗੋਇੰਦਵਾਲ ਵਿਖੇ ਬਾਉਲੀ ਦੀ ਸੇਵਾ ਵਿਚ ਬਹੁਤ ਹੀ ਸ਼ਰਧਾ ਤੇ ਪਿਆਰ ਨਾਲ ਸ਼ਾਮਲ ਹੋਇਆ । ਇਹ ਲੋਹਾਰਾ ਤੇ ਤਰਖਾਣਾ ਕੰਮ ਬਹੁਤ ਵਧੀਆ ਜਾਣਦਾ ਸੀ । ਗੋਇੰਦਵਾਲ ਦੀ ਬਾਉਲੀ ਵਿਚ ਉਤਰਨ ਲਈ ਉਸਨੇ ਬਹੁਤ ਸੁੰਦਰ ਪਾਉੜੀਆਂ ਪੂਰਨ ਸ਼ਰਧਾ ਤੇ ਸਿਦਕ ਨਾਲ ਘੜ ਕੇ ਫਿਟ ਕੀਤੀਆਂ ਸਨ ਤੇ ਗੁਰੂ ਜੀ ਦੀ ਖੁਸ਼ੀ ਹਾਸਲ ਕੀਤੀ ਸੀ ।

ਸੁਲਤਾਨਪੁਰ ਦੇ ਧੀਰੇ ਜਾਤ ਦੇ ਖਤਰੀ ਮਹੇਸ਼ਾ ਜੀ ਨੇ ਵੀ ਬਾਉਲੀ ਬਣਨ ਸਮੇਂ ਪੂਰੀ ਸ਼ਰਧਾ ਤੇ ਸਿਦਕ ਨਾਲ ਸੇਵਾ ਕੀਤੀ । ਸੇਵਾ ਦੇ ਕੰਮ ਵਿਚ ਇਕ ਚਿਤ ਹੋ ਕੇ ਲਗਾਤਾਰ ਜੁਟੇ ਰਹਿਣ ਕਾਰਨ ਉਹ ਆਪਣੇ ਵਪਾਰ ਦੇ ਕੰਮ ਵਲ ਧਿਆਨ ਨਾ ਦੇ ਸਕੇ ਜਿਸ ਕਾਰਨ ਉਹਨਾਂ ਦਾ ਕੰਮ ਕਾਰ ਲਗਭਗ ਤਬਾਹ ਜਿਹਾ ਹੀ ਹੋ ਗਿਆ । ਗੁਰਸੰਗਤ ਦੇ ਪ੍ਰਭਾਵ ਕਾਰਨ ਭਾਈ ਮਹੇਸ਼ਾ ਜੀ ਬਹੁਤ ਉੱਚੀ ਆਤਮਕ ਅਵਸਥਾ ਦੇ ਮਾਲਕ ਬਣ ਗਏ ਸਨ । ਧਨ-ਪਦਾਰਥ ਤੇ ਸੰਸਾਰ ਦੀਆਂ ਹੋਰ ਪ੍ਰਾਪਤੀਆਂ ਨੂੰ ਉਹ ਖਿਨ-ਭੰਗੁਰ (transitory) ਸਮਝਣ ਲਗ ਗਏ ਸਨ । ਇਹਨਾਂ ਪਦਾਰਥਾਂ ਵਿਚ ਉਹਨਾਂ ਦਾ ਸੰਸਾਰੀਆਂ ਵਾਂਗ ਮੋਹ ਨਹੀਂ ਸੀ ਰਹਿ ਗਿਆ ਜਿਸ ਕਾਰਨ ਉਹ ਸਹਜ ਅਨੰਦ ਅਵਸਥਾ ਦੇ ਧਾਰਨੀ ਬਣ ਗਏ ਸਨ । ਪਦਾਰਥਾਂ ਦਾ ਖੁਸ ਜਾਣਾ ਉਹਨਾਂ ਨੂੰ ਹੁਣ ਦੁਖ ਨਹੀਂ ਸੀ ਦੇ ਸਕਦਾ । ਬਾਅਦ ਵਿਚ ਭਾਈ ਮਹੇਸ਼ਾ ਜੀ ਨੇ ਦੁਆਬੇ ਵਿਚ ਸਿੱਖੀ ਦਾ ਬਹੁਤ ਪਰਚਾਰ ਕੀਤਾ ਸੀ ।

ਮਾਈ ਸੇਵਾਂ ਜੋ ਕਾਬਲ ਦੀ ਰਹਿਣ ਵਾਲੀ ਸੀ, ਨੇ ਵੀ ਇਕ ਚਿਤ ਹੋ ਕੇ ਬਉਲੀ ਦੀ ਸੇਵਾ ਆਦਰਸ਼ਕ ਢੰਗ ਨਾਲ ਨਿਰਮਾਣ ਹੋ ਕੇ ਕੀਤੀ ਸੀ । ਇਹ ਮਾਈ ਗੋਇੰਦਵਾਲ ਸਤਿਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਈ ਸੀ । ਗੁਰ-ਸੰਗਤ ਤੋਂ ਇਤਨੀ ਪ੍ਰਭਾਵਿਤ ਹੋਈ, ਕਿ ਬਾਉਲੀ ਬਣ ਜਾਣ ਤਕ ਵਾਪਸ ਦੇਸ਼ ਨਾ ਪਰਤੀ । ਇਸ ਮਾਈ ਦੇ ਅਮਲੀ ਸਿੱਖੀ ਜੀਵਨ ਕਾਰਨ ਕਾਬਲ ਦੇ ਇਲਾਕੇ ਵਿੱਚ ਸਿੱਖੀ ਦਾ ਪਰਚਾਰ ਕਰਨ ਲਈ ਇਸ ਨੂੰ ਪ੍ਰਚਾਰ ਕਰਨ ਦੀ ਮੰਜੀ ਬਖਸ਼ੀ ਗਈ ਸੀ ।

ਬਾਉਲੀ ਬਣ ਜਾਣ ਪਰ ਭਾਈ ਪਾਰੋ ਜੁਲਕਾ, ਜਿਹਨਾਂ ਦੀ ਨਿਰਮਾਣ ਸੇਵਾ ਤੇ ਸਿੱਖੀ ਦੀ ਕਮਾਈ ਨੂੰ ਦੇਖ ਕੇ ਸਤਿਗੁਰੂ ਅਮਰਦਾਸ ਜੀ ਨੇ 'ਪਰਮ ਹੰਸ' ਪਦ ਨਾਲ ਸਨਮਾਨਿਆ ਸੀ, ਨੇ ਸਤਿਗੁਰਾਂ ਅਗੇ ਬੇਨਤੀ ਕਰਕੇ ਇਕ ਬੜੀ ਕਾਰਆਮਦ ਤੇ ਮੁਫੀਦ ਤਜਵੀਜ਼ ਰਖੀ । ਵਖੋ-ਵਖ ਥਾਵਾਂ ਤੋਂ ਅੱਡ ਅੱਡ ਸਮਿਆਂ ਤੇ ਸੰਗਤਾਂ ਗੋਇੰਦਵਾਲ ਵਿਖੇ ਗੁਰਸੰਗਤ ਕਰਨ ਲਈ ਆਉਂਦੀਆਂ ਹੀ ਰਹਿੰਦੀਆਂ ਸਨ ਤੇ ਗੁਰੂ ਅਮਰਦਾਸ ਜੀ ਆਪ ਵੀ ਜਿਥੇ ਕਿਤੇ ਸੰਭਵ ਹੋ ਸਕੇ, ਪ੍ਰਚਾਰ ਲਈ ਹੋਰ ਪਿੰਡਾਂ ਤੇ ਨਗਰਾਂ ਵਿਚ ਜਾਂਦੇ ਰਹਿੰਦੇ ਸਨ ਪਰ ਜੇ ਸਾਲ ਵਿਚ ਇਕ ਦੋ ਦਿਨ ਉਚੇਚੇ ਮਿਥ ਕੇ ਸਭ ਸਿੱਖ ਸੰਗਤਾਂ ਦਾ ਭਾਰੀ ਸਾਂਝਾ ਜੋੜ ਮੇਲਾ ਕਰਵਾਇਆ ਜਾਏ ਤਾਂ ਇਸ ਨਾਲ ਸੰਗਤਾਂ ਵਿਚ ਸਿੱਖੀ ਲਈ ਬਹੁਤ ਉਤਸ਼ਾਹ ਵਧੇਗਾ ਅਤੇ ਸਿੱਖੀ ਅਸੂਲਾਂ ਤੇ ਗੁਰ ਮਰਯਾਦਾ ਦਾ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਹੋ ਸਕੇਗਾ ਗੁਰੂ ਅਮਰਦਾਸ ਜੀ ਨੇ ਇਸ ਤਜਵੀਜ਼ ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪਰਵਾਨਗੀ ਦਿੱਤੀ, ਤੇ ਇਸ ਤਰ੍ਹਾਂ ਸੰਨ 1567 (ਸੰਮਤ 1624) ਵਿਚ ਪਹਿਲੀ ਵਾਰ ਵਿਸਾਖੀ ਦਾ ਵੱਡੀ ਪੱਧਰ ਤੇ ਸਿੱਖ ਸੰਗਤਾਂ ਦਾ ਜੋੜ ਮੇਲਾ ਹੋਇਆ ਜੋ ਪਿੱਛੋਂ ਸਿੱਖ ਕੌਮ ਦੇ ਕੌਮੀ ਤਿਉਹਾਰ ਦੀ ਸ਼ਕਲ ਅਖਤਿਆਰ ਕਰ ਗਿਆ । ਬਾਕੀ ਗੁਰੂ ਜਾਮਿਆਂ ਵਿਚ ਵੀ ਸਤਿਗੁਰੂ ਜਿਥੇ ਭੀ ਰਹਿੰਦੇ ਰਹੇ, ਇਹ ਦਿਨ ਸਿੱਖੀ ਦੇ ਕੌਮੀ ਤਿਉਹਾਰ ਦੇ ਰੂਪ ਵਿਚ ਮਨਾਇਆ ਜਾਂਦਾ ਰਿਹਾ ਹੈ ।

## ਸਿਖ ਇਤਿਹਾਸ ਵਿਚ ਰਲੇ ਦਾ ਇਕ ਨਮੂਨਾ —

ਜਿਵੇਂ ਕਿ ਉਪਰ ਬਿਆਨ ਕੀਤਾ ਜਾ ਚੁੱਕਾ ਹੈ ਕਿ ਬਾਉਲੀ ਦੀ ਰਚਨਾ ਬਾਰੇ ਲਿਖਾਰੀਆਂ ਨੇ ਅਡਰੇ ਅਡਰੇ ਸੰਨ ਸੰਮਤ ਲਿਖੇ ਹਨ, ਪਰ ਪ੍ਰੋਫੈਸਰ ਸਾਹਿਬ ਸਿੰਘ ਜੀ ਵਲੋਂ ਲਿਖਿਆ ਸੰਨ 1559 ਹੀ ਸਹੀ ਸਾਬਤ ਹੁੰਦਾ ਹੈ । ਅਣਜਾਣਪੁਣੇ ਵਿਚ ਅਥਵਾ ਜਾਣ ਬੁਝ ਕੇ ਸਿੱਖ ਇਤਿਹਾਸ ਵਿਚ ਰਲਾ ਪਾਉਣ ਦੇ ਇਰਾਦੇ ਨਾਲ ਗੋਇੰਦਵਾਲ ਦੇ ਬਾਉਲੀ ਦੀ ਖੁਦਾਈ ਹੋ ਰਹੀ ਸੀ ਤਦ ਉਹਨਾਂ ਦਿਨਾਂ ਵਿਚ ਅਕਬਰ ਨੇ ਚਿਤੋੜ ਤੇ ਹਮਲਾ ਕਰ ਰਖਿਆ ਸੀ । ਇਧਰ ਬਾਉਲੀ ਦਾ ਕੜ ਟੁਟਣ ਵਿਚ ਨਹੀਂ ਸੀ ਆ ਰਿਹਾ ਤੇ ਉਧਰ ਅਕਬਰ ਪਾਸੋਂ ਚਿਤੌੜ ਦਾ ਕਿਲ੍ਹਾ ਨਹੀਂ ਸੀ ਸਰ ਹੋ ਰਿਹਾ । ਅਕਬਰ ਨੇ ਟੋਡਰਮਲ ਦੀ ਤਜਵੀਜ਼ ਤੇ ਤਾਹਿਰ ਖਾਨ ਨੂੰ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਜਿਤ ਲਈ ਅਰਦਾਸ ਕਰਨ ਹਿਤ ਭੇਜਿਆ । ਗੁਰੂ ਜੀ ਨੇ ਇਹ ਬਚਨ ਕੀਤਾ ਕਿ ਜਦ ਬਉਲੀ ਦਾ ਕੜ ਟੁਟੇਗਾ ਤਦ ਹੀ ਉਸ ਸਮੇਂ ਚਿਤੌੜ ਦੇ ਕਿਲ੍ਹੇ ਉਤੇ ਅਕਬਰ ਦੀ ਫਤਹਿ ਹੋ ਜਾਏਗੀ, ਇਸ ਤੋਂ ਪਹਿਲੇ ਨਹੀਂ । ਸ਼ਾਹੀ ਕਾਰੀਗਰ ਕੜ ਤੋੜਨ ਤੇ ਲਗਾ ਦਿਤੇ ਗਏ । ਇਧਰ ਬਾਉਲੀ ਦਾ ਕੜ ਟੁੱਟਾ, ਤੇ ਉਧਰ ਗੁਰੂ ਜੀ ਦੇ ਬਚਨ ਮੁਤਾਬਕ ਕਿਲ੍ਹਾ ਚਿਤੌੜ ਜਿਤਿਆ ਗਿਆ । ਗੁਰੂ ਪ੍ਰਤਾਪ ਸੂਰਜ ਦੀ ਰਾਸ 3 ਅੰਸੂ 7 ਅਤੇ ਤਵਾਰੀਖ ਗੁਰੂ ਖਾਲਸਾ ਹਿਸਾ 2 ਦੇ ਸਫਾ 611 ਵਿਚ ਕੁਝ ਇਸ ਭਾਂਤ ਦੀ ਸਾਖੀ ਹੀ ਦਰਜ ਹੈ ।

ਰਾਜਾ ਬਿਹਾਰੀ ਮਲ ਅੰਬਰ ਨੇ ਆਪਣੀ ਕੰਨਿਆ ਲੋੜ ਅਨੁਸਾਰ ਅਕਬਰ ਨੂੰ ਵਿਆਹ ਦਿਤੀ ਸੀ । ਮੇਵਾੜ ਦਾ ਰਾਜਾ ਉਦੈ ਸਿੰਘ ਇਸ ਗਲ ਤੇ ਨਰਾਜ਼ ਸੀ ਕਿਉਂਕਿ ਇਸ ਨਾਲ ਰਾਜਪੂਤੀ ਅਣੱਖ ਤੇ ਗੈਰਤਾ ਤੇ ਸਟ ਵਜਦੀ ਸੀ । ਅਕਬਰ ਉਦੇ ਸਿੰਘ ਤੇ ਹਮਲਾ ਕਰਕੇ ਇਸ ਵਿਰੋਧਤਾ ਦਾ ਫਲ ਉਸ ਨੂੰ ਭਗਤਾਉਣਾ ਚਾਹੁੰਦਾ ਸੀ । ਰਾਜਾ ਉਦੈ ਸਿੰਘ ਇਸ ਹਮਲੇ ਸਮੇਂ ਜੈਮਲ ਤੇ ਛਤੇ ਨੂੰ ਕਿਲਾ ਸੌਂਪ ਕੇ ਆਪ ਪਹਾੜਾਂ ਵਲ ਦੌੜ ਗਿਆ ਸੀ । ਸ਼ਾਹੀ ਫੌਜ ਨੇ ਸਤੰਬਰ ਸੰਨ 1567 ਨੂੰ ਚਿਤੌੜ ਤੇ ਘੇਰਾ ਪਾ ਲਿਆ ਸੀ ਤੇ 23 ਫਰਵਰੀ ਸੰਨ 1568 ਚਿਤੌੜ ਨੂੰ ਜਿਤ ਲਿਆ ਸੀ । ਸਮਿਥ, ਲੇਨ, ਕਰਨਲ ਟਾਡ, ਅਬੁਲ ਫਜ਼ਲ (ਅਕਬਰ ਨਾਮੇ ਦਾ ਲਿਖਾਰੀ ਤੇ ਅਕਬਰ ਦਰਬਾਰੀ) ਡਾਕਟਰ ਈਸ਼ਵਰੀ ਪ੍ਰਸਾਦ ਆਦਿਕ ਸਭ ਦੀਆਂ ਲਿਖਤਾਂ ਅਕਬਰ ਵਲੋਂ ਚਿਤੌੜ ਦੇ ਹਮਲੇ ਅਤੇ ਜਿਤ ਦਾ ਸੰਨ 1567 ਜਾਂ 1568 ਹੀ ਦਸਦੀਆਂ ਹਨ । ਬਾਉਲੀ ਦਾ ਕੰਮ ਸੰਨ 1559 ਚਿ ਸ਼ੁਰੂ ਹੋਇਆ ਸੀ ਤੇ ਸੰਨ 1559 ਵਿਚਹੀ ਮੁਕੰਮਲ ਕਰ ਲਿਆ ਗਿਆ ਸੀ । ਸੰਨ 1567 ਤੱਕ 6-7 ਸਾਲ ਬਾਉਲੀ ਬਣਦੇ ਰਹਿਣ ਦੀ ਗਲ ਜੋ ਕਈ ਲਿਖਾਰੀਆਂ ਨੇ ਲਿਖੀ ਹੈ, ਭੀ ਅਛੀ ਖਾਸੀ ਫਜ਼ੂਲ ਜਾਪਦੀ ਹੈ । ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੋਵੇ, (ਗੁਰੂ) ਰਾਮਦਾਸ ਜੀ ਦੀ ਨਿਗਰਾਨੀ ਹੋ ਰਹੀ ਹੋਵੇ, ਬਾਬਾ ਬੁੱਢਾ, ਭਾਈ ਪਾਰੋ, ਭਾਈ ਮਾਣਕ ਚੰਦ, ਭਾਈ ਸੰਤ ਸਾਧਾਰਣ, ਭਾਈ ਮਹੇਸ਼ਾ, ਭਾਈ ਸੇਵਾਂ, ਭਾਈ ਸਚਨ ਸਚ ਆਦਿਕ ਅਨੇਕਾਂ ਸਿਦਕੀ ਤੇ ਮਿਹਨਤੀ ਸਿਖ ਸੇਵਾ ਕਰ ਰਹੇ ਹੋਣ, ਤੇ ਇਕ ਬਾਉਲੀ ਛੇ-ਸਤਾਂ ਸਾਲਾਂ ਵਿਚ ਨ ਮੁਕੰਮਲ ਹੋਵੇ, ਉਪਰੋਕਤ ਮਹਾਂਪੁਰਖਾਂ ਨਾਲ ਹੀ ਧੱਕਾ ਨਹੀਂ, ਆਪਣੀ ਸੂਝ ਬੂਝ ਦਾ ਆਪਣੇ ਹੱਥੀਂ ਹੀ ਦੀਵਾਲਾ ਕੱਢਣ-ਤੁਲ

ਹੈ । ਕੈਸੀ ਵੀ ਸਖਤ ਥਾਂ ਕਿਉ ਨ ਹੋਵੇ, ਖੂਹ ਜਾਂ ਬਾਉਲੀ ਬਣਾਉਣ ਮਾਤਰ ਲਈ ਇਤਨੇ ਸਾਲ ਲਗਾ ਦੇਣੇ ਸਮੇਂ ਨੂੰ ਬਰਬਾਦ ਕਰਨਾ ਮੰਨਣਾ ਪਏਗਾ । ਇਤਨੇ ਮਿਹਨਤੀ, ਸਿਦਕੀ ਤੇ ਸਿਰੜੀ ਸਿੱਖ ਇਤਨੀ ਭਾਰੀ ਗਿਣਤੀ ਵਿਚ ਮੌਜੂਦ ਹੋਣ, ਤੇ ਛੇ-ਸਤ ਸਾਲ ਬਾਉਲੀ ਬਣਨ ਉਤੇ ਲਗ ਜਾਣ, ਤੇਜ਼ੀ ਨਾਲ ਕੰਮ ਕਰਨ ਦੇ ਰਿਕਾਰਡ ਕਾਇਮ ਕਰਨ ਵਾਲੀ ਸੰਸਾਰ ਪ੍ਰਸਿਧ ਫੁਰਤੀਲੀ ਸਿੱਖ ਕੌਮ ਨਾਲ ਮਖੌਲ ਕਰਨਾ ਹੀ ਪ੍ਰਤੀਤ ਹੁੰਦਾ ਹੈ । ਫਿਰ ਉਸਾਰੀ ਦੀ ਇਤਨੀ ਸੁਸਤ ਚਾਲ ਉਤੇ ਭੀ ਜੇ ਉਟੰਕਣ ਨ ਕਰੀਏ ਤੇ ਬਾਉਲੀ ਦਾ ਉਸਰਨਾ ਸੰਨ 1565 ਦਾ ਔਖੇ ਸੌਖੇ ਹੋ ਕੇ ਮੰਨ ਭੀ ਲਈਏ, ਤਾਂ ਭੀ ਗਲ ਨਹੀਂ ਬਣਦੀ, ਕਿਉਕਿ ਚਿਤੌੜ ਦਾ ਕਿਲਾ ਸੰਨ 1568 ਵਿਚ ਜਿਤਣ ਹੋਇਆ । ਦਰਅਸਲ ਅਜਿਹੀ ਸਾਖੀ ਕਿਸੇ ਮੁਗਲ ਰਾਜ ਦੇ ਖੈਰ-ਖਾਹ ਨੇ ਮੁਗਲ ਰਾਜ ਦੇ ਪ੍ਰਭਾਵ ਹੇਠਾਂ ਚਲਾ ਦਿਤੀ ਸੀ, ਜਿਸ ਅਨੁਸਾਰ ਲਿਖਾਰੀ ਅਗੇ ਤੋਂ ਅਗੇ ਸ਼ੇਖੀ ਮਾਰਦੇ ਚਲੇ ਗਏ ਹਨ । ਦਰਅਸਲ ਬਾਉਲੀ ਦੇ ਕੜ ਟੁਟਣ ਤੇ ਚਿਤੌੜ ਗੜ ਸਰ ਹੋਣ ਦਾ ਆਪੋ ਵਿਚ ਦੂਰ ਦਾ ਸਬੰਧ ਵੀ ਨਹੀਂ ।

ਬਾਉਲੀ ਸਾਹਿਬ ਦੀ ਪਉੜੀਆਂ ਦੀ ਗਿਣਤੀ ਚੌਰਾਸੀ (84) ਰਖੀ ਸੀ, ਜੋ ਆਪਣੇ ਆਪ ਵਿਚ ਮਨੋ ਵਿਗਿਆਨੀ ਪ੍ਰਭਾਵ ਪਾਉਦੀ ਸੀ । ਬੇਅੰਤ ਪੁਰਾਤਨ ਗ੍ਰੰਥਾਂ ਵਿਚ ਜੂਨੀਆਂ ਦੀ ਗਿਣਤੀ ਚੌਰਾਸੀ ਲਖ ਦੱਸੀ ਗਈ ਹੈ । ਅਨਮਤਾਂ ਦੇ ਅਧੂਰੇ ਸਿਧਾਂਤਾਂ ਅਥਵਾ ਮਨਮਤਾਂ ਦੇ ਮਗਰ ਤੁਰਨ ਵਾਲੇ ਬੰਦਿਆਂ ਨੂੰ ਗੁਰਮਤ ਧਾਰਨੀ ਹਾਸ ਬਿਲਾਸ ਨਾਲ ਮਖੌਲ ਵਿਚ ' ਚੌਰਾਸੀ ਦਾ ਖਾਜ ' ਹੀ ਕਹਿੰਦੇ ਰਹੇ ਹਨ । ਜਪੁ ਜੀ ਪਾਠ ਵਿਚਾਰ ਕਰਕੇ ਸਾਂਝੀ ਬਾਉਲੀ ਵਿਚੋਂ ਪੀਣ ਲਈ ਜਲ ਤੇ ਇਸ਼ਨਾਨ ਕਰਨ ਨਾਲ ਕੁਦਰਤੀ ਗਲ ਸੀ ਕਿ ਜਾਤ ਪਾਤ ਦਾ ਵਿਤਕਰਾ ਮੁੱਕ ਜਾਂਦਾ ਸੀ ਤੇ ਇਸ ਤਰ੍ਹਾਂ ਬ੍ਰਹਿਮਣੀ ਮੱਤ ਵਲੋਂ ਜਾਤ-ਪਾਤ ਦੇ ਆਧਾਰ ਤੇ ਕਿਸੇ ਨੂੰ ਨੀਵਾਂ ਕਿਸੇ ਨੂੰ ਉੱਚਾ ਮੰਨਣ ਤੇ ਗਲਤ ਸਿਧਾਂਤ ਤੋਂ ਛੁਟਕਾਰਾ ਹੋ ਜਾਂਦਾ ਸੀ, ਅਰ ਜਾਤ-ਅਭਿਮਾਨ ਤੇ ਮਨੁਖ ਜਾਤੀ ਦੇ ਕੁਝ ਹਿਸੇ ਨਾਲ ਜਾਤ-ਜਨਮ ਦੇ ਅਧਾਰ ਤੇ ਨਫ਼ਰਤ ਦਾ ਖਾਤਮਾ ਹੋ ਕੇ ਸਾਰੀ ਮਨੁਖਤਾ ਨੂੰ ਭਰਾ-ਭਰਾ ਮੰਨਣ ਦਾ ਵਲ ਆਉਦਾ ਸੀ । ਜਾਤ-ਅਭਿਮਾਨ ਆਦਿਕ ਮਨਮਤਾਂ ਤੋਂ ਛੁਟਕਾਰਾ ਹੋ ਜਾਣਾ, ਨਿਸਚੇ ਤੌਰ ਤੇ ਚੌਰਾਸੀ ਤੋਂ ਛੁਟਕਾਰਾ ਸੀ, ਜੋ ਸਿੱਖਾਂ ਦੇ ਗੁਰੂ ਦੀ ਮੱਤ ਨੂੰ ਧਾਰਨ ਕਰਕੇ ਹਾਸਲ ਕਰ ਲਿਆ ਸੀ ।

### (ਕ) ਹਰੀ ਰਾਮ ਤੱਪੇ ਦਾ ਪਾਜ ਉਘੜਨਾ

ਗੋਇੰਦਵਾਲ ਵਿਖੇ ਬਾਉਲੀ ਦੀ ਉਸਾਰੀ ਸੰਨ 1559 ਵਿਚ ਹੋਈ ਸੀ । ਬਾਉਲੀ ਦੀ ਸੰਪੂਰਨਤਾ ਸਮੇਂ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਸਿਖ ਸੰਗਤਾਂ ਦਾ ਭਾਰੀ ਇਕੱਠ ਕਰਨ ਦਾ ਫੈਸਲਾ ਕੀਤਾ । ਦਰਅਸਲ ਇਹ ਮੌਕਾ ਹੈ ਹੀ ਬਹੁਤ ਮਹਾਨਤਾ ਵਾਲਾ ਸੀ । ਇਹ ਨਿਰੀ ਬਾਉਲੀ ਦੀ ਉਸਾਰੀ ਹੀ ਨਹੀਂ ਸੀ, ਇਹ ਵਰਣ ਆਸ਼ਰਮੀ ਮੱਤ ਦੇ ਜਾਤ-ਪਾਤ ਦੇ ਵਿਤਕਰਿਆਂ ਅਤੇ ਵਿਥਾਂ ਨੂੰ ਰੱਦ ਕਰਦੇ ਹੋਏ ਸਿੱਖ ਮੱਤ ਦੇ ਸਰਬ-ਸਾਂਝੀਵਾਲਤਾ ਅਤੇ ਬਰਾਬਰੀ ਦੇ ਮਹਾਨ ਸਿਧਾਂਤਾਂ ਦੀ ਉਸਾਰੀ ਸੀ । ਸਿੱਖ ਮੱਤ

ਦੇ ਸ਼ਰਧਾਲੂਆਂ ਲਈ ਇਹ ਬੜਾ ਉਤਸ਼ਾਹ ਦੁਆਊ ਮੌਕਾ ਸੀ । ਇਸ ਮੌਕੇ ਗੁਰੂ ਅਮਰਦਾਸ ਜੀ ਨੇ ਸਿੱਖੀ ਅਸੂਲਾਂ ਦੀ ਉਤਮਤਾ ਅਰ ਉਤਕ੍ਰਿਸ਼ਟਤਾ ਦ੍ਰਿੜ ਕਰਾਉਣ ਲਈ ਅਤੇ ਵਰਣ ਆਸ਼ਰਮੀ ਮੱਤ ਵਾਲਿਆਂ ਦੇ ਪਖੰਡ ਨੂੰ ਉਘਾੜਣ ਲਈ ਇਕ ਬਹੁਤ ਹੀ ਰੋਚਕ ਤੇ ਦਿਲਚਸਪ ਘਟਨਾ ਵਰਤਾ ਦਿਤੀ ।

ਬਾਉਲੀ ਦੀ ਸੰਪੂਰਨਤਾ ਉਤੇ ਵਡੀ ਪੱਧਰ ਤੇ ਸਦੇ ਭੇਜੇ ਗਏ । ਜਾਤ-ਅਭਿਮਾਨੀਆਂ ਨੂੰ ਉਲਝਣ ਵਿਚੋਂ ਕੱਢਣ ਲਈ (ਦੂਜੇ ਹਿਸਾਬ ਨਾਲ ਉਲਝਣ ਵਿਚ ਪਾਉਣ ਲਈ) ਇਕ ਬੜੀ ਹਾਸੇ-ਵਾਲੀ ਸ਼ੁਤਰੀ ਛੱਡੀ ਗਈ । ਗੁਰੂ ਅਮਰਦਾਸ ਜੀ ਨੇ ਇਹ ਐਲਾਨ ਕਰ ਦਿਤਾ ਕਿ ਜੋ ਉੱਚ ਜਾਤੀਆ ਜਾਤ-ਪਾਤ ਦੇ ਵਹਿਮ ਅਰ ਹੰਕਾਰ ਨੂੰ ਛੱਡ ਕੇ ਗੁਰੂ ਕੇ ਸਾਂਝੇ ਲੰਗਰ ਵਿਚੋਂ ਪਰਸ਼ਾਦ ਛਕੇਗਾ, ਉਸਨੂੰ ਇਕ ਰੁਪਿਆ ਇਨਾਮ ਦਿਤਾ ਜਾਵੇਗਾ । ਉਸ ਸਮੇਂ ਰੁਪਏ ਦੀ ਕੀਮਤ ਅਜ ਦੇ ਮੁਕਾਬਲੇ ਕਾਫੀ ਜ਼ਿਆਦਾ ਸੀ । ਅਨੇਕਾਂ ਬੰਦਿਆਂ ਨੇ ਕੇਵਲ ਮਾਤਰ ਰੁਪਏ ਦੇ ਇਨਾਮ ਨੂੰ ਹਾਸਲ ਕਰਨ ਲਈ ਵਰਨ-ਭੇਦ ਦਾ ਖ਼ਾਤਮਾ ਕਰਾ ਲਿਆ ਅਰ ਇਸ ਤਰ੍ਹਾਂ ਵਰਣ-ਆਸ਼ਰਮੀ ਮੱਤ ਦੇ ਸਿਧਾਂਤਾਂ ਦੇ ਥੋਥੇਪਨ ਦਾ ਇਜ਼ਹਾਰ ਕਰ ਦਿਤਾ ।

ਲੋਕਾਂ ਨੂੰ ਸਰਬ-ਸਾਂਝੀਵਾਲਤਾ ਦਾ ਸਿਧਾਂਤ ਦ੍ਰਿੜ ਕਰਾਉਣ ਲਈ ਅਤੇ ਵਰਣ-ਆਸ਼ਰਮੀ ਮੱਤ ਦੇ ਸ਼ਰਧਾਲੂਆਂ ਦਾ ਪਖੰਡ ਉਘੜਨ ਲਈ ਬਾਦ ਵਿਚ ਇਸ ਇਨਾਮ ਦੀ ਰਕਮ ਵਧਾ ਕੇ ਪੰਜ ਰੁਪਏ ਕਰ ਦਿਤੀ । ਬੜੇ-ਬੜੇ ਧਰੰਧਰ ਆਚਾਰੀਏ ਆਪਣੇ ਭਰਮਾਂ-ਭਰੇ ਸਿਧਾਂਤ ਦਾ ਤਿਆਗ ਕਰ ਬੈਠੇ । ਕੁਝ ਟਾਵੇਂ-ਟਾਵੇਂ ਅੜੀਅਲ ਬੰਦੇ ਫਿਰ ਭੀ ਰਹਿ ਗਏ ਸਨ । ਇਨਾਮ ਦੀ ਰਕਮ ਹੋਰ ਵਧਾ ਦਿਤੀ ਗਈ । ਇਨਾਮ ਇਕ ਮੋਹਰ ਤਕ ਦਾ ਨਿਯਤ ਕਰ ਦਿਤਾ ਗਿਆ । ਬੜੀ ਜ਼ਬਰਦਸਤ ਵਿਸਮਾਦ ਬਿਵਸਥਾ ਪੈਦਾ ਹੋ ਗਈ, ਜਿਸ ਨੂੰ ਇਸ ਸਾਖੀ ਵਿਚ ਬਿਆਨ ਕੀਤਾ ਗਿਆ ਹੈ ।

ਗੋਇੰਦਵਾਲ ਵਿਚ ਇਕ ਹਰੀ ਰਾਮ ਨਾਮ ਦਾ ਪੰਚ ਭੂਤਕ ਸਰੀਰ ਤਪੇ ਦੇ ਨਾਮ ਹੇਠਾਂ ਪਿਛਲੇ ਕੁਝ ਸਮੇਂ ਤੋਂ ਵਿਚਰ ਰਿਹਾ ਸੀ । ਇਸਦਾ ਸਹੀ ਨਾਮ ਤਾਂ ਰਲਗੱਡ ਰਾਮ ਹੋਣਾ ਚਾਹੀਦਾ ਸੀ ਪਰ ਮਾਂ-ਬਾਪ ਦੀ ਗਲਤੀ ਕਾਰਨ ਨਾਮ ਹਰੀ ਰਾਮ ਧਰਿਆ ਗਿਆ ਸੀ । ਉਪ ਤੱਪ ਦਾ ਬਹੁਤ ਪੱਜ ਕਰਦਾ ਸੀ । ਅਰ ਤੱਪਾ ਅਖਵਾ ਕੇ ਬਹੁਤ ਖੁਸ਼ੀ ਮਹਿਸੂਸ ਕਰਦਾ ਸੀ । ਆਪਣਾ ਮੱਤ ਜੋਗ ਮੱਤ ਦਸਦਾ ਸੀ ਤੇ ਆਪਣੇ ਪੰਚ-ਭੂਤਕ ਸਰੀਰ ਨੂੰ ਜੋਗੀਆਂ ਦੀ ਤਰ੍ਹਾਂ ਸੁਆਹ-ਰਾਖ ਨਾਲ ਸਾਜ-ਸਵਾਰ ਕੇ ਰਖਦਾ ਸੀ । ਉਝ, ਸ਼ਾਦੀ-ਸ਼ੁਦਾ ਤੇ ਘਰ ਗ੍ਰਿਹਸਤੀ ਵਾਲਾ ਸੀ, ਜਿਸ ਲਈ ਜੋਗ ਮੱਤ ਵਿਚ ਬਾਹਲਾ ਪ੍ਰਬੰਧ ਹੀ ਨਹੀਂ ਸੀ । ਸੀ ਤਾਂ ਇਹ ਰੱਲ-ਗਡ ਮਾਲ ਹੀ, ਪਰ ਧਰਮ ਦਾ ਸਹੀ ਪਰਚਾਰ ਨ ਹੋਣ ਕਾਰਨ ਕਈ ਬੰਦੇ ਇਸਦੇ ਵਰਾਂ ਸਰਾਪਾਂ ਤੋਂ ਯਰਕੇ ਪਏ ਸਨ ਕਿ ਕਿਤੇ ਕੋਈ ਊਟ-ਪਟਾਂਗ ਸਰਾਪ ਦੇ ਕੇ ਕੋਈ ਨੁਕਸਾਨ ਨ ਕਰ ਦੇਵੇ ।

ਦਿਨ-ਪ੍ਰਤੀ-ਦਿਨ ਗੁਰੂ ਘਰ ਦਾ ਪਰਚਾਰ ਵਧਦੇ ਜਾਣ ਕਾਰਨ ਇਹ ਤਪਾ ਗੁਰੂ ਅਮਰਦਾਸ ਜੀ ਨਾਲ ਖੁਣਸ ਖਾਣ ਲਗਾ । ਉਹ ਮੌਕੇ ਬੇਮੌਕੇ ਗੁਰੂ ਸਾਹਿਬ ਅਤੇ ਸਿਖ ਅਸੂਲਾਂ ਦੇ ਖਿਲਾਫ ਬੋਲਦਾ ਸੀ । ਕੁਝ ਉਚ-ਜਾਤੀਏ ਜਾਤਿ-ਅਭਿਮਾਨੀ ਵੀ ਲੁਕ ਛਿਪ

ਕੇ ਇਸ ਦੀ ਪਿਠ ਪੂਰਦੇ ਸਨ । ਇਹ ਆਪ ਜਾਤ ਦਾ ਮਰਵਾਹ ਖਤਰੀ ਸੀ । ਸਿਖੀ ਪਰਚਾਰ ਵਿਰੁਧ ਬੋਲਣ ਸਮੇਂ ਇਹ ਬਾਉਲੀ ਤੇ ਲੰਗਰ ਦੀ ਡਟ ਕੇ ਵਿਰੋਧਤਾ ਕਰਨ ਲਗਾ । ਉਸਦੇ ਜ਼ਰਖੇਜ਼ ਦਿਮਾਗ਼ ਮੁਤਾਬਕ ਗੁਰੂ ਜੀ ਨੇ ਵਰਣ-ਆਸ਼ਰਮੀ ਮੱਤ ਦੇ ਜ਼ਾਤ-ਪਾਤ ਦੇ ਵਿਤਕਰਿਆਂ ਨੂੰ ਮੇਟ ਕੇ ਬੜਾ ਵਡਾ ਅਧਰਮ ਅਰ ਅੱਨਰਥ ਕੀਤਾ ਸੀ । ਉਹ ਸਾਂਝੇ ਲੰਗਰ ਵਿਰ ਪਰਸ਼ਾਦ ਛੱਕਣ ਨੂੰ ਧਰਮੋਂ ਭ੍ਰਿਸ਼ਟ ਹੋਣਾ ਕਹਿੰਦਾ ਸੀ ।

ਜਿਸ ਦਿਨ ਗੁਰੂ ਸਾਹਿਬ ਨੇ ਇਕ ਰੁਪਿਆ ਇਨਾਮ ਦੇਣ ਦਾ ਐਲਾਨ ਕੀਤਾ ਸੀ, ਉਹ ਆਪਣੇ ਕਿਸੇ ਚੇਲੇ ਚਾਟੇ ਦੇ ਘਰ ਪਰਸ਼ਾਦ ਛਕਣ ਗਿਆ ਸੀ ਤੇ ਉਥੋਂ ਉਸਨੂੰ ਇਕ ਰੁਪਿਆ ਦੱਖਣਾ ਮਿਲੀ ਸੀ । ਉਸਦੇ ਖਾਣਾ ਖਾਕੇ ਵਾਪਸ ਆਉਣ ਤਕ ਇਹ ਇਨਾਮ ਪੰਜ ਰੁਪਏ ਤਕ ਵਧ ਚੁਕਾ ਸੀ । ਬਹੁਤ ਚਕਰਾਇਆ ਅਰ ਪਸ਼ੇਮਾਨ ਹੋਇਆ । ਗੁਰੂ ਜੀ ਨੇ ਉਸਨੂੰ ਉਚੇਚਾ ਸਦਾ ਘਲਿਆ, ਪਰ ਉਸਨੂੰ ਪੰਜ ਰੁਪਏ ਲੈਕੇ ਜਾਤ-ਪਾਤ ਦੇ ਵਿਤਕਰੇ ਨੂੰ ਖੁਲੇ-ਆਮ ਤਿਆਗਣਾ, ਸਿਰ ਕਟਵਾਣ ਤੋਂ ਭੀ ਵਧ ਔਖਾ ਜਾਪ ਰਿਹਾ ਸੀ । ਉਹ ਗੁਰੂ ਪਾਤਸ਼ਾਹ ਦੇ ਮਹਾਨ ਰੱਬੀ ਸਿਧਾਂਤਾਂ ਦੇ ਖਿਲਾਫ ਊਟ-ਪਟਾਂਗ ਬੋਲਦਾ ਰਿਹਾ । ਗੋਇੰਦੇ ਦੇ ਲੜਕਿਆਂ ਤੇ ਬ੍ਰਹਿਮਣਾਂ ਨੂੰ ਗੁਰੂ ਸਾਹਿਬ ਵਿਰੁਧ ਚੁਕਣ ਵਿਚ ਇਸ ਤਪੇ ਦਾ ਬਹੁਤ ਹੱਥ ਹੁੰਦਾ ਸੀ । ਇਹ ਆਪਣੇ ਆਪ ਨੂੰ ਇਕ ਬਹੁਤ ਵਿਰੱਕਤ ਤੇ ਤਿਆਗੀ ਮਹਾਤਮਾ ਦੇ ਤੌਰ ਤੇ ਪ੍ਰਸਿਧ ਕਰਨ ਵਿਚ ਆਤਮ-ਸੰਤੁਸ਼ਟੀ ਮਹਿਸੂਸ ਕਰਦਾ ਸੀ ।

ਜਾਤ-ਅਭਿਮਾਨ ਛਡਕੇ, ਲੰਗਰ ਛੱਕਣ ਲਈ ਜਦ ਇਨਾਮ ਨੂੰ ਵਧਾ ਕੇ ਮੁਹਰ ਤਕ ਲੈ ਆਂਦਾ ਗਿਆ ਤੇ ਕਈ ਬੰਦੇ ਇਕ ਇਕ ਮੁਹਰ ਦਾ ਇਨਾਮ ਲੈਕੇ ਫਿਰਨ ਲਗੇ, ਤਾਂ ਹਰੀ ਰਾਮ ਤਪਾ ਮਨ ਵਿਚ ਝੂਰਨ ਲਗਾ ਕਿ ਉਹ ਭੀ ਜਿਵੇਂ ਕਿਵੇਂ ਕਰਕੇ ਮੁਹਰ ਪ੍ਰਾਪਤ ਕਰ ਲਵੇ । ਪਰ ਮੁਸ਼ਕਲ ਇਹ ਸੀ ਕਿ ਲੰਗਰ ਤਾਂ ਪਰਗਟ ਤੌਰ ਤੇ ਖੁਲ੍ਹੇ ਆਮ ਛਕਣਾ ਪੈਂਦਾ ਸੀ, ਜਿਸ ਨਾਲ ਉਸਦੀ ਬਣੀ ਬਣਾਈ ਸਾਰੀ ਭੱਲ ਖ਼ਤਮ ਹੋ ਜਾਣੀ ਸੀ ।

ਤਪੇ ਹਰੀ ਰਾਮ ਨੇ ਆਪਣੀ ਤੀਬਰ ਬੁੱਧੀ ਤੋਂ ਕੰਮ ਲੈਂਦਿਆਂ ਆਪ ਲੰਗਰ ਵਿਚ ਜਾਣ ਦੀ ਥਾਵੇਂ ਆਪਣੇ ਇਕ ਛੋਟੇ ਜਿਹੇ ਪੁਤਰ ਨੂੰ ਲੰਗਰ ਦੀ ਪਿਛਲੀ ਕੰਧ ਤੋਂ ਟਪਾਕੇ ਲੰਗਰ ਵਿਚ ਦਾਖਲ ਕਰ ਦਿੱਤਾ। ਕੰਧ ਤੋਂ ਪਾਰ ਹੋਣ ਸਮੇਂ ਉਹ ਮੁੰਡਾ ਲੰਗਰ ਵਾਲੇ ਅਸਥਾਨ ਵਿਚ ਡਿਗਾ । ਤਪੇ ਨੇ ਇਹ ਕੰਮ ਚੋਰੀ ਛਿਪੇ ਲੋਕਾਂ ਦੀ ਨਜ਼ਰ ਤੋਂ ਬਚਾ ਕੇ ਬਹੁਤ ਕਾਹਲੀ ਨਾਲ ਕੀਤਾ ਕਰਾਇਆ ਸੀ । ਤਪੇ ਦੇ ਮੁੰਡੇ ਨੂੰ ਲੱਤ ਉਤੇ ਕਰਾਰੀ ਸੱਟ ਲਗ ਗਈ । ਮੁੰਟਾ ਛੋਟਾ ਸੀ, ਉਸ ਨੇ ਲਗੀ ਚੋਟ ਦੇ ਦਰਦ ਕਾਰਨ ਸਭ ਨੂੰ ਦੱਸ ਦਿਤਾ ਕਿ ਕਿਵੇਂ ਉਸ ਦੇ ਪਿਤਾ ਨੇ ਮੁਹਰ ਦਾ ਇਨਾਮ ਲੈਣ ਲਈ ਉਸਨੂੰ ਕੰਧ ਤੋਂ ਟਪਾ ਕੇ ਲੰਗਰ ਵਿਚ ਸੁਟਿਆ ਸੀ । ਮੁੰਡੇ ਨੂੰ ਸੰਗਤਾਂ ਨੇ ਲੰਗਰ ਤਾਂ ਛਕਾ ਦਿਤਾ ਤੇ ਮੁਹਰ ਦਾ ਇਨਾਮ ਭੀ ਦੇ ਦਿਤਾ ਗਿਆ, ਪਰ ਇਹ ਗੱਲ ਸਾਰੀ ਸੰਗਤ ਵਿਚ ਖੁਲ੍ਹ ਗਈ ਸੀ, ਅਤੇ ਤਪੇ ਦੀ ਲੋਭੀ ਤੇ ਪਖੰਡੀ ਬਿਰਤੀ ਦਾ ਸਭ ਨੂੰ ਚਾਨਣਾ ਹੋ ਚੁਕਾ ਸੀ । ਗੱਲ ਤੁਰਦਿਆਂ-ਤੁਰਦਿਆਂ ਨਗਰ ਦੇ ਮੁਖੀ ਲੋਕਾਂ ਤਕ ਭੀ ਪੁਜ ਗਈ, ਜਿਸ ਨਾਲ ਤਪਾ ਸਭ ਦੇ ਹਾਸੇ-ਠੱਠੇ ਦਾ ਮਜ਼ਮੂਨ ਬਣ ਗਿਆ।

ਗਉੜੀ ਕੀ ਵਾਰ ਵਿਚ ਇਸ ਪਖੰਡੀ ਤਪੇ ਦੀ ਘਟਨਾ ਦਾ ਗੁਰੂ ਰਾਮਦਾਸ ਜੀ ਨੇ ਬੜਾ ਸੁਹਣਾ ਬਿਆਨ ਕੀਤਾ ਹੈ : —

ਤਪਾ ਨ ਹੋਵੈ, ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ।।
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ,
ਪਿਛੋ ਦੇ ਪਛਤਾਇ ਕੈ ਆਣਿ ਤਪੈ, ਪੁਤੁ ਵਿਚਿ ਬਹਾਲਿਆ ।।
ਪੰਚ ਲੋਕ ਸਭਿ ਹਸਣ ਲਗੇ, ਤਪਾ ਲੋਭਿ ਲਹਰਿ ਹੈ ਗਾਲਿਆ ।।
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ,
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ।।
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ,
ਬਹਿ ਸਾਧ ਜਨਾ ਵੀਚਾਰਿਆ ।।
ਸਤ ਪੁਰਖ ਕੀ ਤਪਾ ਨਿੰਦਾ ਕਰੈ, ਸੰਸਾਰੈ ਕੀ ਉਸਤਤੀ ਵਿਚਿ ਹੋਵੈ
ਏਤੁ ਦੋਖੈ ਤਪਾ ਦਯਿ ਮਾਰਿਆ ।।
ਮਹਾਪੁਰਖਾਂ ਦੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ ।।
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ।।
ਅੰਦਰਿ ਬਹੈ ਤਪਾ ਪਾਪ ਕਮਾਏ ।।
ਹਰਿ ਅੰਦਰਲਾ ਪਾਪੁ ਪੰਚਾਂ ਨੂੰ ਉਘਾ ਕਰਿ ਵੇਖਾਲਿਆ ।।
ਧਰਮ ਰਾਇ ਜਮਕੰਕਰਾਂ ਨੂੰ ਆਖਿ ਛਡਿਆ,
ਏਸੁ ਤਪੇ ਨੋ ਤਿਥੈ ਖੜਿ ਪਾਇਹੁ,
ਜਿਥੈ ਮਹਾ ਮਹਾਂ ਹਤਿਆਰਿਆ ।।
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ,
ਏਹੁ ਸਤਿਗੁਰਿ ਹੈ ਫਿਟਕਾਰਿਆ ।।
ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ,
ਸੋ ਬੂਝੈ ਜੁ ਦਯਿ ਸਵਾਰਿਆ ।।

(ਗਾਉੜੀ ਕੀ ਵਾਰ, ਮ: ੪, ਪੰਨਾ ੩੧੫)

ਉਹ ਮਨੁੱਖ ਤਪਾ ਨਹੀਂ ਹੋ ਸਕਦਾ, ਜੋ ਮਨੋ ਲੋਭੀ ਹੋਵੇ ਜੋ ਕੋਹੜੀ ਮੰਦ-ਕਰਮੀ ਨਿਤ ਮਾਇਆ ਦੇ ਲਾਲਚ ਵਿਚ ਭਟਕਦਾ ਫਿਰੇ । ਇਹ (ਹਰੀ ਨਾਮ) ਤਪਾ ਪਹਿਲਾਂ ਇੱਜ਼ਤ ਨਾਲ ਮਿਲੀ ਭੇਟਾ ਲੈਣ ਲਈ ਤਿਆਰ ਨਹੀ ਹੋਇਆ, ਪਰ ਪਿਛੋਂ (ਮਾਇਆ ਦੇ ਲਾਲਚ-ਵੱਸ) ਪਛਤਾ ਕੇ (ਹਰੀ ਰਾਮ) ਤਪੇ ਨੇ ਆਪਣੇ ਪੁਤਰ ਨੂੰ ਲਿਜਾ ਕੇ ਲੰਗਰ ਦੀ ਪੰਗਤ ਵਿਚ ਬੈਠਾ ਦਿਤਾ ।

ਲੋਕਾਂ ਪ੍ਰਤੀ ਤਪੇ ਦੇ ਲੋਭ-ਲਾਲਚ ਦੀ ਗੱਲ ਉਘੜ ਗਈ । ਗੱਲ ਖੁਲ੍ਹ ਜਾਣ ਦੇ ਗੋਇੰਦਵਾਲ ਦੇ ਮੁਖੀ ਲੋਕੀ ਹੱਸਣ ਲਗ ਪਏ ਕਿ ਇਹ ਚੰਗਾ ਤਪਾ ਹੈ ਜੋ ਲੋਭ ਦੀਆਂ ਲਹਿਰਾਂ ਵਿਚ ਗਲਿਆ ਪਿਆ ਹੈ । ਉਹ ਹੱਸ ਕੇ ਕਹਿਣ ਲਗੇ ਕਿ ਜਿਥੇ ਥੋੜ੍ਹੀ ਰਕਮ ਮਿਲੇ, ਉਧਰ ਤਪਾ (ਹਰੀ ਰਾਮ) ਤੁਰਨ ਲਈ ਤਿਆਰ ਨਹੀਂ, ਪਰ ਵੱਡੀ ਭੇਟਾ ਜਾਂ ਰਕਮ ਦੇ ਲਾਲਚ ਵਿਚ ਆ ਕੇ ਇਹ ਆਪਣਾ ਜ਼ਾਤ-ਪਾਤ ਦੇ ਛੂਤ ਛਾਤ ਵਾਲਾ ਭਰਮੀ ਅਸੂਲ ਤਿਆਗ ਬੈਠਾ ਹੈ ।

ਨਗਰ ਦੇ ਭਲੇ ਪੁਰਖਾਂ ਨੇ ਤਪੇ ਬਾਰੇ ਬੈਠ ਕੇ ਇਹ ਵੀਚਾਰ ਤੇ ਨਿਰਣਾ ਕੀਤਾ ਕਿ ਹਰੀ ਰਾਮ ਅਸਲ ਵਿਚ ਤਪਾ ਜਾ ਧਰਮੀ ਨਹੀਂ, ਪਖੰਡੀ ਬਗੁਲਾ ਹੈ । ਇਹ ਚੰਗਾ ਤਪਾ ਹੈ ਜੋ ਭਲੇ ਪੁਰਖਾਂ ਦੀ ਤਾਂ ਨਿੰਦਿਆ ਕਰਦਾ ਹੈ ਅਤੇ ਮਾਇਆ ਦੇ ਲਾਲਚ ਵਿਚ ਫਸੇ ਸੰਸਾਰੀਆਂ ਦੀ ਉਸਤਤ ਕਰਦਾ ਹੈ ਅਤੇ ਇਸ ਦੋਸ਼ ਕਾਰਨ ਪ੍ਰਮੇਸ਼ਰ ਨੇ ਇਸ ਤਪੇ ਨੂੰ ਆਤਮਕ ਜੀਵਨ ਵਲੋਂ ਮਾਰ ਰਖਿਆ ਹੈ ।

ਮਹਾਂਪੁਰਖਾਂ ਦੀ ਨਿੰਦਿਆ ਦਾ ਇਸ ਤਪੇ ਨੂੰ ਇਹ ਫਲ ਮਿਲਿਆ ਹੈ ਕਿ ਉਸ ਵਲੋਂ ਘਾਲੀ ਗਈ ਅਜ ਤਕ ਦੀ ਘਾਲਣਾ ਬੇਕਾਰ ਗਈ ਹੈ । ਬਾਹਰ ਗੋਇੰਦਵਾਲ ਦੇ ਮੁਖੀਏ ਲੋਕਾਂ ਵਿਚ ਬੈਠ ਕੇ ਇਹ ਆਪਣੇ ਆਪ ਨੂੰ ਤਪਾ ਅਖਵਾ ਰਿਹਾ ਹੈ ਅਤੇ ਅੰਦਰ ਖਾਤੇ ਇਹ ਖੋਟੇ ਕਰਮ ਕਮਾ ਰਿਹਾ ਹੈ, ਪਰ ਪ੍ਰਮੇਸ਼ਰ ਨੇ ਐਸੀ ਬਿਧੱ ਬਣਾ ਦਿਤੀ ਹੈ ਕਿ ਨਗਰ ਦੇ ਸਭ ਮੁਖੀਆ ਨੂੰ ਤਪੇ ਦਾ ਅੰਦਰਲਾ ਪਾਪ ਉਘੜ ਕੇ ਪਰਗਟ ਹੋ ਗਿਆ ਹੈ ।

ਧਰਮਰਾਜ ਨੇ ਆਪਣੇ ਦੂਤਾਂ ਨੂੰ ਕਹਿ ਦਿਤਾ ਹੈ ਕਿ ਇਸ ਪਖੰਡੀ ਤਪੇ ਨੂੰ ਉਹ ਅਜਿਹੀ ਥਾਂ ਪਾਉਣ, ਜਿਥੇ ਬਹੁਤ ਵਡੇ ਹਤਿਆਰੇ ਪਾਏ ਜਾਂਦੇ ਹਨ । ਫੇਰ ਉਥੇ ਭੀ ਇਸ ਪਖੰਡੀ ਤਪੇ ਦੇ ਮੂੰਹ ਕੋਈ ਨ ਲਗੇ, ਕਿਉਂਕਿ ਇਹ ਤਪਾ ਸਤਿਗੁਰੂ ਵਲੋਂ ਫਿਟਕਾਰਿਆ ਹੋਇਆ ਹੈ । ਹਰੀ ਦੇ ਦਰ ਤੇ ਜੋ ਵਰਤਦਾ ਹੈ : ਉਹ ਆਖ ਕੇ ਸੁਣਾ ਦਿਤਾ ਹੈ ਅਤੇ ਇਸ ਸ਼ੁਭ ਸਚਾਈ ਨੂੰ ਕੇਵਲ ਉਹੋ ਮਨੁੱਖ ਸਮਝਦਾ ਹੈ ਜਿਸ ਦੇ ਆ ਤਮਕ ਜੀਵਨ ਨੂੰ ਮਾਲਕ ਪ੍ਰਭੂ ਨੇ ਆਪ ਸਵਾਰਿਆ ਹੋਵੇ ।

ਇਸ ਘਟਨਾ ਨੇ ਸਿੱਖ ਪਰਚਾਰ ਵਿਚ ਮਹਾਨ ਯੋਗ ਦਿਤਾ ਅਤੇ ਨਾਲ ਹੀ ਅਨਮਤੀਆਂ ਦੇ ਗਲਤ ਅਸੂਲ ਤੇ ਲੋਭੀ ਬਿਰਤੀ ਵੀ ਪੂਰੀ ਤਰ੍ਹਾਂ ਉਘੜ ਗਈ ।

## (ਖ) ਮਰਵਾਹੇ ਚੌਧਰੀ ਵਲੋਂ ਵਿਰੋਧਤਾ ਤੇ ਉਸ ਦਾ ਫਾਵਾ ਹੋਣਾ :

ਜਿਵੇਂ ਕਿ ਪਹਿਲੇ ਦਸਿਆ ਜਾ ਚੁਕਾ ਹੈ ਗੋਇੰਦੇ ਮਰਵਾਹੇ ਨੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਉਚੇਚੇ ਤੌਰ ਤੇ ਇਹ ਬੇਨਤੀ ਕੀਤੀ ਸੀ ਕਿ ਗੁਰੂ ਦਰਬਾਰ ਵਲੋਂ ਉਸ ਨੂੰ ਨਗਰ ਗੋਇੰਦਵਾਲ ਵਸਾਉਣ ਵਿਚ ਮਦਦ ਦਿਤੀ ਜਾਵੇ । ਇਹ ਕੰਮ ਗੁਰੂ ਅੰਗਦ ਦੇਵ ਜੀ ਨੇ (ਗੁਰੂ) ਅਮਰਦਾਸ ਜੀ ਨੂੰ ਸੌਂਪ ਦਿਤਾ ਸੀ । ਹਕੀਕਤ ਇਹ ਹੈ ਕਿ

(ਗੁਰੂ) ਅਮਰਦਾਸ ਜੀ ਦੀ ਸਰਗਰਮ ਸਹਾਇਤਾ ਅਤੇ ਸਿਖਾਂ ਦੀ ਸਰਪ੍ਰਸਤੀ ਬਿਨਾਂ ਗੋਇੰਦਾ ਇਸ ਨਗਰ ਨੂੰ ਵਸਾ ਹੀ ਨਹੀਂ ਸੀ ਸਕਦਾ ।

ਗੋਇੰਦਾ ਗੁਰੂ ਘਰ ਦਾ ਪੁਜ ਕੇ ਸ਼ਰਧਾਲੂ ਹੋ ਗਿਆ ਸੀ । ਗੋਇੰਦੇ ਨੇ ਉਸ ਨਗਰ ਵਿਚ ਗੁਰੂ ਅਮਰਦਾਸ ਜੀ ਲਈ ਆਪ ਆਪਣੇ ਵਲੋਂ ਸੁੰਦਰ ਨਿਵਾਸ ਅਸਥਾਨ ਬਣਵਾਂ ਕੇ ਭੇਟਾ ਕੀਤਾ ਸੀ । ਪਰ ਗੋਇੰਦੇ ਦੇ ਗੁਰਪੁਰੀ ਸਿਧਾਰਨ ਪਿਛੋਂ ਉਸ ਦੀ ਔਲਾਦ ਚੰਗੀ ਸਾਬਤ ਨਾ ਹੋ ਸਕੀ । ਉਧਰ ਸਿਧਾਂਤਕ ਮੱਤ ਭੇਦਾਂ ਕਾਰਨ ਬ੍ਰਹਿਮਣ ਅਤੇ ਉਚ-ਜਾਤੀਏ ਜਾਤ-ਅਭਿਮਾਨੀ ਸਿਖੀ ਲਹਿਰ ਤੋਂ ਖੁਣਸ ਖਾਣ ਲੱਗ ਪਏ ਸਨ । ਨਗਰ ਵਿਚ ਜਿਤਨੀ ਉਸਾਰੀ ਹੋਣੀ ਸੀ, ਉਸ ਲਈ ਸਿਖਾਂ ਨੇ ਜ਼ਮੀਨ ਗੋਇੰਦੇ ਤੋਂ ਅਥਵਾ ਉਸ ਦੇ ਲੜਕਿਆਂ ਤੋਂ ਮੁਲ ਲਈ ਸੀ । ਇਥੋਂ ਤਕ ਕਿ ਬਾਉਲੀ ਵਾਲੀ ਧਰਤੀ ਵੀ ਸਿੱਖ ਸੰਗਤਾਂ ਨੇ ਮੁਲ ਖਰੀਦੀ ਸੀ । ਇਹ ਗੱਲ ਵੱਖਰੀ ਹੈ ਕਿ ਹਰੀਪੁਰ ਦੇ ਸ਼ਰਧਾਲੂ ਸਿਖ ਰਾਜੇ ਨੇ ਬੇਅੰਤ ਮਿਕਦਾਰ ਵਿਚ ਇਮਾਰਤੀ ਲਕੜੀ ਦੀਆਂ ਸ਼ਤੀਰੀਆਂ ਗੁਰੂ ਜੀ ਨੂੰ ਘਲੀਆਂ ਸਨ ਤੇ ਗੋਇੰਦਵਾਲ ਦੇ ਇਲਾਕੇ ਵਿਚ ਇਮਾਰਤੀ ਲਕੜੀ ਦੀ ਕਿੱਲਤ ਹੋਣ ਦੇ ਬਾਵਜੂਦ ਗੋਇੰਦਵਾਲ ਵਿਚ ਉਸਾਰੀ ਕਰਨ ਵਾਲੇ ਕਿਸੇ ਬੰਦੇ ਨੂੰ ਇਸ ਥੋੜ ਦੀ ਔਕੜ ਨਹੀਂ ਸੀ ਆਈ । ਫਿਰ ਸਿੱਖਾਂ ਨੂੰ ਹੀ ਨਹੀਂ ਨਗਰ ਵਿਚ ਮਕਾਨ ਪਾਉਣ ਵਾਲੇ ਦੂਜੇ ਬੰਦਿਆਂ ਨੂੰ ਭੀ ਗੁਰੂ ਜੀ ਨੇ ਇਹ ਲਕੜੀ ਮੁਫਤ ਵੰਡ ਦਿਤੀ ਸੀ ।

ਦਰਅਸਲ ਜਾਤਿ-ਅਭਿਮਾਨੀ ਸਿਖੀ ਲਹਿਰ ਦੀ ਚੜ੍ਹਤਲ ਅਤੇ ਸਿਧਾਂਤਕ ਮਤਭੇਦਾਂ ਤੋਂ ਬਹੁਤ ਪ੍ਰੇਸ਼ਾਨ ਸਨ । ਆਸ ਪਾਸ ਦੇ ਇਲ਼ਾਕੇ ਵਿਚ ਗੁਰੂ ਨਾਨਕ ਮੱਤ ਨੂੰ ਮੰਨਣ ਵਾਲਿਆਂ ਦੀ ਗਿਣਤੀ ਬਹੁਤ ਵੱਧ ਚੁਕੀ ਸੀ । ਗੋਇੰਦਵਾਲ ਤਾਂ ਉਝ ਹੀ ਸਿਖ ਨਗਰ ਦੇ ਰੂਪ ਵਿਚ ਉਸਰ ਰਿਹਾ ਸੀ । ਸਿਖਾਂ ਦੇ ਇੱਕਠ ਦਿਨ-ਬ-ਦਿਨ ਬਹੁਤ ਵਡੇ ਹੋਣ ਲੱਗ ਗਏ ਸਨ । ਲੰਗਰ ਅਰ ਬਾਉਲੀ ਨੇ ਜਾਤਿ-ਅਭਿਮਾਨੀਆਂ ਨੂੰ ਬਹੁਤ ਹੀ ਪਰੇਸ਼ਾਨ ਕਰ ਰਖਿਆ ਸੀ । ਹੋਰ ਕੋਈ ਪੇਸ਼ ਨਾ ਜਾਂਦੀ ਵੇਖ ਕੇ ਬ੍ਰਹਿਮਣਾਂ ਤੇ ਹੋਰ ਜਾਤਿ-ਅਭਿਮਾਨੀਆਂ ਨੇ ਗੋਇੰਦੇ ਦੇ ਮੁੰਡਿਆਂ ਨੂੰ ਜਾ ਚੁਕਿਆ-ਚੁਕਾਇਆ । ਗੋਇੰਦੇ ਦੇ ਮੁੰਡੇ ਗੁਰੂ ਅਮਰਦਾਸ ਜੀ ਦੇ ਪਰੋਪਕਾਰ ਨੂੰ ਭੁਲ ਕੇ ਗੁਰੂ ਘਰ ਨਾਲ ਖੁਣਸ ਖਾਣ ਲੱਗ ਪਏ । ਇਕ ਮੁੰਡਾ ਤਾਂ ਸਰਕਾਰੀ ਖਜ਼ਾਨਾ ਲੁਟਣ ਦੇ ਅਪਰਾਧ ਵਿਚ ਸ਼ਾਹੀ ਫੋਜਾਂ ਦੇ ਅੜਿਕੇ ਆ ਗਿਆ ਸੀ ਅਤੇ ਉਸਨੂੰ ਸ਼ਾਹੀ ਫੌਜ ਨੇ ਮਾਰ ਮੁਕਾ ਕੇ ਉਸ ਦੀ ਕੀਤੀ ਦਾ ਫਲ ਭੁਗਤਾ ਦਿਤਾ ਸੀ । ਦੂਜਾ ਮੁੰਡਾ ਜੋ ਗੋਇੰਦੇ ਦੀ ਥਾਂ ਨਗਰ ਦਾ ਚੌਧਰੀ ਬਣਿਆ ਸੀ, ਉਸ ਵੇਲੇ ਗੁਰੂ ਅਮਰਦਾਸ ਜੀ ਨੇ ਫੌਜ ਕੋਲੋਂ ਬਚਾ ਲਿਆ ਸੀ ਪਰ ਇਹ ਅਕਿਰਤਘਣ ਜਾਤ-ਅਭਿਮਾਨੀਆਂ ਦੀ ਚੁਕਣਾ ਵਿਚ ਆ ਗਿਆ ਅਤੇ ਉਹਨਾਂ ਦੀ ਕੁਮੰਤ੍ਰਣਾ ਉਤੇ ਇਸ ਨੇ ਲਾਹੌਰ ਸਰਕਾਰੇ-ਦਰਬਾਰੇ ਗੁਰੂ ਅਮਰਦਾਸ ਜੀ ਵਿਰੁੱਧ ਸ਼ਿਕਾਇਤ ਦਰਜ ਕਰਵਾ ਦਿਤੀ।

ਲਾਹੌਰ ਦਾ ਗਵਰਨਰ ਖਿਜਰ ਖਵਾਜਾ ਖ਼ਾਨ ਸੀ । ਉਹ ਆਪ ਤਹਕੀਕਾਤ ਲਈ ਗੋਇੰਦਵਾਲ ਆਇਆ । ਆਲੇ ਦੁਆਲੇ ਤੋਂ ਬਹੁਤ ਲੋਕ ਇਕਠੇ ਕਰਕੇ ਜਦ

ਅਸਲੀਅਤ ਪਤਾ ਕਰਾਈ ਗਈ, ਤਦ ਮਰਵਾਹੇ ਚੌਧਰੀ ਦਾ ਮੁਕੱਦਮਾ ਖਾਰਜ ਕਰ ਦਿਤਾ ਗਿਆ । ਆਮ ਲੋਕਾਂ ਨੇ ਗੁਰੂ ਮਹਾਰਾਜ ਦੀ ਉਚੀ ਰੂਹਾਨੀ ਤਾਲੀਮ, ਸਮਾਜ ਸੁਧਾਰ, ਪਰਉਪਕਾਰ-ਭਰੇ ਕੰਮਾਂ ਤੇ ਉਹਨਾਂ ਦੀ ਉਚੀ-ਸੁਚੀ ਸ਼ਖਸੀਅਤ ਦੀ ਸ਼ਲਾਘਾ ਕੀਤੀ । ਨਾਲ ਆਇਆ ਫ਼ੌਜਦਾਰ ਤਾਹਰ ਬੇਗ ਗੁਰੂ ਸਾਹਿਬ ਤੋਂ ਪ੍ਰਭਾਵਤ ਹੋ ਕੇ ਸਿਖ ਸਜ ਗਿਆ।

ਇਧਰੋਂ ਜ਼ਲੀਲ ਹੋਣ ਪੁਰ ਮਰਵਾਹ ਚੌਧਰੀ ਨੇ ਜਾਤਿ-ਅਭਿਮਾਨੀਆਂ ਦੀ ਚੁਕ ਵਿਚ ਆਕੇ ਅਕਬਰ ਬਾਦਸ਼ਾਹ ਦੇ ਦਰਬਾਰ ਵਲ ਮੂੰਹ ਕੀਤਾ । ਜ਼ਮਾਨੇ ਦੇ ਰਿਵਾਜ ਮੁਤਾਬਕ ਆਪਣੇ ਆਪ ਨੂੰ ਬਿਲਕੁਲ ਨਿਮਾਣਾ ਤੇ ਨਿਤਾਣਾ ਐਲਾਨ ਕਰ ਕੇ ਬਾਦਸ਼ਾਹ ਪਾਸ ਆ ਫਰਯਾਦੀ ਹੋਇਆ । ਇਸ ਕੰਮ ਲਈ ਚੌਧਰੀ ਨੇ ਆਪਣੇ ਇਕ ਸਿਆਣੇ ਤੇ ਚਤੁਰ ਮੁਲਾਜ਼ਮ ਨੂੰ ਨਾਲ ਗੰਢਿਆ । ਉਸਨੇ ਬਾਦਸ਼ਾਹ ਪਾਸ ਇਸ ਭਾਂਤ ਦੀ ਅਪੀਲ ਕਰਨ ਲਈ ਬਿਧੀ ਪੂਰਬਕ ਆਪਣੇ ਮੁਲਾਜ਼ਮ ਨੂੰ ਨੀਲਾ, ਕਾਲਾ, ਮੈਲਾ ਤੇ ਗੰਦਗੀ ਨਾਲ ਭਰਿਆ ਚੋਲਾ ਪੁਆ ਦਿਤਾ ਅਤੇ ਰਾਹ ਵਿਚ ਵੀ ਬੜਬੋਲਾ ਤੇ ਚਤੁਰ ਮੁਲਾਜ਼ਮ ਆਪਣੇ ਮਾਲਕ ਦੇ ਪੱਖ ਪੂਰਨ ਲਈ ਗੁਰੂ ਅਮਰਦਾਸ ਜੀ ਦੀ ਨਿੰਦਿਆ ਕਰਨ ਲਈ ਮਨਘੜਤ ਕਹਾਣੀਆਂ ਸੁਣਾਂਦਾ ਗਿਆ । ਸਿਆਣੇ ਸੇਵਕ ਨੇ ਮਰਯਾਦਾ ਮੁਤਾਬਕ ਬਿਵਹਾਰ ਕਰਕੇ ਰੋ-ਰੋ ਕੇ ਆਪਣੇ ਸੁਆਮੀ ਮਰਵਾਹੇ ਚੌਧਰੀ ਦਾ ਦਾਅਵਾ ਅਕਬਰ ਦੇ ਅਗੇ ਪੇਸ਼ ਕੀਤਾ । ਅਕਬਰ ਨੇ ਸਾਰਾ ਕੇਸ ਸਟੱਡੀ ਕੀਤਾ । ਗਵਰਨਰ ਲਾਹੌਰ ਦੀ ਮੌਕੇ ਤੇ ਕੀਤੀ ਤਹਿਕੀਕਾਤ ਦਾ ਵੇਰਵਾ ਵੀ ਹਾਸਲ ਕੀਤਾ ਆਪਣੇ ਖ਼ਬਰਾਂ ਪੁਚਾਣ ਵਾਲੇ ਮਹਿਕਮੇ ਤੋਂ ਗੁਰੂ ਅਮਰਦਾਸ ਜੀ ਬਾਰੇ ਸਭ ਵਾਕਿਆਤ ਪ੍ਰਾਪਤ ਕੀਤੇ । ਗੁਰੂ ਨਾਨਕ ਮੱਤ ਦੇ ਸਿਧਾਂਤ ਅਤੇ ਰਹਿਣੀ ਰਹਿਤ ਬਾਰੇ ਜਾਣਕਾਰੀ ਹਾਸਲ ਕੀਤੀ । ਪੂਰੀ ਤਹਕੀਕਾਤ ਪਿਛੋਂ ਮਰਵਾਹਾ ਚੌਧਰੀ ਆਪਣੇ ਚਤੁਰ ਮੁਲਾਜ਼ਮ ਸਮੇਤ ਝੂਠਾ ਸਾਬਤ ਹੋਇਆ । ਅਕਬਰ ਨੇ ਦੋਹਾਂ ਨੂੰ ਫਿਟਕਾਰਾਂ ਪਾ ਕੇ ਫਾਵਾ ਕਰਕੇ ਆਪਣੀ ਕਚਹਿਰੀ ਵਿਚੋਂ ਕੱਢ ਦਿਤਾ । ਰਾਜ ਦਰਬਾਰ ਤੋਂ ਦੋਹਾਂ ਦਾ ਮੂੰਹ ਕਾਲਾ ਕਰਕੇ ਕਢ ਦਿਤਾ ਗਿਆ । ਲੋਕਾਂ ਨੇ ਦੋਹਾਂ ਨੂੰ ਤੇ ਰੱਜ ਕੇ ਲਾਹਨਤਾਂ ਪਾਈਆਂ । ਅਕਬਰ ਦੇ ਦਰਬਾਰ ਵਿਚੋਂ ਧੱਕੇ ਖਾਕੇ ਨਿਮੋਝੂਣਾ ਹੋਕੇ ਵਾਪਸ ਗੋਇੰਦਵਾਲ ਪਰਤ ਪਿਆ, ਪਰ ਆਮ ਲੋਕਾਂ ਨੇ ਇਹਨਾਂ ਦੋਹਾਂ ਨੂੰ ਮੂੰਹ ਲਾਉਣ ਤਕ ਤੋਂ ਇਨਕਾਰ ਕਰ ਦਿਤਾ । ਇਤਨੀਆਂ ਫਿਟਕਾਰਾਂ ਅਤੇ ਮਾਨਸਕ ਤੌਰ ਤੇ ਹੋਈ ਦੀਰਘ ਜ਼ਲਾਲਤ ਕਾਰਨ ਮਰਵਾਹ ਚੌਧਰੀ ਬੀਮਾਰ ਹੋ ਗਿਆ । ਕੁਝ ਖਾ ਪੀ ਹੀ ਨਾ ਸਕੇ । ਉਧਰੋਂ ਭੁਖ ਤੇਹ ਪਰੇਸ਼ਾਨ ਕਰੇ, ਤੇ ਅੰਦਰ ਕੁਝ ਨਾ ਲੰਘੇ । ਕੋਈ ਸਬੰਧੀ ਮੂੰਹ ਲਾਣ ਲਈ ਤਿਆਰ ਨਹੀਂ ਸੀ । ਘਰ ਦੀ ਤੀਵੀਂ ਤੇ ਭਤੀਜਿਆਂ ਨੇ ਘਰ ਲਿਆ ਕੇ ਲੰਮਾ ਪਾ ਦਿਤਾ । ਇਸ ਸਾਰੀ ਘਟਨਾ ਨੂੰ ਗੁਰੂ ਰਾਮ ਦਾਸ ਜੀ ਨੇ ਗਾਉੜੀ ਦੀ ਵਾਰ ਵਿਚ ਇਉਂ ਬਿਆਨ ਕੀਤਾ ਹੈ :

**ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ,**
**ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥**
**ਪਾਸਿ ਨ ਦੇਈ ਕੋਈ ਬਹਣਿ, ਜਗਤ ਮਹਿ ਗੂਹ ਪੜਿ,**

ਸਗਵੀ ਮਲੁ ਲਾਇ ਮਨਮੁਖ ਆਇਆ ॥
ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿਕੈ ਭੇਜਿਆ,
ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥
ਤੜ ਸੁਣਿਆ ਸਭਤੁ ਜਗਤ ਵਿਚਿ ਭਾਈ,
ਵੇਮੁਖੁ ਸਣੈ ਨਫਰੈ ਪਉਲੀ ਪਉਦੀ,
ਫਾਵਾ ਹੋਇਕੈ ਉਠਿ ਘਰਿ ਆਇਆ ॥
ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ,
ਤਾਂ ਵਹੁਟੀ ਭਤੀਜੀ, ਫਿਰਿ ਆਣਿ ਘਰਿ ਪਾਇਆ ।
ਹਲਤੁ ਪਲਤੁ ਦੋਵੈ ਗਏ, ਨਿਤ ਭੁਖਾ ਕੂਕੇ ਤਿਹਾਇਆ ॥
ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ,
ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ ॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ, ਸੋ ਸਾਚੈ ਮਾਰਿ ਪਚਾਇਆ ॥
ਏਹੁ ਅਖਰੁ ਤਿਨਿ ਆਖਿਆ, ਜਿਨਿ ਜਗਤੁ ਸਭੁ ਉਪਾਇਆ ॥

(ਗਉੜੀ ਕੀ ਵਾਰ,ਮ: ੪,ਪੰਨਾ ੩੦੬)

ਬੇਮੁਖ ਮਰਵਾਹੇ ਚੌਧਰੀ ਨੇ ਆਪਣੇ ਬੇਮੁਖ ਨੌਕਰ ਨੂੰ ਮੱਲ ਅਤੇ ਜੂਆਂ ਨਾਲ ਭਰਿਆ ਨੀਲਾ, ਕਾਲਾ, ਗੋਦੜਾ, ਪਹਿਨਾ ਦਿਤਾ । ਜਗਤ ਵਿਚ ਉਸਨੂੰ ਕੋਈ ਆਪਣੇ ਪਾਸ ਨਹੀ ਬੈਠਣ ਦਿੰਦਾ । ਸਗੋਂ ਸੰਸਾਰ ਵਿਚ ਉਸ ਉਤੇ ਹੋਰ ਗੰਦਗੀ ਪੈ ਗਈ । ਹੋਰ ਵਧੀਕ ਮੈਲ ਲਗਾਕੇ ਉਹ ਮਨਮੁਖ ਵਾਪਸ ਆ ਗਿਆ ।

ਉਸ ਨੌਕਰ ਨੂੰ ਪਰਾਈ ਨਿੰਦਿਆ ਤੇ ਚੁਗਲੀਆਂ ਕਰਨ ਲਈ ਗੁਰੂ ਤੋਂ ਵੇਮੁਖ ਕਰਕੇ ਭੇਜਿਆ ਗਿਆ ਸੀ, ਪਰ ਉਥੇ ਭੀ ਦੋਹਾਂ ਵੇਮੁਖਾ (ਮਰਵਾਹੇ ਚੌਧਰੀ ਤੇ ਉਸਦੇ ਮੁਲਾਜ਼ਮ) ਦਾ ਮੂੰਹ ਕਾਲਾ ਕੀਤਾ ਗਿਆ । ਹੇ ਭਾਈ, ਸਾਰੇ ਜਗਤ ਵਿਚ ਸਭ ਪਾਸੇ ਛੇਤੀ ਹੀ ਇਹ ਖ਼ਬਰ ਸੁਣੀ ਗਈ ਕਿ ਬੇਮੁਖ (ਮਰਵਾਹੇ ਚੌਧਰੀ) ਨੂੰ ਆਪਣੇ ਮੁਲਾਜ਼ਮ ਨੌਕਰ ਸਮੇਤ ਚੰਗੀਆਂ ਜੁਤੀਆਂ ਪਈਆਂ ਅਤੇ ਜੁਤੀਆਂ ਦੀ ਮਾਰ ਨਾਲ ਬਾਉਰਾ ਹੋ ਕੇ ਵਾਪਸ ਘਰਾਂ ਨੂੰ ਉਠਕੇ ਆ ਗਿਆ ਹੈ ।

ਘਰ ਪਹੁੰਚਣ ਤੇ ਅਗੋਂ ਸੰਗਤਾਂ ਅਤੇ ਰਿਸ਼ਤੇਦਾਰਾਂ ਕੁੜਮਾਂ ਨੇ ਬੇਮੁਖ ਮਰਵਾਹੇ ਚੌਧਰੀ ਨੂੰ ਆਪਣੇ ਵਿਚ ਰਲਾਣ ਤੋਂ ਇਨਕਾਰ ਕਰ ਦਿਤਾ । ਇਸ ਤਰ੍ਹਾਂ ਮਰਵਾਹੇ ਚੌਧਰੀ ਨੂੰ ਖਾਸਾ ਜ਼ਲੀਲ ਹੋਣਾ ਪਿਆ ਤਦ ਉਸ ਦੀ ਵਹੁਟੀ ਤੇ ਭਤੀਜਿਆਂ ਨੇ ਮਰਵਾਹੇ ਨੂੰ ਚੁੱਕ ਕੇ ਘਰ ਲਿਆ ਕੇ ਲੰਮਾ ਪਾ ਦਿਤਾ । ਪੂਰੇ ਸਤਿਗੁਰੂ ਦੀ ਨਿੰਦਿਆ ਤੇ ਚੁਗਲੀ ਕਰਨ ਦੇ ਪਾਪਾਂ ਕਾਰਨ ਉਸਦੇ ਲੋਕ ਪਰਲੋਕ ਦੋਵੇਂ ਚਲੇ ਗਏ । ਉਸਨੂੰ ਇਕ ਅਜਿਹਾ ਮਾਰੂ ਰੋਗ ਹੋ ਗਿਆ ਕਿ ਅੰਨ ਪਾਣੀ ਉੱਕਾ ਨ ਪਚੇ ਜਿਸ ਕਾਰਨ ਨਿਤ ਭੁੱਖਾ ਪਿਆਸਾ ਰਹਿ ਕੇ ਕੂਕਾਂ ਮਾਰਨ ਲਗਾ।

ਸਿਰਜਣਹਾਰ ਪ੍ਰਮੇਸ਼ਰ ਧੰਨ ਹੈ ਜਿਸਨੇ ਜਾਣੇ, ਆਪ ਬੈਠ ਕੇ ਸੱਚਾ ਇਨਸਾਫ ਕਰਾਇਆ ਹੈ ਕਿ ਜੋ ਮਨੁਖ ਪੂਰੇ ਸਤਿਗੁਰੂ ਦੀ ਨਿੰਦਿਆ ਕਰਦਾ ਹੈ ਉਸਨੂੰ ਸੱਚਾ ਪ੍ਰਮੇਸ਼ਰ ਆਪ ਕੀਤੀ ਦਾ ਫ਼ਲ ਭੁਗਤਾ ਕੇ ਖ਼ੁਆਰ ਕਰਦਾ ਹੈ । ਸੱਚ ਜਾਣੋ ਇਹ ਇਨਸਾਫ ਦੇ ਅੱਖਰ ਉਹੋ ਪ੍ਰਭੂ ਆਖਦਾ ਹੈ, ਜਿਸ ਨੇ ਆਪ ਸਾਰਾ ਜਗਤ ਪੈਦਾ ਕੀਤਾ ਹੈ ।

ਇਸ ਤਰ੍ਹਾਂ ਜਾਤ-ਅਭਿਮਾਨੀਆਂ ਦੀ ਵਿਰੋਧਤਾ ਤੇ ਸਾਜ਼ਸ਼ ਸਿਰੇ ਨਾ ਚੜ੍ਹੀ ਬਲਕਿ ਮਰਵਾਹੇ ਚੌਧਰੀ ਦੀ ਜ਼ਲਾਲਤ ਦੇ ਰੂਪ ਵਿਚ ਉਹਨਾਂ ਲਈ ਵਡੀ ਨਮੋਸ਼ੀ ਦਾ ਕਾਰਨ ਬਣੀ ।

### (ਗ) ਅਸਥਾਨਕ ਮੁਸਲਮਾਨਾਂ ਵਲੋਂ ਵਿਰੋਧਤਾ : ——

ਜਿਉਂ ਜਿਉਂ ਸਿਖੀ ਦਾ ਪਰਚਾਰ ਵਧਦਾ ਜਾ ਰਿਹਾ ਸੀ ਤੇ ਵਧ ਤੋਂ ਵਧ ਲੋਕੀਂ ਸਿਖੀ ਦੇ ਝੰਡੇ ਹੇਠਾਂ ਆ ਰਹੇ ਸਨ, ਤਿਉਂ ਤਿਉਂ ਸ਼ੇਖ ਫ਼ਤੇ ਦੀ ਗੱਦੀ ਵਾਲੇ ਸਰਵਰੀਏ ਵੀ ਸਿੱਖੀ ਦੇ ਵਧੇਰੇ ਖਿਲਾਫ਼ ਹੁੰਦੇ ਜਾਂਦੇ ਸਨ । ਮਾਝੇ ਵਿਚ ਤਰਨ ਤਾਰਨ ਤੋਂ ਕੋਈ ਪੰਜ ਕੁ ਮੀਲਾਂ ਦੀ ਦੂਰੀ ਤੇ ਇਸ ਗੱਦੀ ਦਾ ਮੁਖੀ ਕੇਂਦਰ ਸੀ । ਇਸ ਗੱਦੀ ਦੇ ਸ਼ਰਧਾਲੂ ਸਰਵਰੀਏ ਅਖਵਾਉਂਦੇ ਸਨ । ਸ਼ਰਧਾਲੂਆਂ ਵਿਚ ਹਿੰਦੂ ਤੇ ਮੁਸਲਮਾਨ ਦੋਵੇਂ ਸਨ । ਹਿੰਦੂ ਧਰਮ ਵਿਚੋਂ ਬਣੇ ਸ਼ਰਧਾਲੂਆਂ ਲਈ ਇਹ ਜ਼ਰੂਰੀ ਨਹੀਂ ਸੀ ਕਿ ਉਹ ਹਿੰਦੂ ਧਰਮ ਨੂੰ ਇਕ ਦਮ ਪੂਰੀ ਤਰ੍ਹਾਂ ਤਿਆਗ ਦੇਣ । ਅਸਲ ਗੱਲ ਤਾਂ ਇਹ ਸੀ ਕਿ ਸਰਵਰੀਏ ਹਿੰਦੂ ਇਸ ਗੱਦੀ ਵਲੋਂ ਪਰਚਾਰੀਆਂ ਰਹੁ-ਰੀਤਾਂ ਕਰਕੇ ਅੱਧ-ਪੱਚਧੀ ਹੱਦ ਤਕ ਤਾਂ ਮੁਸਲਮਾਨ ਬਣ ਹੀ ਜਾਂਦੇ ਸਨ । ਇਹ ਲੋਕੀਂ ਇਸ ਤਰ੍ਹਾਂ ਵਲਵੇਂ ਜਿਹੇ ਤਰੀਕੇ ਨਾਲ ਇਸਲਾਮ ਦਾ ਪਰਚਾਰ ਕਰਦੇ ਸਨ ।

ਗੁਰੂ ਅਮਰਦਾਸ ਜੀ ਵਲੋਂ ਚਲਾਈ ਗੁਰਮਤ ਪਰਚਾਰ ਦੀ ਲਹਿਰ ਕਾਰਨ ਹਿੰਦੂ ਹੀ ਨਹੀਂ ਅਨੇਕਾਂ ਮੁਸਲਮਾਨ ਵੀ ਸਿਖੀ ਦੇ ਧਾਰਨੀ ਬਣ ਰਹੇ ਸਨ । ਇਹ ਗੱਲ ਸਰਵਰੀਆਂ ਦੀ ਗੱਦੀ ਵਾਲਿਆਂ ਨੂੰ ਬਹੁਤ ਰੜਕਣ ਲਗ ਪਈ ਸੀ । ਗੁਰੂ ਅੰਗਦ ਦੇਵ ਜੀ ਨੇ ਆਪਣਾ ਮੁਖੀ ਕੇਂਦਰ ਕਰਤਾਰਪੁਰ ਰਾਵੀ ਦੀ ਥਾਵੇਂ ਖਡੂਰ ਸਾਹਿਬ ਬਣਾਇਆ ਸੀ, ਜੋ ਸਰਵਰੀਆਂ ਦੇ ਅੱਡੇ ਦੇ ਬਹੁਤ ਨੇੜੇ ਹੋ ਜਾਣ ਕਾਰਨ ਇਲਾਕੇ ਦੀ ਆਮ ਜਨਤਾ ਅਤੇ ਸਰਵਰੀਆਂ ਉਤੇ ਵੀ ਹਾਵੀ ਹੋਣ ਲੱਗ ਗਿਆ ਸੀ । ਅਰੋੜੇ ਹਿੰਦੂਆਂ ਵਿਚੋਂ ਜਿਹਨਾਂ ਲੋਕਾਂ ਨੇ ਇਸਲਾਮ ਧਾਰਨ ਕੀਤਾ ਸੀ, ਉਹ ਖੋਜੇ ਪਰਵਾਰ ਇਸ ਨਗਰ ਵਿਚ ਆ ਵੱਸੇ ਸਨ । ਇਹ ਖੋਜੇ ਮੁਢਲੇ ਤੌਰ ਤੇ ਸਰਵਰੀਏ ਸਨ । ਇਹ ਇਕ ਕੁਦਰਤੀ ਗੱਲ ਸੀ, ਕਿ ਸਰਵਰੀਆਂ ਦੇ ਧਾਰਮਕ ਆਗੂ ਖੋਜੇ ਮੁਸਲਮਾਨਾਂ ਨੂੰ ਗੁਰੂ ਅਮਰਦਾਸ ਜੀ ਦੀ ਜ਼ਬਰਦਸਤ ਮੁਖ਼ਾਲਫ਼ਤ ਕਰਨ ਦੀ ਪਰੇਰਨਾ ਦਿੰਦੇ । ਰਾਜ ਬੱਲ ਮੁਸਲਮਾਨਾਂ ਦੇ ਹੱਥ ਹੋਣ ਕਾਰਨ ਇਹਨਾਂ ਖੋਜਿਆਂ ਦੇ ਹੌਸਲੇ ਭੀ ਬਹੁਤ ਵਧੇ ਹੋਏ ਸਨ ।

ਵਿਰੋਧੀ ਖਤਰੀਆਂ ਤੇ ਬ੍ਰਹਿਮਣਾਂ ਨੇ ਭੀ ਖੋਜਿਆਂ ਨੂੰ ਸਿੱਖਾਂ ਦੇ ਵਿਰੁਧ ਚੁਕਣ ਵਿਚ ਕਾਫੀ ਹਿੱਸਾ ਪਾਇਆ । ਜਦੋਂ ਤਕ ਗੋਇੰਦਵਾਲ ਵਿਚ ਗੁਰੂ ਘਰ ਦੀ ਬਾਉਲੀ ਨਹੀਂ ਸੀ ਬਣੀ, ਸਿੱਖ ਭੀ ਗੋਇੰਦਵਾਲ ਦੇ ਪੁਰਾਣੇ ਖੂਹ ਤੋਂ ਪਾਣੀ ਲਿਆਉਂਦੇ ਸਨ । ਸੱਪਸ਼ਟ ਤੌਰ ਤੇ ਝਗੜਾ ਸ਼ੁਰੂ ਕਰਨ ਦੀ ਕੋਈ ਬਣਤ ਖੋਜਿਆਂ ਕੋਲੋਂ ਨਹੀਂ ਸੀ ਬਣ ਰਹੀ । ਇਸ ਕਾਰਨ

ਉਹ ਖੁਲ੍ਹੇ ਆਮ ਵਧੀਕੀਆਂ ਕਰਨ ਉਤੇ ਉਤਰ ਆਏ । ਉਹਨਾਂ ਨੇ ਖੂਹ ਉਤੇ ਪਾਣੀ ਭਰਨ ਗਏ ਸਿੱਖਾਂ ਦੇ ਘੜਿਆਂ ਉਤੇ ਪੱਥਰ ਜਾਂ ਵੱਟੇ ਮਾਰ ਕੇ ਘੜੇ ਭੰਨਣੇ ਸ਼ੁਰੂ ਕੀਤੇ । ਮਸ਼ਕਾਂ ਨਾਲ ਪਾਣੀ ਭਰਨ ਵਾਲੇ ਸਿੱਖਾਂ ਦੀਆਂ ਮਸ਼ਕਾਂ ਉਤੇ ਤੀਰ ਮਾਰ ਕੇ ਮਸ਼ਕਾਂ ਪਾੜਨੀਆਂ ਸ਼ੁਰੂ ਕਰ ਦਿਤੀਆਂ । ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਸਿਧੇ ਤੌਰ ਤੇ ਇਸ ਸਮੇਂ ਝਗੜਾ ਨ ਵਧਾਉਣ ਦੀ ਸਿਖਿਆ ਦਿੱਤੀ । ਖੋਜਿਆਂ ਨੂੰ ਭੀ ਪਿਆਰ ਤੇ ਦਲੀਲ ਨਾਲ ਸਮਝਾਣ ਦੀ ਕੋਸ਼ਿਸ਼ ਕੀਤੀ ਗਈ, ਪਰ ਇਹਨਾਂ ਤੇ ਇਸ ਤਰੀਕੇ ਨਾਲ ਕੋਈ ਅਸਰ ਪੈ ਸਕਣਾ ਸੰਭਵ ਨਹੀਂ ਸੀ ਰਿਹਾ ।

ਇਹਨਾਂ ਦਿਨਾਂ ਵਿਚ ਸੰਨਿਆਸੀ ਸਾਧਾਂ ਦਾ ਇਕ ਟੋਲਾ ਗੋਇੰਦਵਾਲ ਆ ਨਿਕਲਿਆ। ਇਹ ਸਾਧ ਸ਼ਸਤਰਧਾਰੀ ਸਨ । ਜਦ ਕੁਝ ਸੰਨਿਆਸੀ ਸਾਧ ਖੂਹ ਤੋਂ ਪਾਣੀ ਭਰਨ ਗਏ, ਤਾਂ ਵਿਗੜੇ ਹੋਏ ਖੋਜਿਆਂ ਦੇ ਮੁੰਡਿਆਂ ਨੇ ਇਹਨਾਂ ਦੇ ਬਰਤਨਾਂ ਉਤੇ ਗੁਲੇਲਾ ਨਾਲ ਵੱਟੇ ਮਾਰਨੇ ਸ਼ੁਰੂ ਕਰ ਦਿਤੇ । ਕਰਨੀ ਪਰਮੇਸ਼ਰ ਦੀ, ਇਕ ਵੱਟਾ ਇਕ ਸੰਨਿਆਸੀ ਸਾਧ ਦੀ ਅੱਖ ਵਿਚ ਆ ਵੱਜਾ । ਸਾਧ ਵੀਸ਼ਸਤਰਧਾਰੀਤੇ ਸ਼ਰਾਰਤੀ ਸਨ । ਝਗੜਾ ਬਹੁਤ ਵੱਧ ਗਿਆ । ਤੀਰਾਂ ਤਲਵਾਰਾਂ ਦੀ ਵਰਤੋਂ ਦੋਹਾਂ ਪਾਸਿਆਂ ਤੋਂ ਹੋਈ, ਪਰ ਸੰਨਿਆਸੀ ਸਾਧਾਂ ਸਾਹਮਣੇ ਖੋਜਿਆਂ ਦੀ ਕੋਈ ਪੇਸ਼ ਨ ਗਈ । ਉਂਝ ਦੋਹਾਂ ਪਾਸਿਆਂ ਦਾ ਕਾਫੀ ਜਾਨੀ ਨੁਕਸਾਨ ਵੀ ਹੋਇਆ । ਇਸ ਤਰ੍ਹਾਂ ਖੋਜਿਆਂ ਨੂੰ ਲੋੜ ਅਨੁਸਾਰ ਕਾਫੀ ਗੁਸਾ ਚੜ੍ਹਿਆ । ਇਹ ਵਾਕਿਆ ਹੋਣ ਪਿਛੋਂ ਕੁਝ ਅਰਸੇ ਲਈ ਖੋਜੇ ਸਿੱਖਾਂ ਨਾਲ ਅੜਨੋਂ ਭੀ ਹੱਟ ਗਏ, ਤੇ ਬੰਦੇ ਬਣ ਕੇ ਵਿਚਰਨ ਲਗੇ ।

ਜ਼ਿਆਦਾ ਅਰਸੇ ਲਈ ਸੂਤ ਰਹਿਣਾ ਖੋਜਿਆਂ ਦੇ ਵੱਸ ਦੀ ਗੱਲ ਨਹੀਂ ਸੀ । "ਵਾਦੜੀਆਂ ਸੁਜਾਦੜੀਆਂ ਨਿੱਭਣ ਸਿਰਾਂ ਦੇ ਨਾਲ" ਮੁਤਾਬਕ ਖੋਜੇ ਮੁੰਡਿਆਂ ਨੇ ਵਾਰਸ ਸ਼ਾਹ ਦੀ ਇਹ ਗੱਲ ਸੱਚ ਕਰ ਦੱਸੀ— "ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕਟੀਏ ਪੋਰੀਆਂ ਪੋਰੀਆਂ ਜੀ ।" ਸ਼ਾਹੀ ਖਜ਼ਾਨਾ ਲਦਿਆ ਦਿੱਲੀ ਜਾ ਰਿਹਾ ਸੀ। ਬਹੁਤ ਜ਼ੋਰ ਦੀ ਹਨੇਰੀ ਚਲੀ ਤੇ ਸ਼ਾਹੀ ਖਜ਼ਾਨੇ ਨਾਲ ਲੱਦੀ ਇਕ ਖੱਚਰ ਆਪਣੇ ਸਾਥ ਨਾਲੋਂ ਅੱਡ ਹੋ ਕੇ ਖੋਜਿਆਂ ਦੇ ਮੁਹੱਲੇ ਅੰਦਰ ਜਾ ਵੜੀ । ਖੋਜਿਆਂ ਨੇ ਇਹ ਖੱਚਰ ਖਿੱਚ ਕੇ ਆਪਣੀ ਹਵੇਲੀ ਵਿਚ ਪੂਰਨ ਸ਼ਰਧਾ ਨਾਲ ਦਾਖਲ ਕਰ ਲਈ, ਤੇ ਇਸ ਤਰ੍ਹਾਂ ਸ਼ਾਹੀ ਖਜ਼ਾਨਾ ਚੋਰੀ ਕਰ ਲਿਆ । ਖੱਚਰ ਵੀ ਅੰਦਰ ਬਨ੍ਹੰ ਦਿਤੀ । ਚੋਰੀ ਕਰਨ ਦੇ ਨਾਲ ਨਾਲ ਉਹਨਾਂ ਦਾ ਵਿਚਾਰ ਸੀ ਕਿ ਮਗਰੋਂ ਸ਼ਾਹੀ ਫੌਜ ਤਕ ਇਹ ਗੱਲ ਕਿਸੇ ਤਰ੍ਹਾਂ ਪੁਚਾਈ ਜਾਏਗੀ ਕਿ ਖੱਚਰ ਸਿੱਖਾਂ ਵਿਚੋਂ ਕਿਸੇ ਨੇ ਚੋਰੀ ਕੀਤੀ ਹੈ । ਸ਼ਾਹੀ ਫੌਜ ਦੀ ਇੱਜ਼ਤ ਦਾ ਸੁਆਲ ਸੀ ਖੱਚਰ ਪਰ ਲਾ ਕੇ ਤਾਂ ਉੱਡ ਨਹੀਂ ਸੀ ਸਕਦੀ । ਖੱਚਰ ਦੀ ਸ਼ਾਹੀ ਫੌਜ ਵਲੋਂ ਢੂੰਡ ਭਾਲ ਸ਼ੁਰੂ ਹੋਈ । ਖੋਜਿਆਂ ਨੇ ਸ਼ਾਹੀ ਫੌਜ ਨੂੰ ਭੀ ਸਿੱਖਾਂ ਵਿਰੁਧ ਚੁਕਿਆ ਕਿ ਖੱਚਰ ਸਿੱਖਾਂ ਵਿਚੋਂ ਕਿਸੇ ਨੇ ਚੋਰੀ ਕੀਤੀ ਹੋਣੀ ਹੈ । ਨਗਰ ਵਿਚ ਵੈਸੇ ਵੀ ਸਿੱਖ ਬਹੁ-ਗਿਣਤੀ ਵਿਚ ਸਨ। ਫੌਜ ਨੇ ਨਗਰ ਦੀ ਤਲਾਸ਼ੀ ਲੈਣੀ ਸ਼ੁਰੂ ਕੀਤੀ । ਸਾਥ ਤੋਂ ਵਿਛੜੀ ਖੱਚਰ ਨੇ ਹਵੇਲੀ ਵਿਚ ਹੀਂਗਣਾ ਸ਼ੁਰੂ ਕਰ ਦਿਤਾ, ਜਿਸ ਨਾਲ ਸ਼ਾਹੀ ਫੌਜ ਨੂੰ ਅਸਲ ਚੋਰ ਲਭਣ ਵਿਚ ਮਦਦ ਮਿਲ ਗਈ । ਖੱਚਰ ਤੋਂ ਉਤਾਰਿਆ ਖਜ਼ਾਨਾ ਭੀ ਉਸੇ ਖੋਜੇ ਦੀ ਹਵੇਲੀ ਵਿਚੋਂ ਬਰਾਮਦ ਹੋ ਗਿਆ।

ਇਸ ਸ਼ੁਭ ਕਾਰਜ ਵਿਚ ਗੋਇੰਦੇ ਦੇ ਇਕ ਮੁੰਡੇ ਨੇ ਭੀ ਖੋਜਿਆਂ ਦਾ ਪੂਰਾ ਸਾਥ ਦਿਤਾ ਸੀ। ਸ਼ਾਹੀ ਫੌਜ ਨੇ ਸਭ ਸ਼ਰਾਰਤੀ ਖੋਜੇ ਮੁੰਡੇ ਸਮੇਤ ਗੋਇੰਦੇ ਮੁੰਡੇ ਦੇ ਬੰਨ੍ਹ ਲਏ ਤੇ ਯੋਗ ਸਜ਼ਾਵਾਂ ਦਿਤੀਆਂ । ਕਈਆਂ ਦੇ ਹੱਥ ਪੈਰ ਟੁਕ ਦਿਤੇ ਤੇ ਗੋਇੰਦੇ ਮਰਵਾਹੇ ਦੇ ਇਕ ਮੁੰਡੇ ਨੂੰ ਜਾਨੋਂ ਹੀ ਮਾਰ ਦਿਤਾ ਗਿਆ । ਗੋਇੰਦੇ ਦੀ ਇਸਤਰੀ ਦੂਜਾ ਮੁੰਡਾ ਲੈ ਕੇ ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਚਲੀ ਗਈ ਸੀ ਤੇ ਇਸ ਤਰ੍ਹਾਂ ਦੂਜਾ ਮੁੰਡਾ ਫੌਜ ਹੱਥੋਂ ਮਰਨੋਂ ਬੱਚ ਗਿਆ। ਇਸ ਤਰ੍ਹਾਂ ਸ਼ੇਖਾਂ-ਖੋਜਿਆਂ ਨੂੰ ਫੌਜ ਨੇ ਚੰਗੀ ਖੜਕਾਈ ਕਰਕੇ ਢਾਵਾ ਕਰ ਦਿਤਾ । ਇਸ ਛਿੱਤਰ-ਕੁਟਾਈ ਨਾਲ ਖੋਜੇ ਇਤਨੇ ਜ਼ਲੀਲ ਹੋ ਗਏ, ਕਿ ਨਗਰ ਵਿਚ ਮੂੰਹ ਦਿਖਾਣ ਜੋਗੇ ਨ ਰਹਿ ਗਏ, ਤੇ ਸਹਿਜੇ-ਸਹਿਜੇ ਨਗਰ ਛਡਕੇ ਫਤਿਆਬਾਦ ਤੇ ਘਾਣੀ ਘਰੋਟੀ ਆਦਿਕ ਥਾਵਾਂ ਤੇ ਚਲੇ ਗਏ, ਤੇ ਇਸ ਤਰ੍ਹਾਂ ਸਿੱਖਾਂ ਦੇ ਗਲੋਂ ਵੀ ਲੱਥ ਗਏ ।

**(ਘ) ਹਕੂਮਤ ਕੋਲ ਗੁਰੂ ਅਮਰਦਾਸ ਜੀ ਵਿਰੁਧ ਸ਼ਿਕਾਇਤਾਂ ਤੇ ਦਾਅਵਾ :**

ਬ੍ਰਹਿਮਣੀ ਮੱਤ ਦੇ ਆਗੂਆਂ ਨੇ ਜਦ ਸੱਪਸ਼ਟ ਤੌਰ ਤੇ ਆਪਣਾ ਪ੍ਰਭਾਵ ਗੁਰੂ ਘਰ ਦੇ ਪਰਚਾਰ ਸਾਹਵੇਂ ਖਿਰਦਾ ਅਤੇ, ਮੁਕਦਾ ਵੇਖਿਆ ਅਤੇ ਜਦ ਗੁਰੂ ਘਰ ਨੂੰ ਨੁਕਸਾਨ ਪਹੁੰਚਾਉਣ ਦੀਆਂ ਕਈ ਸਾਜ਼ਸ਼ਾਂ ਰਚਣ ਦੇ ਬਾਵਜੂਦ ਨਾਕਾਮਯਾਬ ਹੋ ਗਏ ਤਦ ਉਹਨਾਂ ਨੇ ਲੁਕਵੀਆਂ ਸ਼ਾਜ਼ਸ਼ਾਂ ਦੀ ਥਾਵੇਂ ਸਿਖ ਧਰਮ ਦਾ ਖੁੱਲ੍ਹਾ ਅਤੇ ਸਿੱਧਾ ਵਿਰੋਧ ਕਰਨ ਦਾ ਨਿਰਨਾ ਅਰ ਹੀਆ ਕੀਤਾ । ਉਹਨਾਂ ਨੇ ਇਕ ਵਿਸਥਾਰ ਭਰਿਆ ਸ਼ਿਕਾਇਤ-ਨਾਮਾ ਤਿਆਰ ਕਰਕੇ ਗੁਰੂ ਅਮਰਦਾਸ ਜੀ ਦੇ ਵਿਰੁਧ ਬਾਦਸ਼ਾਹ ਪਾਸ ਦਾਅਵਾ ਦਾਇਰ ਕਰ ਦਿਤਾ, ਜਿਸ ਵਿਚ ਮੁਖ ਗੱਲ ਇਹ ਸੀ ਕਿ ਗੁਰੂ ਅਮਰਦਾਸ ਜੀ ਨੇ ਇਕ ਨਵਾਂ ਮੱਤ ਚਲਾ ਦਿਤਾ ਹੈ ਜੋ ਹਰ ਪ੍ਰਕਾਰ ਦੇ ਬ੍ਰਹਿਮਣ ਮੱਤ ਨੂੰ ਨੁਕਸਾਨ ਪਹੁੰਚਾਉਂਦਾ ਹੈ ਕਿਉਂਕਿ ਉਸ ਵਿਚ ਬ੍ਰਹਿਮਣ ਮੱਤ ਦੇ ਅਸੂਲਾਂ ਦਾ ਬਹੁਤ ਖੁਲ੍ਹਾ ਵਿਰੋਧ ਕੀਤਾ ਗਿਆ ਹੈ। ਸ਼ਿਕਾਇਤਨਾਮੇ ਵਿਚ ਇਹ ਲਿਖਿਆ ਗਿਆ ਕਿ ਲੰਗਰ ਵਿਚ ਸਭ ਨੂੰ ਪਰਸ਼ਾਦਾ ਛਕਾਣ ਨਾਲ ਅਤੇ ਬਾਉਲੀ ਦੀ ਸਾਂਝੀ ਵਰਤੋਂ ਨਾਲ ਜਾਤ-ਭੇਦ ਖਤਮ ਕੀਤਾ ਜਾ ਰਿਹਾ ਹੈ ਜਿਸ ਨਾਲ ਸਾਡਾ ਬ੍ਰਹਿਮਣੀ ਮੱਤ ਬਿਪਤਾ ਵਿਚ ਫੱਸਦਾ ਜਾ ਰਿਹਾ ਹੈ । ਤੀਰਥ ਯਾਤਰਾਵਾਂ ਤੇ ਗੰਗਾ ਆਦਿਕ ਦਰਿਆਵਾਂ ਦੇ ਇਸ਼ਨਾਨਾਂ ਨੂੰ ਟਿੱਚ ਸਮਝਣ ਦਾ ਪਰਚਾਰ ਕਰਨ ਨਾਲ ਸਾਡੀ ਪੋਜ਼ੀਸ਼ਨ ਗੁਰੂ ਅਮਰਦਾਸ ਜੀ ਵਲੋਂ ਬਹੁਤ ਖਰਾਬ ਕੀਤੀ ਜਾ ਰਹੀ ਹੈ। ਸਾਡਾ ਲਗਭਗ ਕੋਈ ਐਸਾ ਨਿਯਮਾਂ ਦਾ ਤਾਂ ਖੁਲ੍ਹਾ ਵਿਰੋਧ ਕੀਤਾ ਜਾਂਦਾ ਹੈ ਤੇ ਕੁਝ ਨਿਯਮਾਂ ਬਾਰੇ ਐਸੀਆਂ ਦਲੀਲਾਂ ਦਿਤੀਆਂ ਜਾਂਦੀਆਂ ਹਨ ਕਿ ਅਸੀਂ ਮਜ਼ਾਕ ਦਾ ਮਜ਼ਮੂਨ ਮਾਤਰ ਬਣਕੇ ਰਹਿ ਜਾਂਦੇ ਹਾਂ । ਗਾਇਤਰੀ ਨੂੰ ਸੂਰਜ ਦੇਵਤੇ ਦੀ ਉਪਾਸਨਾ ਕਹਿ ਕੇ ਲੋਕਾਂ ਤੋਂ ਛੁਡਵਾਇਆ ਜਾ ਰਿਹਾ ਹੈ । ਮੂਰਤੀ-ਪੂਜਾ ਨੂੰ ਪੱਥਰ ਪੂਜਾ ਕਹਿ ਕੇ ਸਾਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਸਾਡੀਆਂ ਪੁਰਾਣੀਆਂ ਰਹੁ-ਰੀਤਾਂ ਦਾ ਖੰਡਨ ਹੀ ਨਹੀ ਕੀਤਾ ਜਾ ਰਿਹਾ, ਸਗੋਂ ਵੇਦਾਂ ਤਕ ਨੂੰ ਹੌਲਾ ਹਲਕਾ ਜਿਹਾ ਕਰ ਛਡਿਆ ਹੈ । ਗੁਰੂ ਜੀ ਦੇਵ-ਬੋਲੀ ਸੰਸਕ੍ਰਿਤ ਦੀ ਵਡਿਆਈ ਮੰਨਣ ਦੀ ਥਾਵੇਂ ਸਭ ਬੋਲੀਆਂ ਨੂੰ ਹੀ ਪਰਮੇਸ਼ਰ ਦੀਆਂ ਬੋਲੀਆਂ ਮੰਨ ਰਹੇ ਹਨ । ਗੁਰੂ ਜੀ ਸਾਡੀਆਂ ਕੁਝ ਵਿਸ਼ੇਸ਼ ਥਿੱਤਾਂ ਤੇ ਵਾਰਾਂ ਬਾਰੇ ਬਣਾਈਆਂ ਤੇ ਪਰਚਾਰੀਆਂ ਮਨੌਤਾਂ ਨੂੰ ਮੰਨਣਾ ਮਹਾਂ ਮੂਰਖਤਾ ਦਸਦੇ ਹਨ । ਸਭ ਤੋਂ ਵਧ ਤਾਂ ਸਾਡਾ ਦਿਲ ਇਸ ਗਲ ਨਾਲ ਦੁਖਿਆ ਹੈ ਕਿ ਇਹਨਾਂ ਨੇ ਬ੍ਰਹਿਮਣਾਂ ਦੀ ਕੋਈ

ਵਿਸ਼ੇਸ਼ ਪਦ-ਪਦਵੀ ਉੱਕਾ ਨਹੀਂ ਮੰਨੀ ਤੇ ਖੁਲ੍ਹੇ ਆਮ ਸਾਨੂੰ ਵਿਹਲੜ ਤੇ ਮਖੱਟੂ ਕਹਿਕੇ ਸਾਡੀ ਖੇਹ-ਖਝੜੀ ਉਡਾਈ ਜਾ ਰਹੀ ਹੈ । ਜਜਮਾਨਾਂ ਪਾਸੋਂ ਵੇਦ-ਰੀਤਾਂ ਮੁਤਾਬਕ ਅਸੀਂ ਦਾਨ ਦੱਖਣਾ ਪ੍ਰਾਪਤ ਕਰਦੇ ਹਾਂ ਤੇ ਉਹਨਾਂ ਦੇ ਘਰਾਂ ਨੂੰ ਪਵਿਤਰ ਕਰਨ ਲਈ ਉਹਨਾਂ ਦੇ ਘਰਾਂ ਵਿਚੋਂ ਭੋਜਨ ਛੱਕਦੇ ਹਾਂ, ਪਰ ਗੁਰੂ ਜੀ ਖੁਲ੍ਹੇ ਆਮ ਪਰਚਾਰ ਕਰ ਰਹੇ ਹਨ ਕਿ ਅਸੀਂ ਧਰਮੀ ਅਥਵਾ ਅਭਿਆਗਤ ਕਿਵੇਂ ਅਖਵਾ ਸਕਦੇ ਹਾਂ ਕਿਉਂਕਿ ਅਸੀਂ ਵਿਹਲੜ ਰਹਿ ਕੇ ਦੂਜਿਆਂ ਦੇ ਘਰ ਭੋਜਨ ਪਾਕੇ ਉਹਨਾਂ ਤੇ ਭਾਰ ਪਾ ਰਹੇ ਹਾਂ । ਲੋਕਾਂ ਨੂੰ ਕੇਵਲ ਗੁਰਬਾਣੀ ਤੇ ਨਿਸ਼ਚਾ ਕਰਨ ਦਾ ਉਪਦੇਸ਼ ਦੇ ਰਹੇ ਹਨ, ਜਿਸ ਵਿਚ ਐਸੀਆਂ ਐਸੀਆਂ ਗਲਾਂ ਲਿਖੀਆਂ ਹਨ, ਜਿਹਨਾਂ ਨੂੰ ਸੁਣ ਸੁਣ ਕੇ ਅਸੀਂ ਛਾਵੇ ਹੋ ਰਹੇ ਹਾਂ । ਸਾਡਾ ਤਾਂ ਇਹਨਾਂ ਢੰਗਾਂ ਨਾਲ ਲੱਕ ਹੀ ਤੋੜ ਦਿਤਾ ਗਿਆ ਹੈ । ਘੱਟ ਤਾਂ ਤੁਹਾਡੇ ਇਸਲਾਮ ਵਾਲਿਆਂ ਨਾਲ ਵੀ ਨਹੀਂ ਕਰਦੇ, ਪਰ ਉਸ ਬਾਰੇ ਤਾਂ ਤੁਸੀਂ ਜਿਵੇਂ ਯੋਗ ਸਮਝੋ, ਕਰੋ । ਸਾਡੀ ਬੇਨਤੀ ਤਾਂ ਇਹ ਹੈ, ਕਿ ਘਟੋ ਘਟ ਐਸਾ ਪ੍ਰਚਾਰ ਬੰਦ ਕਰਵਾ ਕੇ ਸਾਡੀ ਕਲਪਣਾ ਤਾਂ ਹਟਾਓ । ਤੁਸੀਂ ਸਾਡੇ ਬਾਦਸ਼ਾਹ ਹੋ ਤੇ ਅਸੀਂ ਤੁਹਾਡੀ ਪਰਜਾ ਹਾਂ ਅਤੇ ਇਸੇ ਸਬੰਧ ਕਾਰਨ ਅਸੀਂ ਬੇਨਤੀ ਕਰਦੇ ਹਾਂ, ਕਿ ਸਾਨੂੰ ਗੁਰੂ ਅਮਰਦਾਸ ਜੀ ਦੇ ਪਰਚਾਰ ਤੋਂ ਬਚਾਇਆ ਜਾਵੇ ।

ਅਕਬਰ ਦੇ ਭਰਾ ਮਿਰਜ਼ਾ ਮੁਹੰਮਦ ਹਕੀਮ, ਸ਼ਾਹ ਕਾਬਲ ਨੇ ਪੰਜਾਬ ਕਾਬੂ ਕਰਨ ਲਈ ਹਮਲਾ ਕਰਨ ਦਾ ਇਰਾਦਾ ਬਣਾਇਆ ਸੀ । ਉਸ ਸਿਲਸਿਲੇ ਵਿਚ ਇਸ ਬਗਾਵਤ ਨੂੰ ਦਬਾਉਣ ਲਈ ਅਕਤੂਬਰ ਸੰਨ 1566 ਵਿਚ ਅਕਬਰ ਨੂੰ ਲਾਹੌਰ ਆਉਣਾ ਪਿਆ । ਬਗਾਵਤ ਨੂੰ ਦਬਾਉਣ ਪਿਛੋਂ ਅੱਕਬਰ ਕੁਝ ਅਰਸੇ ਲਈ ਲਾਹੌਰ ਰੁਕ ਗਿਆ । ਬ੍ਰਹਿਮਣਾਂ ਨੇ ਸੁਭਾਗ ਅਵਸਰ ਜਾਣ ਕੇ ਇਹ ਸ਼ਿਕਾਇਤਨਾਮਾ ਅਤੇ ਆਪਣੀ ਆਪਣੀ ਬੇਨਤੀ ਅਕਬਰ ਪਾਸ ਰੱਖੀ ।

ਅਕਬਰ ਉਸ ਸਮੇਂ ਤਕ ਗੁਰੂ ਅਮਰਦਾਸ ਜੀ ਬਾਰੇ ਜ਼ਰੂਰੀ ਜਾਣਕਾਰੀ ਲੈ ਚੁਕਾ ਸੀ ਤੇ ਸੀ ਭੀ ਉਹ ਬੜਾ ਨੀਤੀਵਾਨ । ਅਕਬਰ ਨੇ ਗੁਰੂ ਅਮਰਦਾਸ ਜੀ ਪਾਸ ਸ਼ਾਹੀ ਪਿਆਦੇ ਘਲੇ ਤੇ ਗੁਰੂ ਅਮਰਦਾਸ ਜੀ ਵਿਰੁਧ ਦਰਜ ਹੋਏ ਦਾਅਵੇ ਦੀ ਜਾਣਕਾਰੀ ਦਿਤੀ ਤੇ ਬੇਨਤੀ ਕੀਤੀ ਕਿ ਬ੍ਰਹਿਮਣਾਂ ਦੀਆਂ ਸ਼ਿਕਾਇਤਾਂ ਦਾ ਨਿਰਨਾ ਕਰਨ ਲਈ ਗੁਰੂ ਜੀ ਆਪਣੇ ਕਿਸੇ ਪ੍ਰਤੀਨਿਧ ਨੂੰ ਘੱਲਣ ਜਾਂ ਜੇ ਯੋਗ ਸਮਝਣ, ਤਾਂ ਆਪ ਆ ਦਰਸ਼ਨ ਦੇਣ ।

ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਬ੍ਰਹਿਮਣਾਂ ਦੇ ਸ਼ਿਕਾਇਤ-ਨਾਮੇ ਨਾਲ ਨਿਪਟਣ ਲਈ ਲਾਹੌਰ ਭੇਜਿਆ । ਭਾਈ ਬੁਲ੍ਹਾ, ਭਾਈ ਬੁਢਾ ਤੇ ਭਾਈ ਕਿਦਾਰੀ ਨੂੰ ਵੀ (ਗੁਰੂ) ਰਾਮਦਾਸ ਜੀ ਨਾਲ ਲਾਹੌਰ ਭੇਜਿਆ ਗਿਆ ।

(ਗੁਰੂ) ਰਾਮਦਾਸ ਜੀ ਨੇ ਅਕਬਰ ਦੇ ਦਰਬਾਰ ਵਿਚ ਬ੍ਰਹਿਮਣਾਂ ਦੇ ਰੂੰ-ਬ-ਰੂ ਉਹਨਾਂ ਦੇ ਸ਼ਿਕਾਇਤ-ਨਾਮੇ ਦੀ ਇਕ ਇਕ ਸ਼ਿਕਾਇਤ ਉਤੇ ਗੁਰਮਤ ਦੇ ਨਜ਼ਰੀਏ ਨੂੰ ਬੜੇ ਦਲੀਲ-ਭਰਪੂਰ ਤੇ ਦਲੇਰੀ-ਭਰੇ ਢੰਗ ਨਾਲ ਰਖਿਆ । ਬ੍ਰਹਿਮਣਾਂ ਦੇ ਇਕ ਇਕ ਨੁਕਤੇ ਨੂੰ ਲੈ ਕੇ ਸਭ ਦੇ ਸਨਮੁਖ ਤਾਰ-ਤਾਰ ਕਰ ਦਿਤਾ । ਬ੍ਰਹਿਮਣਾਂ ਨੂੰ ਅਕਬਰ ਅਤੇ ਉਸਦੇ ਵਿਦਵਾਨ ਦਰਬਾਰੀਆਂ ਸਾਹਮਣੇ ਬਿਲਕੁਲ ਨਿਰੁਤਰ ਕਰ ਦਿਤਾ ਗਿਆ । ਬ੍ਰਹਿਮਣਾਂ ਨੂੰ ਬਹੁਤ ਨਮੋਸ਼ੀ ਹੋਈ । ਅਕਬਰ ਤੇ ਉਸਦੇ ਦਰਬਾਰੀ ਭੀ (ਗੁਰੂ) ਰਾਮਦਾਸ ਜੀ ਵਲੋਂ ਸਪਸ਼ਟ

ਕੀਤੇ ਗਏ ਸਿਖ ਸਿਧਾਂਤਾਂ ਤੇ ਰਹੁ-ਰੀਤਾਂ ਤੋਂ ਬਹੁਤ ਪ੍ਰਭਾਵਤ ਹੋਏ । ਅਕਬਰ (ਗੁਰੂ) ਰਾਮਦਾਸ ਜੀ ਦੀ ਧਰਮ ਸਬੰਧੀ ਵਿਆਖਿਆ ਤੋਂ ਇਤਨਾ ਕਾਇਲ ਹੋਇਆ ਕਿ ਉਸ ਨੇ ਮਨ ਹੀ ਮਨ ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਜਾ ਕੇ ਦਰਸ਼ਨ ਕਰਨ ਦਾ ਇਰਾਦਾ ਬਣਾ ਲਿਆ । ਅਕਬਰ ਨੇ ਆਪਣਾ ਨਿਰਨਾ ਦੇਣ ਸਮੇਂ ਸ਼ਿਕਾਇਤੀ ਬ੍ਰਹਿਮਣਾਂ ਨੂੰ ਬਹੁਤ ਝਾੜ ਪਾਈ ਤੇ ਸ਼ਪਸ਼ਟ ਕਿਹਾ ਕਿ ਸਾਰੀ ਗੱਲ ਤੋਂ ਸਾਫ ਹੀ ਵਿਦਤ ਹੈ ਕਿ ਗੁਰੂ ਅਮਰਦਾਸ ਜੀ ਸਾਖਸ਼ਾਤ ਪਰਮੇਸ਼ਰ ਦਾ ਹੀ ਰੂਪ ਹਨ ਅਤੇ ਉਹਨਾਂ ਦੇ ਸਿਧਾਂਤ ਸਭ ਮਨੁਖਾਂ ਦੇ ਸਮੂਚੇ ਭਲੇ ਲਈ ਹਨ, ਅਤੇ ਤੁਹਾਡੇ ਸ਼ਿਕਾਇਤਨਾਮੇ ਦਾ ਆਧਾਰ ਕੇਵਲ ਤੁਹਾਡੇ ਨਿਜੀ ਸੁਆਰਥ ਹਨ । ਸ਼ਿਕਾਇਤੀ ਬ੍ਰਹਿਮਣਾਂ ਨੂੰ ਮੂੰਹ ਛੁਪਾਉਣ ਲਈ ਥਾਂ ਨਹੀਂ ਸੀ ਲੱਭ ਰਹੀ । ਇਹਨਾਂ ਸੁਆਰਥੀਆਂ ਤੇ ਈਰਖਾਲੂਆਂ ਵਿਚ ਸੀਤਾ ਵਰਗਾ ਬਲ ਕਿਥੇ ਸੀ ਕਿ ਧਰਤੀ ਵਿਚ ਸਮਾ ਕੇ ਆਪਣਾ ਕਾਲਾ ਮੂੰਹ ਲੋਕਾਂ ਦੀਆਂ ਨਜ਼ਰਾਂ ਤੋਂ ਛੁਪਾ ਲੈਂਦੇ ।

ਦਿੱਲੀ ਵਾਪਸ ਜਾਣ ਤੋਂ ਪਹਿਲਾਂ ਅਕਬਰ ਨੇ ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਵਿਖੇ ਦਰਸ਼ਨ ਕਰਨ ਦਾ ਇਰਾਦਾ ਬਣਾਇਆ । ਟੋਡਰ ਮਲ ਨੇ ਵੀ ਅਕਬਰ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਤੇ ਅਸੀਸ ਲੈਣ ਦੀ ਪ੍ਰੇਰਨਾ ਕੀਤੀ । ਸ਼ਾਹੀ ਰਵਾਇਤ ਮੁਤਾਬਕ ਗੋਇੰਦਵਾਲ ਦੇ ਬਾਹਰਵਾਰ ਅਕਬਰ ਜਦ ਪੈਦਲ ਚਲ ਕੇ ਗੁਰੂ ਘਰ ਵਲ ਜਾ ਰਿਹਾ ਸੀ, ਤਾਂ ਸ਼ਾਹੀ ਮੁਲਾਜ਼ਮਾਂ ਨੇ ਅਕਬਰ ਦੇ ਰਸਤੇ ਉਤੇ ਰੇਸ਼ਮੀ ਪਾਂਵੜਾ ਵਿਛਾ ਦਿਤਾ, ਜਿਸ ਨੂੰ ਅਕਬਰ ਨੇ ਇਕ ਦਮ ਦੇਖਦਿਆ ਹੀ ਉਠਵਾ ਦਿਤਾ । ਉਸਦੇ ਮਨ ਵਿਚ ਗੁਰੂ ਸਾਹਿਬ ਲਈ ਇਤਨੀ ਸ਼ਰਧਾ ਤੇ ਸਤਿਕਾਰ ਪੈਦਾ ਹੋ ਚੁਕਾ ਸੀ ਕਿ ਉਸ ਦੇ ਵਿਚਾਰ ਮੁਤਾਬਕ ਇਤਨੇ ਅਦੁਤੀ ਮਹਾਂਪੁਰਖ ਕੋਲ ਪੂਰਨ ਸ਼ਰਧਾ ਤੇ ਨਿਮਰਤਾ ਨਾਲ ਜਾਣਾ ਚਾਹੀਦਾ ਹੈ । ਤਾਂਕਿ ਉਸ ਮਹਾਂਪੁਰਖ ਕੋਲੋਂ ਧਰਮ ਦਾ ਸ਼ੁਭ ਉਪਦੇਸ਼ ਅਤੇ ਆਸ਼ੀਰਵਾਦ ਹਾਸਲ ਹੋ ਸਕੇ ।

ਅਗੇ ਗੁਰੂ ਅਮਰਦਾਸ ਜੀ ਦੇ ਨਿਯਮ ਵੀ ਸਭ ਲਈ ਬਰਾਬਰ ਅਤੇ ਸਾਂਝੇ ਸਨ । ਹੋਰ ਸ਼ਰਧਾਲੂਆ ਦੀ ਤਰ੍ਹਾਂ ਅਕਬਰ ਲਈ ਵੀ ਲੰਗਰ ਦੀ ਪੰਗਤ ਵਿਚ ਸਭ ਦੇ ਬਰਾਬਰ ਬੈਠ ਕੇ ਪਰਸ਼ਾਦਾ ਛੱਕਣਾ ਜ਼ਰੂਰੀ ਸੀ । ਅਕਬਰ ਨੇ ਭੀ ਪੂਰਨ ਸ਼ਰਧਾ ਅਰ ਨਿਰਮਤਾ ਨਾਲ ਗੁਰੂ ਅਮਰਦਾਸ ਜੀ ਬਾਰੇ ਸੁਣਿਆ ਸੀ, ਸਭ ਪਰਤੱਖ ਦੇਖਿਆ । ਅਕਬਰ ਨੇ ਗੁਰੂ ਸਾਹਿਬ ਪਾਸੋਂ ਅਨੇਕਾਂ ਆਤਮਕ ਸੁਆਲਾਂ ਦਾ ਜੁਆਬ ਪੁਛਿਆ ਅਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਤੋਂ ਬਹੁਤ ਹੀ ਪ੍ਰਭਾਵਤ ਹੋਇਆ । ਗੁਰੂ ਕੇ ਲੰਗਰ ਦਾ ਤਾਂ ਉਸਦੇ ਮਨ ਉਤੇ ਬਹੁਤ ਡੂੰਘਾ ਅਸਰ ਪਿਆ । ਇਥੇ ਸਰਬ-ਮਨੁਖਤਾ ਦੀ ਬਰਾਬਰੀ ਦਾ ਸਿਧਾਂਤ ਅਮਲੀ ਰੂਪ ਵਿਚ ਲਾਗੂ ਸੀ । ਲੰਗਰ ਤਿਆਰ ਕਰਨ ਅਤੇ ਛੱਕਣ ਛਕਾਣ ਵਿਚ ਸਭ ਨੂੰ ਬਰਾਬਰ ਦਾ ਹੱਕ ਸੀ । ਫਿਰ ਇਹ ਦੇਖ ਕੇ ਕਿ ਲੰਗਰ ਸਭ ਗੁਰਸਿਖਾਂ ਦੇ ਦਸਵੰਧ ਨਾਲ ਚਲਦਾ ਹੈ ਅਤੇ ਲੰਗਰ ਲਈ ਗੁਰੂ ਅਮਰਦਾਸ ਜੀ ਨੇ ਅਕਬਰ ਤੋਂ ਕਿਸੇ ਪ੍ਰਕਾਰ ਦੀ ਜਾਗੀਰ ਲੈਣ ਤੋਂ ਇਨਕਾਰ ਕਰ ਦਿਤਾ ਹੈ, ਅਕਬਰ ਗੁਰੂ ਘਰ ਤੋਂ ਬਹੁਤ-ਹੀ ਪ੍ਰਭਾਂਵਤ ਹੋਇਆ । ਇਸ ਮੌਕੇ ਗੁਰੂ ਅਮਰਦਾਸ ਜੀ ਨੇ ਅਕਬਰ ਨੂੰ ਇਹ ਉਪਦੇਸ਼ ਵੀ ਦਿਤਾ ਕਿ ਉਹ ਆਪਣੇ ਰਾਜ ਵਿਚ ਹਿੰਦੂ ਤੇ ਮੁਸਲਮਾਨ ਸਭ ਨਾਲ ਇਕੋ ਜਿਹਾ ਵਰਤਾਉ ਕਰੇ, ਤੇ ਹਿੰਦੂਆਂ ਕੋਲੋਂ ਜਜ਼ੀਆਂ ਤੇ ਤੀਰਥ ਟੈਕਸ ਲੈਣ ਵਾਲਾ ਧੱਕਾ ਨ ਹੋਣ ਦੇਵੇ । ਅਕਬਰ ਵਾਪਸ ਜਾਣ ਸਮੇਂ ਝਬਾਲ

ਪਰਗਣੇ ਦੇ ਬਾਰਾਂ ਪਿੰਡਾਂ ਦੇ ਪਟੇ-ਗੁਰੂ ਘਰ ਦੇ ਨਾਮ ਲਿਖਵਾ ਕੇ ਆਪਣੇ ਵਲੋਂ ਸ਼ਰਧਾ ਰੂਪ ਵਿਚ ਭੇਟ ਕਰ ਗਿਆ ।

### (ਙ) ਗੁਰੂ ਜੀ ਦੀ ਜਥੇਬੰਦ ਪਰਚਾਰ ਮੁਹਿੰਮ –

ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖ ਮਤ ਦਾ ਪਰਚਾਰ ਬੜੀ ਤੇਜ਼ੀ ਨਾਲ ਦੂਰ-ਦੁਰਾਡਿਆਂ ਇਲਾਕਿਆਂ ਤਕ ਹੋ ਚੁੱਕਾ ਸੀ । ਪਰਚਾਰ ਦੀ ਇਕਸਾਰਤਾ, ਇਕ-ਰੂਪਤਾ ਤੇ ਵਾਧੇ ਲਈ ਗੁਰੂ ਜੀ ਨੇ ਇਸ ਕੰਮ ਨੂੰ ਇਕ ਬਹੁਤ ਹੀ ਜਥੇਬੰਦਕ (organised) ਸ਼ਕਲ ਵਿਚ ਸੰਗਠਤ ਕਰਨ ਦਾ ਨਿਸ਼ਚਾ ਕੀਤਾ ਸੀ ।

ਗੁਰੂ ਜੀ ਨੇ ਅੱਡ ਅੱਡ ਇਲਾਕਿਆਂ ਵਿਚ, ਜੀਵਨ ਤੇ ਕਰਨੀ ਵਾਲੇ ਖਾਸ ਗੁਰ ਸਿੱਖਾਂ ਨੂੰ ਜੋ ਸਿੱਖੀ ਦੇ ਗਿਆਨ ਨਾਲ ਵੀ ਭਰਪੂਰ ਸਨ, ਜਥੇਬੰਦਕ ਢੰਗ ਨਾਲ ਸਿੱਖੀ ਪਰਚਾਰ ਕਰਨ ਲਈ ਮੁਕਰਰ ਕੀਤਾ ਸੀ । ਅੱਡ ਅੱਡ ਪੁਰਾਤਨ ਲਿਖਤਾਂ ਵਿਚ 22 ਮੰਜੀਆਂ ਤੇ 52 ਪੀੜ੍ਹੀਆਂ ਨੂੰ ਕਾਇਮ ਕਰਨ ਦਾ ਜ਼ਿਕਰ ਮਿਲਦਾ ਹੈ । ਮੰਜੀਦਾਰ ਇਕ ਜੀਵਨ ਤੇ ਕਰਨੀ ਵਾਲਾ ਗੁਰਮਤ ਗਿਆਨ ਨਾਲ ਭਰਪੂਰ ਗੁਰਸਿਖ ਹੁੰਦਾ ਸੀ, ਜੋ ਗੁਰੂ ਜੀ ਵਲੋਂ ਦਿਤੇ ਗਏ ਇਲਾਕੇ ਵਿਚ ਪਰਚਾਰ ਦਾ ਮਜ਼ਬੂਤ ਕੇਂਦਰ ਬਣਾ ਕੇ ਸਿੱਖ ਮਤ ਦਾ ਪਰਚਾਰ ਕਰਦਾ ਸੀ। ਸਭ ਮੰਜੀਦਾਰਾਂ ਨੂੰ ਗੁਰੂ ਅਮਰਦਾਸ ਜੀ ਆਪ ਮੁਕਰਰ ਕਰਦੇ ਸਨ । ਇਹ ਮੰਜੀਆਂ ਇਸ ਤਰ੍ਹਾਂ ਆਪਣੇ ਆਪਣੇ ਇਲਾਕੇ ਦੇ ਪਰਚਾਰਕ ਸੈਂਟਰ ਹੀ ਸਨ । ਉਥੇ ਗੁਰਬਾਣੀ ਸਿਧਾਂਤਾਂ ਦਾ ਖੁਲ੍ਹਾ ਪਰਚਾਰ ਹੁੰਦਾ ਸੀ ਤੇ ਸਿਖ ਜੀਵਨ ਜੁਗਤੀ ਸਿਖ਼ਾਲਣ ਦਾ ਪੂਰਾ ਪ੍ਰਬੰਧ ਹੁੰਦਾ ਸੀ । ਸਿੱਖੀ ਮਾਰਗ ਨੂੰ ਸਮਝਾਉਣ ਤੇ ਅਮਲ ਵਿਚ ਲਿਆਉਣ ਲਈ ਸਭ ਪ੍ਰਚਾਰਕ ਬੜੇ ਉਤਸ਼ਾਹ ਨਾਲ ਘਾਲਣਾ ਘਾਲਦੇ ਸਨ ।

ਇਹ ਸਿੱਖੀ ਦੇ ਇਲਾਕਾਈ ਸਤਿਸੰਗ ਕੇਂਦਰ ਸਨ । ਲੋਕਾਂ ਵਿਚ ਸਿੱਖੀ ਸਬੰਧੀ ਪੈ ਸਕਣ ਵਾਲੇ ਸਭ ਭੁਲੇਖੇ ਇਹਨਾਂ ਥਾਵਾਂ ਤੇ ਦੂਰ ਕੀਤੇ ਜਾਂਦੇ ਸਨ । ਦੂਰ-ਦੁਰਾਡੇ ਗੁਰਸਿੱਖਾਂ ਨੂੰ ਇਹਨਾਂ ਕੇਂਦਰਾਂ ਰਾਹੀਂ ਸਿੱਖੀ ਸਿਧਾਂਤਾਂ ਤੇ ਸਿੱਖੀ ਰਹੁ-ਰੀਤਾਂ ਨੂੰ ਨਿਰੋਲ ਅਰ ਖਾਲਸ ਰਖਣ ਵਿਚ ਮਦਦ ਮਿਲਦੀ ਸੀ । ਇਹਨਾਂ ਕੇਂਦਰਾਂ ਕਾਰਨ ਅਨ-ਮਤੀ ਲੋਕ ਗੁਰਬਾਣੀ ਵਿਚ ਰਲ-ਗੱਡ ਪੈਦਾ ਕਰਨ ਦਾ ਹੀਆ ਨਹੀਂ ਸਨ ਕਰ ਸਕਦੇ । ਇਹ ਮੰਜੀਦਾਰ ਇਲਾਕੇ ਦੀਆਂ ਸੰਗਤਾਂ ਸਮੇਤ ਸਾਲ ਵਿਚ ਘਟੋ-ਘਟ ਦੋ ਮੌਕਿਆਂ ਤੇ ਗੋਇੰਦਵਾਲ ਸਾਹਿਬ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੇ ਸਨ। ਸਿੱਖੀ ਸਿਧਾਂਤਾਂ ਸਬੰਧੀ ਪਏ ਸਭ ਭੁਲੇਖਿਆਂ ਤੇ ਸ਼ੰਕਿਆਂ ਨੂੰ ਗੁਰੂ ਅਮਰਦਾਸ ਜੀ ਕੋਲੋਂ ਨਿਵਿਰਤ ਕਰਵਾਉਂਦੇ ਸਨ । ਇਹ ਮੰਜੀਦਾਰ ਸਿੱਖੀ ਪਰਚਾਰ ਬਾਰੇ ਆਪਣੀਆਂ ਸੇਵਾਵਾਂ ਦੀ ਲੋੜੀਂਦੀ ਜਾਣਕਾਰੀ ਗੁਰੂ ਸਾਹਿਬ ਨੂੰ ਦਿੰਦੇ ਸਨ ਅਤੇ ਨਾਲ ਹੀ ਆਪਣੇ-ਆਪਣੇ ਇਲਾਕਿਆਂ ਵਿਚ ਪੇਸ਼ ਆ ਰਹੀਆਂ ਔਕੜਾਂ ਨੂੰ ਨਿਪਟਾਣ ਲਈ ਗੁਰੂ ਜੀ ਪਾਸੋਂ ਰਹਿਨੁਮਾਈ ਹਾਸਲ ਕਰਦੇ ਸਨ । ਮੁਭਾਵਕ ਹੈ ਕਿ ਇਸ ਪਰਕਾਰ ਦੀ ਪਰਚਾਰ ਮੁਹਿੰਮ ਰਾਹੀਂ ਸਿੱਖੀ ਦੀ ਇਕ-ਸਾਰਤਾ, ਇਕ-ਰੂਪਤਾ, ਨਰੋਲਤਾ ਆਦਿਕ ਕਾਇਮ ਰਖਦਿਆਂ ਹੋਇਆਂ ਕੇਵਲ ਮਿਲਗੋਭਾ ਰਹੁ-ਰੀਤਾਂ ਤੇ ਮਿਲਗੋਭਾ ਵਿਚਰਧਾਰਾ ਤੋਂ ਹੀ ਸਿੱਖ ਕੌਮ ਨੂੰ ਬਚਾਉਣ ਦੀ ਗਲ ਹੀ ਪੂਰੀ ਨਹੀਂ ਸੀ ਹੁੰਦੀ, ਬਲਕਿ ਇਸ ਨਾਲ ਸਮੂਹ ਮੁਖੀ ਪਰਚਾਰਕਾਂ ਵਿਚ ਪਰਚਾਰ ਕਰਨ ਲਈ ਭਾਰੀ ਉਤਸ਼ਾਹ ਪੈਦਾ ਹੁੰਦਾ ਸੀ ।

ਪੁਰਾਣੀਆਂ ਅਤੇ ਨਵੀਆਂ ਲਿਖਤਾਂ ਵਿਚ ਇਸ ਪਰਕਾਰ ਦੀਆਂ 22 ਮੰਜੀਆਂ ਤੇ 52 ਪੀੜੀਆਂ ਦੀ ਅਸਥਾਪਨਾ ਦੀ ਗਲ ਬਹੁਤ ਜ਼ੋਰ ਨਾਲ ਦੁਹਰਾਈ ਗਈ ਹੈ । ਪੀੜ੍ਹੇ ਬਖਸ਼ੇ ਗਏ ਸਨ । ਇਹ ਗਲ ਭੀ ਸਮਝ ਲੈਣੀ ਚਾਹੀਦੀ ਹੈ ਕਿ 52 ਪੀੜ੍ਹਿਆਂ ਦੇ ਸਭ ਥਾਂ-ਟਿਕਾਣੇ, ਮੰਜੀਦਾਰਾਂ ਦੇ ਨਾਮ, ਸੇਵਾ ਤੇ ਪਰਚਾਰ ਕਰਨ ਦੇ ਸੰਨਾਂ ਸੰਮਤਾਂ ਆਦਿਕ ਦੀ ਭਰੋਸੇ-ਯੋਗ ਪੂਰੀ ਜਾਣਕਾਰੀ ਇਤਿਹਾਸਕ ਰੂਪ ਵਿਚ ਪਰਾਪਤ ਨਹੀਂ । ਅੱਡ-ਅੱਡ ਨਾਮ ਤੇ ਥਾਂ-ਟਿਕਾਣੇ ਦਿਤੇ ਹਨ । ਮਹਿਮਾ ਪ੍ਰਕਾਸ਼, ਮਹਾਨ-ਕੋਸ਼, ਗੁਰਦੁਆਰਾ ਦਰਸ਼ਨ (ਗਿ: ਠਾਕੁਰ ਸਿੰਘ), ਤਾਰੀਖੇ ਪੰਜਾਬ (ਕਨ੍ਹਈਆ ਲਾਲ) ਤੇ ਗੋਇੰਦਵਾਲ ਤੇ ਗੁਰਦੁਆਰਾ ਹਵੇਲੀ ਸਾਹਿਬ ਦੇ ਸੁਨਹਿਰੀ ਪਤਰੇ ਵਿਚ ਦਰਜ ਮੰਜੀਦਾਰਾਂ ਦੇ ਨਾਮ ਤੇ ਪਤੇ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ । ਭਾਈ ਗੁਰਦਾਸ ਜੀ ਦੀ ਵਾਰ ਨੰਬਰ 11 ਦੀ ਪਉੜੀ ਨੰਬਰ 15 ਵਿਚ ਅਤੇ ਬਾਬਾ ਮਨੀ ਸਿੰਘ ਦੀ " ਸਿੱਖਾਂ ਦੀ ਭਗਤ ਮਾਲ " ਅਤੇ ਕਵੀ ਸੰਤੋਖ ਸਿੰਘ ਦੇ " ਗੁਰ ਪ੍ਰਤਾਪ ਸੂਰਜ " ਵਿਚ ਗੁਰੂ ਅਮਰਦਾਸ ਜੀ ਦੇ ਕਈ ਮੁਖੀ ਸਿੱਖਾਂ ਦੇ ਨਾਮ ਦਾ ਜ਼ਿਕਰ ਆਉਂਦਾ ਹੈ । ਅਗੇ ਨਵੇਂ ਲਿਖਾਰੀਆਂ ਨੇ ਭੀ ਪੁਰਾਤਨ ਲਿਖਤਾਂ ਵਿਚੋਂ ਕਿਸੇ ਇਕ ਨੂੰ ਆਧਾਰ ਬਣਾ ਕੇ 22 ਮੰਜੀਆਂ ਦਾ ਵੇਰਵਾ ਦੇ ਦਿਤਾ ਹੈ।

ਪ੍ਰਸਿਧ ਵਿਦਵਾਨ ਭਾਈ ਸਾਹਿਬ ਕਾਹਨ ਸਿੰਘ ਨਾਭਾ ਨੇ " (1) ਅੱਲਾ ਯਾਰ (ਲਾਹੌਰ) (2) ਸੱਚਨਸੱਚ (3) ਸਾਧਾਰਣ (ਗੋਇੰਦਵਾਲ) (4) ਸਾਵਣ ਮੱਲ (ਗੋਇੰਦਵਾਲ), (5) ਸੁੱਖਣ (ਧਮਿਆਲ, ਪੋਠੋਹਾਰ), (6) ਹੰਦਾਲ, (7) ਕੇਦਾਰੀ, (8) ਖੇਡਾ, (9) ਗੰਗੂ ਸ਼ਾਹ (ਗੜ੍ਹਸ਼ੰਕਰ,), (10) ਦਰਬਾਰੀ, (11) ਪਾਰੋ, (12) ਫੇਰਾ (ਮੀਰਪੁਰ, ਜੰਮੂ), (13) ਬੂਆ (ਸ੍ਰੀ ਹਰਗੋਬਿੰਦਪੁਰ), (14) ਬੇਣੀ ਪਿੰਡ ਚੂਹਣੀਆਂ, (ਲਾਹੌਰ), (15) ਮਹੇਸ਼ਾ (ਸੁਲਤਾਨਪੁਰ), (16) ਮਾਈ ਦਾਸ (ਨਰੋਲੀ), (17) ਮਾਣਕ ਚੰਦ (ਵੈਰੋਵਾਲ), (18) ਮਥੋ ਮੁਰਾਰੀ (ਖਾਈ ਪਿੰਡ, ਲਾਹੌਰ), (19) ਰਾਜਾ ਰਾਮ (ਪਿੰਡ ਸਧਮਾ-ਜਾਲੰਧਰ), (20) ਰੰਗ ਸ਼ਾਹ (ਪਿੰਡ ਮਲਪੋਤੇ, ਜਾਲੰਧਰ), (21) ਰੰਗ ਦਾਸ (ਘੜੂਆਂ, (22) ਲਾਲੋ (ਡਲਾ) " ਨਾਮ ਦੇ 22 ਮੰਜੀਦਾਰਾਂ ਦਾ ਜ਼ਿਕਰ ਕੀਤਾ ਹੈ

ਮਹਿਮਾ ਪ੍ਰਕਾਸ਼ ਵਿਚ (1) ਸਾਵਣ ਮਲ, (2) ਸੱਚਨ ਸਚ, (3) ਲਾਲੂ, (4) ਮਹੇਸ਼ਾ ਧੀਰ, (5) ਭਾਟ (ਸੁਲਤਾਨਪੁਰ), (6) ਪਾਰੋ (ਡਲਾਂ, (7) ਖਾਨਾ ਛੁਰਾ (ਡਲਾ), (8) ਫਿਰਾ ਕਰਾਰਾ (ਮਾਲਵਾ) (9) ਗੰਗ ਦਾਸ (ਪੰਡ ਘਾਘੋ), (10) ਪ੍ਰੇਮਾ (ਬਹਿਰਾਮਪੁਰ), (11) ਬੀਬ ਭਾਗੋ (ਕਾਬਲ, (12) ਮਾਣਕਚੰਦ ਜੀਵੜਾ ਵੈਰੋਵਾਲ, (13) ਮਾਈਦਾਸ (ਨਾਰਲੀ), (14) ਖੇਡਾ ਸੋਇਰੀ (ਖੇਮਕਰਨ), (15) ਮਥੋ ਮੁਰਾਰੀ, (16) ਹੰਦਾਲ (ਜੰਡਿਆਲਾ), (17) ਸਾਧਾਰਨ ਲੁਹਾਰ, (18) ਭਲੇ ਬੀਬੇ ਨੇ, (19) ਦੁਰਗੋ ਭੰਭੀ (ਮਹੇੜੇ ਗ੍ਰਾਮ), (20) ਭੀਖਾ ਭਾਟ (ਸੁਲਤਾਨ ਪੁਰ) (21) ਕੇਸ਼ੋ ਪੰਡਿਤ (22) ਸਾਈਦਾਸ ਗੋਸਾਈ ਆਦਿਕ 22 ਮੰਜੀਦਾਰਾਂ ਦਾ ਜ਼ਿਕਰ ਹੈ ।

ਗੋਇੰਦਵਾਲ ਸਾਹਿਬ ਦੇ ਗੁਰਦੁਆਰਾ ਹਵੇਲੀ ਸਾਹਿਬ ਦੇ ਬਰਾਂਡੇ ਵਿਚ ਲਗੇ ਸੁਨਹਿਰੀ ਤਸਵੀਰ ਵਿਚ " (1) ਪਾਰੋ ਜੁਲਕਾ (ਡਲਾ), (2) ਲਾਲੂ ਬੁਧੂਵਾਰ, (3) ਮਹੇਸ਼ਾ ਧੀਰ ਸੁਲਤਾਨਪੁਰ, (4) ਮਾਈਦਾਸ ਬੈਰਾਗੀ, (5) ਮਾਣਕਦਾਸ ਜੀਵੜਾ (ਵੈਰੋਵਾਲ), (6)

ਸਾਵਣ ਮਲ (ਵੈਰੋਵਾਲ), (7) ਮਲ ਜੀ ਸੇਵਾ, (8) ਹੰਦਾਲ ਜਟ (ਜੰਡਿਆਲਾ), (9) ਨਿਸਚ (ਜਬਰਾਂ ਵਿਚ) (10) ਗੰਗੂ ਖਤਰੀ (ਘਘੋ ਪਿੰਡ) (11) ਸਾਧਾਰਨ ਲੁਹਾਰ (ਖਕਾਲਾ), (12) ਮਥੋ ਮੁਰਾਰੀ (13) ਖੇੜਾ ਸੋਇਰੀ (ਖੇਮਕਰਨ), (14) ਫਿਰਿਆ, (15) ਕਟਾਰਾ (ਮਾਲਵਾ), (16) ਸਾਂਈਦਾਸ ਗੁਸਾਈ (17)" ਦਿਤੇ ਦੇ ਭਲੇ (ਜਮਦੋਹ), (18) ਮਾਈ ਸੇਵਾਂ (ਕਾਬਲ), (19) ਦੁਰਗੇ ਪੰਡਤ (ਮਹੇੜਾ), (20) ਜੀਤ ਬੰਗਾਲੀ, (21) ਬੀਬੀ ਭਾਗੋ (ਕਸ਼ਮੀਰ),(22) ਬਲੂ ਨਾਈ " ਨਾਮ ਦੇ ਬਾਈ ਮੰਜੀਦਾਰਾਂ ਦਾ ਵੇਰਵਾ ਦਿਤਾ ਗਿਆ ਹੈ।

ਵਖੋ-ਵਖਰੇ ਲਿਖਾਰੀਆਂ ਵਲੋਂ ਵਖਰੇ ਵਖਰੇ ਨਾਮ ਪਤੇ ਦੇਣ ਕਾਰਨ ਅਨੇਕਾਂ ਨਵੇਂ ਖੋਜੀ ਬਹੁਤ ਦੁਬਿਧਾ ਵਿੱਚ ਫਸੇ ਪਏ ਹਨ । ਕਈ ਕਿਸਮ ਦੇ ਸ਼ੰਕੇ ਖੜ੍ਹੇ ਕੀਤੇ ਜਾ ਰਹੇ ਹਨ। ਅੱਡ-ਅੱਡ ਸੂਚੀਆਂ ਵਿਚੋਂ ਤੇਰਾਂ ਕੁ ਨਾਮ ਅਜਿਹੇ ਹਨ ਜੋ ਲਗਪਗ ਹਰ ਇਕ ਸੂਚੀ ਵਿਚ ਹਨ । ਹਾਂ, ਇਹਨਾਂ ਦੀਆਂ ਭੀ ਥਾਵਾਂ ਆਪੋ ਵਿਚ ਮੇਲ ਨਹੀਂ ਖਾ ਰਹੀਆਂ ਸਾਰੇ ਬਜ਼ੁਰਗਾਂ ਦੇ ਨਾਮ ਚਾਲੀ ਤੋਂ ਉਤੇ ਜਾਂਦੇ ਹਨ । ਕੁਝ ਸੱਜਣਾਂ ਨੂੰ ਇਸ ਗਲ ਸ਼ੰਕਾ ਉਠ ਖਲੋਤਾ ਹੈ ਕਿ ਉਪਰੋਕਤ ਕੁਝ ਪਿੰਡਾਂ ਤੇ ਨਗਰਾਂ ਵਿਚ ਅਜ ਇਹਨਾਂ ਮੰਜੀਆਂ ਜਾਂ ਮੰਜੀਦਾਰਾਂ ਦਾ ਕੋਈ ਥਹੁ-ਪਤਾ ਜਾਂ ਨਿਸ਼ਾਨੀ ਨਹੀਂ ਲਭਦੀ । ਕੁਝ ਕੁ ਪਿੰਡ ਐਸੇ ਹਨ, ਜੋ ਵਸੋਂ ਹੀ ਪਿੱਛੋਂ ਜਾ ਕੇ ਸਨ । ਫਿਰ ਕਈ ਪਿੰਡਾਂ ਵਿਚ ਦੋ ਜਾਂ ਤਿੰਨ ਮੰਜੀਦਾਰਾਂ ਦਾ ਜ਼ਿਕਰ ਆ ਰਿਹਾ ਹੈ।

ਉਪਰੋਕਤ ਸਭ ਸ਼ੰਕੇ ਹਲਕੇ ਜਿਹੇ ਅਤੇ ਨਿਰਮੂਲ ਹਨ । ਇਹ ਗਲ ਜ਼ਰੂਰ ਸਮਝ ਲੈਣੀ ਚਾਹੀਦਾ ਹੈ, ਕਿ ਇਤਿਹਾਸਕ ਤੌਰ ਤੇ ਬਾਈ ਮੰਜੀਆਂ ਇਹਨਾਂ ਦੇ ਮੰਜੀਦਾਰਾਂ, ਪਿੰਡਾਂ-ਨਗਰਾਂ ਜਾਂ ਇਲਾਕਿਆਂ ਅਰ ਸੈਨਾਂ-ਸੰਮਤਾਂ ਦੇ ਵੇਰਵੇ ਭਾਵੇਂ ਅੱਜ ਨਾ ਲਭ ਸਕਣ ਪਰ ਯਥਾਰਥਵਾਦੀ ਬਿਰਤੀ ਨਾਲ ਵਾਚਿਆਂ ਅਜਿਹੇ ਮੰਜੀਦਾਰਾਂ ਦੀ ਹੋਂਦ ਅਤੇ ਉਹਨਾਂ ਦੀਆਂ ਪਰਚਾਰ ਸੇਵਾਵਾਂ ਸਪਸ਼ਟ ਝਲਕ ਦਿਖਾਉਂਦੀਆਂ ਪ੍ਰਤੀਤ ਹੁੰਦੀਆਂ ਹਨ । ਗੁਰੂ ਅਮਰਦਾਸ ਜੀ ਨੇ 22 ਕੁ ਸਾਲ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਸੀ । ਇਤਨੇ ਲੰਮੇ ਅਰਸੇ ਵਿਚ ਅਨੇਕਾਂ ਨਵੇਂ ਪਰਚਾਰਕਾਂ ਦਾ ਮੈਦਾਨ ਵਿਚ ਆਉਣਾ ਅਤੇ ਪੁਰਾਣਿਆਂ ਦਾ ਗੁਜ਼ਰ ਜਾਣਾ ਬੜਾ ਸੁਭਾਵਕ ਸੀ । ਫਿਰ ਇਹ ਵੀ ਜ਼ਰੂਰੀ ਨਹੀਂ ਸੀ ਕਿ ਸਭ ਮੰਜੀਦਾਰ ਇਕੋ ਦਿਨ ਹੀ ਥਾਪ ਦਿਤੇ ਗਏ ਹੋਣ । ਮੌਕੇ ਤੇ ਲੋੜ ਮੁਜਬ ਜਦ ਜਦ ਕਰਨੀ ਕਮਾਈ ਵਾਲੇ ਅਧਿਕਾਰੀ ਸੱਜਣ ਪ੍ਰਚਾਰ ਵਾਸਤੇ ਸਾਹਮਣੇ ਆਉਂਦੇ ਸਨ, ਗੁਰੂ ਸਾਹਿਬ ਵਲੋਂ ਵਰੋਸਾਏ ਜਾਂਦੇ ਰਹੇ । ਇਕੋ ਹੀ ਪਿੰਡੋ ਨਾਲ ਜੇ ੨ ਜਾਂ ੩ ਪ੍ਰਚਾਰਕ ਸਬੰਧਤ ਸਾਬਤ ਹੋਣ, ਤਾਂ ਇਸ ਨਾਲ ਵੀ ਕਲਪਣ ਲਗ ਜਾਣ ਦੀ ਕੋਈ ਲੋੜ ਨਹੀਂ । ਲਿਖਾਰੀਆਂ ਨੇ ਕਈ ਥਾਂਈ ਮੰਜੀਦਾਰਾਂ ਦੇ ਜੱਦੀ ਪਿੰਡਾਂ ਦਾ ਜ਼ਿਕਰ ਕਰ ਦਿਤਾ ਹੈ ਤੇ ਕਈ ਥਾਈ ਉਹਨਾਂ ਦੇ ਪਰਚਾਰਕ ਇਲਾਕਿਆਂ ਦਾ ਜ਼ਿਕਰ ਕੀਤਾ ਹੈ । ਫਿਰ, ਸਮੇਂ ਅਨੁਸਾਰ ਕਈ ਵਾਰੀ ਪੁਰਾਣੇ ਪਿੰਡਾਂ ਦੀ ਥਾਵੇਂ ਨਵੇਂ ਪਿੰਡ ਵੀ ਵਸ ਜਾਂਦੇ ਹਨ ਤੇ ਨਾਮ ਵੀ ਤਬਦੀਲ ਹੋ ਸਕਦੇ ਹਨ । ਮੌਕੇ ਮੁਜਬ ਲਿਖਾਰੀ ਪੁਰਾਣਾ ਜਾਂ ਨਵਾਂ ਨਾਮ ਵਰਤ ਸਕਦੇ ਹਨ । ਕਿਸੇ ਮੰਜੀਦਾਰ ਦੇ ਅਕਾਲ ਚਲਾਣੇ ਤੇ ਨਵਾਂ ਮੰਜੀਦਾਰ ਭੀ ਤਾਂ ਅਵੱਸ਼ ਥਾਪਿਆ ਜਾਂਦਾ ਸੀ । ਇਹ ਭੀ ਸੰਭਵ ਹੈ ਕਿ ਪਹਿਲੇ ਪਹਿਲ ਮੰਜੀਦਾਰਾਂ ਦੀ ਗਿਣਤੀ 22 ਰਹੀ ਹੋਵੇ ਤੇ ਮਗਰੋਂ ਹੋਰ ਵੱਧ ਗਈ ਹੋਵੇ ।

ਪਿਛੋਂ ਜਾ ਕੇ ਜਾਂ ਅਜ ਦੇ ਸਮੇਂ ਵਿਚ ਕਿਸੇ ਖਾਸ ਮੰਜੀਦਾਰ ਦੀ ਅੰਸ਼ ਸੰਤਾਨ ਵਿਚ ਸਿਖੀ ਪਰਚਾਰ ਦੀ ਕਮੀ ਕਾਰਨ ਜੇ ਸਿਖੀ ਰਹੁ-ਰੀਤਾਂ ਤੇ ਸਿਖ ਜੀਵਨ ਜੁਗਤੀ ਨ ਲਭਦੀ ਹੋਵੇ, ਤਦ ਭੀ ਪੀਹਣਾ ਪਾਉਣ ਦੀ ਗੁੰਜਾਇਸ਼ ਨਹੀਂ । ਆਪਣੇ ਆਪਣੇ ਸਮੇਂ ਵਿਚ ਉਹਨਾਂ ਮੰਜੀਦਾਰਾਂ ਨੇ ਬਹੁਤ ਵਧੀਆ ਕੰਮ ਕੀਤਾ ਸੀ । ਢੇਰ ਚਿਰ ਪਿਛੋਂ ਜੇ ਪ੍ਰਚਾਰ ਵਿਚ ਕਮੀ ਆ ਜਾਣ ਕਾਰਨ ਉਹਨਾਂ ਦੀ ਅੰਸ਼ ਵਿਚੋਂ ਸਿਖੀ ਅਲੋਪ ਹੋ ਗਈ ਹੋਵੇ, ਤਾਂ ਇਸ ਨਾਲ ਮੰਜੀਦਾਰ ਦੀਆਂ ਪਰਚਾਰ ਸੇਵਾਵਾਂ ਦੀ ਮਹਾਨਤਾ ਕਿਸੇ ਤਰ੍ਹਾਂ ਘੱਟ ਨਹੀਂ ਸਕਦੀ । ਇਹਨਾਂ ਮੰਜੀਦਾਰਾਂ ਨੇ ਦਰਅਸਲ ਇਤਨੇ ਜ਼ੋਰ ਤੇ ਉਤਸ਼ਾਹ ਨਾਲ ਕੰਮ ਕੀਤਾ ਸੀ, ਕਿ ਬਹੁਤ ਘੱਟ ਪਿੰਡ ਤੇ ਨਗਰ ਐਸੇ ਰਹਿ ਗਏ ਸਨ ਜਿਹਨਾਂ ਵਿਚ ਕੁਝ ਨ ਕੁਝ ਗਿਣਤੀ ਵਿਚ ਸਿੱਖ ਨ ਬਣ ਗਏ ਹੋਣ । ਕਈ ਇਲਾਕੇ ਤਾਂ ਲਗਪਗ ਸਮੁਚੇ ਹੀ ਸਿਖੀ ਦੇ ਝੰਡੇ ਹੇਠਾਂ ਲੈ ਆਂਦੇ ਗਏ ਸਨ । ਗੁਰੂ ਅਮਰਦਾਸ ਜੀ ਅਤੇ ਉਹਨਾਂ ਦੇ ਜੀਵਨ ਤੇ ਕਰਨੀ ਵਾਲੇ ਮੰਜੀਦਾਰਾਂ ਰਾਹੀ ਸਿਖੀ ਦਾ ਪਰਚਾਰ ਇਤਨਾ ਵਧਿਆ ਸੀ, ਕਿ ਗੁਰੂ ਰਾਮਦਾਸ ਜੀ ਨੇ ਆਪਣੇ ਸਮੇਂ 22 ਮੰਜੀਦਾਰਾਂ ਦੀ ਥਾਵੇਂ ਅਨੇਕਾਂ ਪਰਚਾਰਕ ਥਾਪ ਦਿਤੇ ਸਨ, ਜਿਹਨਾਂ ਨੂੰ ਮਸੰਦ ਕਿਹਾ ਜਾਂਦਾ ਸੀ । ਇਹਨਾਂ 22 ਪਰਚਾਰਕਾਂ ਦੀ ਮਾਰੀ ਮਾਰ ਦਾ ਹੀ ਨਤੀਜਾ ਸੀ ਕਿ ਗੁਰੂ ਰਾਮਦਾਸ ਜੀ ਦੇ ਵੇਲੇ ਇਹ ਕੰਮ ਹੁਣ ਸਿਰਫ 22 ਵਿਅਕਤੀਆਂ ਕੋਲੋਂ ਕੰਟਰੋਲ ਨਹੀਂ ਸੀ ਹੋ ਸਕਦਾ ਅਰ ਇਸੇ ਕਾਰਨ ਦਰਜਨਾਂ ਐਸੇ ਵਿਅਕਤੀ ਜੋ ਸੁਚੇ ਅਮਲੀ ਜੀਵਨ ਦੇ ਮਾਲਕ ਸਨ ਅਤੇ ਗੁਰਮਤ ਗਿਆਨ ਨਾਲ ਭਰਪੂਰ ਸਨ, ਗੁਰੂ ਰਾਮਦਾਸ ਜੀ ਵਲੋਂ ਅੱਡ ਅੱਡ ਇਲਾਕਿਆਂ ਵਿਚ ਮਸੰਦ ਥਾਪੇ ਗਏ ਸਨ ।

ਹੁਣ ਕੁਝ ਕੁ ਮੰਜੀਦਾਰਾਂ ਨਾਲ ਸਬੰਧਤ ਕੁਝ ਵੇਰਵੇ ਹੇਠ ਲਿਖੇ ਅਨੁਸਾਰ ਦਿਤੇ ਜਾਂਦੇ ਹਨ, ਤਾਂਕਿ ਇਹਨਾਂ ਮਸੰਦਾਂ ਬਾਰੇ ਕੁਝ ਕੁ ਜਾਣਕਾਰੀ ਹਾਸਲ ਹੋ ਸਕੇ ਅਤੇ ਕੁਝ ਗੁਰਮਤ ਉਪਦੇਸ਼ ਤੇ ਗੁਰਮਤ ਅਕੀਦੇ ਦ੍ਰਿੜ੍ਹ ਹੋ ਸਕਣ ।

### (1) ਭਾਈ ਅਲਾਯਾਰ ਜੀ :

ਆਪ ਪਠਾਣ ਸਨ ਅਤੇ ਦਿੱਲੀ ਅਰ ਲਾਹੌਰ ਵਿਖੇ ਘੋੜਿਆਂ ਦਾ ਵਪਾਰ ਕਰਦੇ ਸਨ, ਦਿੱਲੀ ਤੋਂ ਲਾਹੌਰ ਆਉਂਦੇ ਹੋਏ ਆਪਦਾ ਮਿਲਾਪ ਭਾਈ ਪਾਰੋ ਜੀ ਨਾਲ ਹੋਇਆ ਜਿਹਨਾਂ ਦੇ ਸਿਖੀ ਸਿਦਕ ਤੋਂ ਪ੍ਰਭਾਵਤ ਹੋ ਕੇ ਆਪ ਗੋਇੰਦਵਾਲ ਵਿਖੇ ਗੁਰੂ ਜੀ ਪਾਸ ਆਏ ਤੇ ਸਿਖੀ ਧਾਰਨ ਕੀਤੀ । ਆਪ ਇਤਨੇ ਜੀਵਨ ਤੇ ਕਰਨੀ ਵਾਲੇ ਸਿਖ ਬਣੇ, ਕਿ ਆਪ ਸਿਖੀ ਪ੍ਰਚਾਰ ਲਈ ਗੁਰੂ ਜੀ ਵਲੋਂ ਮੰਜੀਦਾਰ ਥਾਪੇ ਗਏ । ਆਪਦਾ ਨਾਮ ਅਲਾ ਸ਼ਾਹ ਕਰਕੇ ਭੀ ਲਿਖਿਆ ਮਿਲਦਾ ਹੈ ।

ਆਪਦੇ ਜੀਵਨ ਤੋਂ ਇਹ ਸੱਪਸ਼ਟ ਪ੍ਰਤੀਤ ਹੁੰਦਾ ਹੈ, ਕਿ ਸਿਖੀ ਵਿਚ ਹਿੰਦੂ ਹੀ ਨਹੀਂ, ਮੁਸਲਮਾਨ ਭਾਈ ਵੀ ਤੇਜ਼ੀ ਨਾਲ ਦਾਖਲ ਹੋ ਰਹੇ ਹਨ ਅਲਾਯਾਰ ਜੀ ਸਿਰਫ ਆਪ ਹੀ ਸਿਖ ਨਹੀਂ ਸਨ ਸਗੋ ਆਪ ਨੇ ਮੰਜੀਦਾਰ ਬਣਕੇ ਸਿੱਖੀ ਦਾ ਭਰਪੂਰ ਪ੍ਰਚਾਰ ਵੀ ਕੀਤਾ ਸੀ ਇਹ ਵੀ ਸੱਪਸ਼ਟ ਹੈ ਕਿ ਸਿਖ ਮਤ ਦਾ ਦਰ ਹਰ ਇਨਸਾਨ ਲਈ ਖੁਲ੍ਹਾਂ ਸੀ, ਤੇ ਹਰ ਇਨਸਾਨ ਨੂੰ ਸਿਖੀ ਵਿਚ ਸ਼ਾਮਲ ਹੋਣ ਦਾ ਅਧਿਕਾਰ ਸੀ ।

**(2) ਭਾਈ ਪਾਰੋ ਜੁਲਕਾ ਜੀ :**

ਆਪ ਡਲਾ ਨਗਰ ਦੇ ਰਹਿਣ ਵਾਲੇ ਜੁਲਕਾ ਖਤਰੀ ਜਾਤ ਨਾਲ ਸਬੰਧਤ ਸਨ । ਆਪ ਗੁਰੂ ਅੰਗਦ ਦੇਵ ਜੀ ਦੇ ਸਮੇਂ ਸਿਖ ਬਣੇ ਸਨ ਅਤੇ ਆਪ ਇਤਨੇ ਉਚੇ ਸੁਚੇ ਗੁਰਸਿਖੀ ਜੀਵਨ ਵਾਲੇ ਹੋਏ, ਕਿ ਗੁਰੂ ਘਰ ਵਲੋਂ ਆਪਨੂੰ ਪਰਮ ਹੰਸ ਦੀ ਪਦਵੀ ਦਿੱਤੀ ਗਈ । ਆਪ ਨੇ ਬਾਉਲੀ ਦੀ ਸੇਵਾ ਵਿਚ ਵੀ ਬਹੁਤ ਹਿਸਾ ਪਾਇਆ ਸੀ । ਤੂਫਾਨ ਤੇ ਝਖੜ ਵੀ ਆਪਨੂੰ ਆਪਣੇ ਪ੍ਰੋਗਰਾਮ ਤੋਂ ਨਹੀਂ ਸਨ ਰੋਕ ਸਕਦੇ । ਘੋੜੇ ਤੇ ਚੜ੍ਹੇ ਹੀ ਦਰਿਆ ਪਾਰ ਕਰਕੇ ਗੋਇੰਦਵਾਲ ਆ ਜਾਂਦੇ ਸਨ । ਆਪ ਇਤਨੇ ਕਰਨੀ ਵਾਲੇ ਤੇ ਉਚੇ ਜੀਵਨ ਵਾਲੇ ਸਨ ਕਿ ਚੰਗੇ ਤੋਂ ਚੰਗਾ ਕਮਾਈ ਵਾਲਾ ਪੁਰਖ ਆਪ ਸਾਹਮਣੇ ਫਿਕਾ ਪੈ ਜਾਂਦਾ ਸੀ । ਗੁਰੂ ਜੀ ਨੇ ਇਕੇਰਾਂ ਸਿਖਾਂ ਲਈ ਉਚੇ ਜੀਵਨ ਦੇ ਪੂਰਨੇ ਪਾ ਕੇ ਸਿਖਾਲਣ ਲਈ ਪਾਰੋ ਜੀ ਨੂੰ ਆਪਣੇ ਪਿਛੋਂ ਗੁਰਗਦੀ ਦੇਣ ਦਾ ਇਰਾਦਾ ਪਰਗਟ ਕੀਤਾ । ਪਾਰੋ ਜੀ ਨੇ ਹੱਥ ਜੋੜ ਕੇ ਸਿਖੀ ਦੇ ਦਾਨ ਦੀ ਯਾਚਨਾ ਕੀਤੀ ਅਤੇ ਸਭ ਸੰਗਤ ਵਿਚ ਗੁਰੂ ਜੀ ਨੂੰ ਬੇਨਤੀ ਕਰ ਦਿਤੀ ਕਿ ਗੁਰਗਦੀ ਦੀ ਭਾਰੀ ਜ਼ਿੰਮੇਵਾਰੀ ਨੂੰ ਚੁਕ ਸਕਣ ਦੀ ਉਹ ਸਮਰਥਾ ਨਹੀਂ ਰਖਦੇ।

ਪਾਰੋ ਜੀ ਨੇ ਆਪਣੇ ਅਸਲੀ ਜੀਵਨ ਨਾਲ ਸਭ ਸਿੱਖਾਂ ਸਾਹਵੇਂ ਕਿਤਨਾ ਉੱਚਾ ਆਦਰਸ਼ ਰਖਿਆ । ਜੇ ਪਾਰੋ ਜੀ ਵਰਗਾ ਮਹਾਨ ਘਾਲਣਾ ਕਮਾਈ ਵਾਲਾ ਮਹਾਂਪੁਰਖ ਗੁਰਗੱਦੀ ਦਾ ਅਧਿਕਾਰੀ ਨਹੀਂ ਬਣ ਸਕਦਾ ਤਾਂ ਆਮ ਬੰਦਾ ਐਸਾ ਸੋਚਣ ਦੀ ਜੁਅਰਤ ਕਿਵੇਂ ਕਰ ਸਕਦਾ ?

**(3) ਭਾਈ ਸੱਚਨ ਸੱਚ ਜੀ :**

ਆਪ ਪਿੰਡ ਮੰਦਰ ਜ਼ਿਲ੍ਹਾ ਲਾਹੌਰ ਦੇ ਬ੍ਰਹਿਮਣ ਸਨ । ਲੰਗਰ ਅਤੇ ਗੁਰੂ ਘਰ ਦੀ ਹੋਰ ਹਰ ਪ੍ਰਕਾਰ ਦੀ ਸੇਵਾ ਪੂਰਨ ਤੌਰ ਤੇ ਨਿਸ਼ਕਾਮ ਹੋ ਕੇ ਕਰਦੇ ਸਨ । ਆਪ ਨੂੰ ਅੰਬਾਲੇ ਦੇ ਇਲਾਕੇ ਵਿਚ ਸਿਖੀ ਪਰਚਾਰ ਲਈ ਮੰਜੀਦਾਰ ਥਾਪਿਆ ਗਿਆ ਸੀ । ਗੁਰੂ ਆਗਿਆ ਅਨੁਸਾਰ ਸੱਚਨ ਸੱਚ ਨੇ ਹਰੀ ਪੁਰ ਕਾਂਗੜੇ ਦੀ ਇਕ ਪਾਗਲ ਹੋ ਗਈ ਤੇ ਰਾਜੇ ਵਲੋਂ ਛੱਡੀ ਗਈ ਰਾਣੀ ਨਾਲ ਅਨੰਦ ਕਾਰਜ ਕਰਵਾਇਆ ਸੀ । ਗੁਰੂ ਘਰ ਵਿਚ ਉਹ ਰਾਣੀ ਕੇਵਲ ਅਰੋਗ ਹੀ ਨਹੀਂ ਹੋਈ, ਬਲਕਿ ਆਪਣੇ ਪਤੀ ਸੱਚਨ ਸੱਚ ਨਾਲ ਰਲ ਕੇ ਸਾਰੀ ਉਮਰ ਸਿਖ ਮੱਤ ਦਾ ਪਰਚਾਰ ਵੀ ਕਰਦੀ ਰਹੀ ।

ਸੱਚਨ ਸੱਚ ਜੀ ਨੇ ਜਿਥੇ ਸਿਖੀ ਦਾ ਭਰਪੂਰ ਪਰਚਾਰ ਕੀਤਾ ਸੀ, ਉਥੇ ਦੂਜੀ ਜਾਤ ਦੀ ਇਸਤਰੀ ਨਾਲ ਅਨੰਦ ਕਾਰਜ ਕਰਕੇ (ਉਹ ਵੀ ਪੁਨਰ ਵਿਆਹ) ਸਮਾਜ ਸੁਧਾਰ ਦੀਆਂ ਸੁੰਦਰ ਮਿਸਾਲਾਂ ਪੇਸ਼ ਕੀਤੀਆਂ ਸਨ ।

**(4) ਭਾਈ ਸਾਵਣ ਮਲ ਜੀ :**

ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਲਗਦੇ ਸਨ । ਆਪਦਾ ਗੋਇੰਦਵਾਲ ਨਗਰ, ਦੀ ਉਸਾਰੀ ਤੇ ਵਿਕਾਸ ਵਿਚ ਬਹੁਤ ਹੱਥ ਸੀ । ਆਪ ਕਾਂਗੜਾ, ਹਰੀਪੁਰ, ਕੁਲੂ, ਸੁਕੇਤ ਆਦਿਕ ਪਹਾੜੀ ਇਲਾਕਿਆਂ ਵਿਚ ਪਰਚਾਰ ਕਰਦੇ ਸਨ। ਆਪ ਇਕੇਰਾਂ ਹਰੀਪੁਰ ਦੇ ਇਲਾਕੇ ਵਿਚ ਪਰਚਾਰ ਕਰ ਰਹੇ ਸਨ, ਕਿ ਇਕਾਦਸ਼ੀ ਆ ਗਈ । ਸਭ ਲੋਕਾਂ ਨੇ ਵਰਤ ਰਖਿਆ ਸੀ, ਕਿਉਂਕਿ ਵੈਰਾਗੀ ਸਾਧਾਂ ਦਾ ਉਸ ਇਲਾਕੇ ਤੇ ਭਾਰੀ ਗਲਬਾ ਸੀ । ਆਪ ਨੇ

ਨ ਕੇਵਲ ਖੁਦ ਵਰਤ ਤੋਂ ਬਗਾਵਤ ਕੀਤੀ, ਬਲਕਿ ਹੋਰ ਲੋਕਾਂ ਨੂੰ ਇਸ ਕਰਮਕਾਂਡ ਤੋਂ ਖਹਿੜਾ ਛੁਡਾਉਣ ਦੀ ਜ਼ੋਰਦਾਰ ਪ੍ਰੇਰਨਾ ਕੀਤੀ । ਹਰੀਪੁਰ ਵਿਚ ਵਰਤ ਆਦਿਕ ਕਰਮ ਕਾਂਡਾਂ ਵਿਰੁਧ ਬੜੀ ਦਲੇਰੀ ਨਾਲ ਖੁੱਲੇ ਆਮ ਪਰਚਾਰ ਕੀਤਾ । ਰਾਜੇ ਨੇ ਰਾਜ ਦਰਬਾਰ ਵਿਚ ਸਦ ਘਲਿਆ ਪਰ ਆਪਨੇ ਗੁਰਮਤ ਦੀ ਸੁੰਦਰ ਵਿਆਖਿਆ ਕਰਕੇ ਤੇ ਕਰਮ ਕਾਡਾਂ ਦਾ ਪੂਰਨ ਖੰਡਨ ਕਰਕੇ ਰਾਜੇ ਅਤੇ ਅਮੀਰਾਂ ਵਜ਼ੀਰਾਂ ਸਭਨਾਂ ਨੂੰ ਗੁਰਮਤ ਧਾਰਨੀ ਬਣਾ ਦਿਤਾ । ਰਾਜੇ ਦੇ ਮਨ ਵਿਚ ਗੁਰੂ ਘਰ ਲਈ ਇਤਨਾ ਪਿਆਰ ਪੈਦਾ ਹੋ ਗਿਆ ਕਿ ਸਿਖੀ ਦੇ ਨਗਰ ਗੋਇੰਦਵਾਲ ਦੀ ਉਸਾਰੀ ਲਈ ਬੜੀ ਭਾਰੀ ਮਿਦਾਰ ਵਿਚ ਇਮਾਰਤੀ ਲਕੜੀ ਭੇਜਣ ਦੀ ਸੇਵਾ ਕੀਤੀ, ਜੋ ਉਸ ਸਮੇਂ ਗੋਇੰਦਵਾਲ ਦੇ ਵਿਕਾਸ ਲਈ ਬਹੁਤ ਜ਼ਰੂਰੀ ਸੀ । ਕੁਝ ਸਮੇਂ ਪਿਛੋਂ ਰਾਜਾ ਸਭ ਅਮੀਰਾਂ ਵਜ਼ੀਰਾਂ ਤੇ ਰਾਣੀਆਂ ਸਮੇਤ ਗੁਰੂ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਸਾਹਿਬ ਹਾਜ਼ਰ ਹੋਇਆ ।

ਭਾਈ ਸਾਵਣ ਮਲ ਜੀ ਦੀ ਸਾਖੀ ਤੋਂ ਸੱਪਸ਼ਟ ਵਿਦਤਹੁੰਦਾ ਹੈ ਕਿ ਸਿਖ ਪਰਚਾਰਕ ਬੜੇ ਵਿਦਵਾਨ, ਜੀਵਨ ਵਾਲੇ ਅਤੇ ਪ੍ਰਭਾਵਸ਼ਾਲੀ ਹੁੰਦੇ ਸਨ । ਨਵੇਂ ਇਲਾਕਿਆਂ ਵਿਚ ਭੀ ਬੜੇ ਭਰੋਸੇ ਅਰ ਦਲੇਰੀ ਨਾਲ ਗੁਰਮਤ ਦਾ ਪਰਚਾਰ ਕਰਦੇ ਸਨ ਸਿਖ ਪਰਚਾਰਕ ਨਿਜ ਪੂਜਾ ਕਰਾਉਣ ਦੀ ਥਾਵੇਂ ਸਭ ਜਗਿਆਸੂਆਂ ਨੂੰ ਸਤਿਗੁਰੂ ਜੀ ਨਾਲ ਜੋੜਦੇ ਸਨ । ਸਿੱਖੀ ਧਾਰਨ ਕਰਨ ਵਾਲੇ ਕੇਵਲ ਆਮ ਲੋਕ ਹੀ ਨਹੀਂ ਸਨ, ਬਲਕਿ ਰਾਜੇ ਮਹਾਰਾਜੇ ਵੀ ਸਿੱਖੀ ਦੀ ਉਤਮਤਾ ਨੂੰ ਪਛਾਣਨ ਪਿਛੇ ਸਿੱਖੀ ਵਿਚ ਤੇਜ਼ੀ ਨਾ ਦਾਖਲ ਹੋ ਰਹੇ ਸਨ ।

**(5) ਭਾਈ ਗੰਗੂ ਸ਼ਾਹ ਜੀ :**

ਆਪ ਗੜ੍ਹ ਸ਼ੰਕਰ ਦੇ ਰਹਿਣ ਵਾਲੇ ਸਨ ਤੇ ਆਪਣੇ ਲੈਣ ਦੇਣ ਦਾ ਵਪਾਰ ਲਾਹੌਰ ਵਿਖੇ ਕਰਦੇ ਸਨ । ਕੰਮ ਕਾਰ ਦਾ ਭੱਠਾ ਬਹਿ ਜਾਣ ਤੇ ਗੁਰੂ ਜੀ ਤੋਂ ਅਸ਼ੀਰਵਾਦ ਅਰ ਹਦਾਇਤ ਲੈ ਕੇ ਦਿੱਲੀ ਚਲੇ ਗਏ ਸਨ ਤੇ ਕੁਝ ਦਿਨਾਂ ਵਿਚ ਹੀ ਬਹੁਤ ਨਫ਼ਾ ਕਮਾਇਆ । ਧਨ ਦੀ ਬਹੁਤਾਇਤ ਨੇ ਮੱਤ ਮਾਰ ਦਿਤੀ । ਗੁਰੂ ਅਰ ਕਰਤਾਰ ਭੁਲ ਗਏ । ਲੋੜਵੰਦ ਦੀ ਮਦਦ ਕਰਨ ਤੋਂ ਮੂੰਹ ਮੋੜ ਲਿਆ । ਕਰਨੀ ਕਰਤਾਰ ਦੀ, ਵਪਾਰ ਦਾ ਦੁਬਾਰਾ ਭੱਠਾ ਬਹਿ ਗਿਆ । ਪਰ ਹੁਣ ਦੁਖ ਦਾਰੂ ਬਣ ਗਿਆ ਸੀ । ਮਾਇਆ ਦਾ ਸਾਥ ਛੁਟਣ ਕਾਰਨ ਸੁਰਤ ਟਿਕਾਣੇ ਆ ਗਈ । ਆਪ ਨੂੰ ਆਪਣੇ ਜੀਵਨ ਤਜਰਬੇ ਨਾਲ ਇਹ ਗਲ ਸਮਝ ਆ ਗਈ ਕਿ ਮਾਇਆ ਆਉਣੀ ਜਾਣੀ ਹੈ, ਤੇ ਇਸਦੇ ਨਸ਼ੇ ਵਿਚ ਵਿਵੇਕ ਖੋ ਬੈਠਨਾ ਯੋਗ ਨਹੀਂ । ਆਪ ਪਸ਼ਚਾਤਾਪ ਕਰਨ ਲਈ ਦੁਬਾਰਾ ਗੋਇੰਦਵਾਲ ਸਾਹਿਬ ਆ ਗਏ ਪਰ ਸਤਿਗੁਰਾਂ ਦੇ ਸਨਮੁਖ ਹੋਣ ਦੀ ਥਾਵੇਂ ਅਰਸੇ ਤਕ ਲਗਨ ਤੇ ਸ਼ਰਧਾ ਨਾਲ ਨਿਮਰਤਾ ਸਹਿਤ ਲੰਗਰ ਆਦਿ ਦੀ ਸੇਵਾ ਵਿਚ ਜੁਟ ਗਏ । ਸੇਵਾ ਤੇ ਸਿਮਰਨ ਹੀ ਆਪ ਨੇ ਜੀਵਨ ਦੇ ਨਿਸ਼ਾਨੇ ਬਣਾ ਲਏ । ਆਪ ਦੀ ਆਤਮਾ ਨਿਰਮਲ ਹੋ ਗਈ । ਭਾਈ ਗੰਗੂ ਸ਼ਾਹ ਜੀ ਦਾ ਪ੍ਰਸਿਧ ਅਸਥਾਨ ਖਰੜ ਤਸੀਲ ਦੇ ਦਾਊ ਪਿੰਡ ਵਿਚ ਹੈ । ਆਪਣੇ ਨਾਹਨ ਤੋਂ ਸਿਰਮੋਰ ਦੇ ਇਲਾਕੇ ਵਿਚ ਸਿੱਖ ਮਤ ਦਾ ਪਰਚਾਰ ਕੀਤਾ ਸੀ ।

ਭਾਈ ਗੰਗੂ ਸ਼ਾਹ ਜੀ ਦੀ ਸਾਖੀ ਰਾਹੀਂ ਮਾਇਆ ਦੇ ਖਿੰਨ-ਭੰਗੁਰ ਹੋਣ ਵਾਲੇ ਲੱਖਣ ਦੀ ਲਖਤਾ ਹੋ ਜਾਂਦੀ ਹੈ ਤੇ ਇਹ ਵੀ ਸਮਝ ਪੈ ਜਾਂਦੀ ਹੈ ਕਿ ਆਤਮਕ ਉਸ ਤੀ ਲਈ

ਦੁਖ ਬਹੁਤ ਮੌਕਿਆਂ ਤੇ ਇਲਾਜ ਦਾ ਕੰਮ ਦੇ ਜਾਂਦਾ ਹੈ । ਇਹ ਗੱਲ ਭੀ ਭਾਈ ਸਾਹਿਬ ਦੇ ਜੀਵਨ ਤੋਂ ਸਾਫ ਹੋ ਜਾਂਦੀ ਹੈ ਕਿ ਸੱਚੇ ਦਿਲੋਂ ਪਸ਼ਚਾਤਾਪ ਕਰਨ ਨਾਲ ਤੇ ਧਰਮ ਦਾ ਲੜ ਫੜ ਲੈਣ ਨਾਲ ਪਰਮੇਸ਼ਰ ਸਾਡੇ ਗੁਨਾਹ ਬਖਸ਼ ਦਿੰਦਾ ਹੈ ।

### (6) ਭਾਈ ਬੇਣੀ ਜੀ :

ਆਪ ਚੂਹਣੀਆਂ ਜ਼ਿਲ੍ਹਾਂ ਲਾਹੌਰ ਦੇ ਰਹਿਣ ਵਾਲੇ ਸਨ । ਆਪ ਬੜੇ ਵਿਦਵਾਨ ਪੰਡਤ ਸਨ । ਵਿਦਵਾਨਾਂ ਨਾਲ ਸ਼ਾਸਤ੍ਰਾਰਥ ਕਰਨਾ ਆਪ ਦੀ ਖਾਸ ਵਾਦੀ ਜਿਹੀ ਹੀ ਸੀ । ਹਰ ਵਿਦਵਾਨ ਨਾਲ ਸ਼ਾਸਤ੍ਰਾਰਥ ਸਮੇਂ ਸ਼ਰਤ ਇਹ ਹੁੰਦੀ ਸੀ ਕਿ ਦੋਹਾਂ ਵਿਚੋਂ ਜੋ ਵੀ ਹਾਰ ਜਾਏ, ਉਹ ਸਾਰੀਆਂ ਪੁਸਤਕਾਂ ਦੂਜੇ ਨੂੰ ਦੇਵੇ । ਉਹਨਾਂ ਕੋਲ ਬੇਸ਼ੁਮਾਰ ਪੁਸਤਕਾਂ ਹੋ ਗਈਆਂ ਸਨ ਜੋ ਉਹ ਊਠਾਂ ਤੇ ਲਦੀ ਫਿਰਦੇ ਸਨ । ਲਾਹੌਰ ਤੋਂ ਵਿਦਵਾਨਾਂ ਨੂੰ ਹਰਾਂਦਿਆਂ ਹੋਇਆਂ ਕਾਸ਼ੀ ਤਕ ਜਾ ਨਿਕਲੇ ਸਨ । ਇਤਨਾ ਪੁਸਤਕ ਪਾਠ ਤੇ ਸ਼ਾਸਤ੍ਰਾਰਥ ਭੀ ਉਹਨਾਂ ਦੇ ਮਨ ਵਿਚ ਸ਼ਾਂਤੀ ਤੇ ਖੇੜਾ ਨਹੀਂ ਸਨ ਪੈਦਾ ਕਰ ਸਕੇ । ਗੋਇੰਦਵਾਲ ਵਿਖੇ ਗੁਰੂ ਸਾਹਿਬ ਨੂੰ ਮਿਲਣ ਤੇ ਇਹਨਾਂ ਦਾ ਵਿਦਿਆ ਸਬੰਧੀ ਹੰਕਾਰ ਦੂਰ ਹੋ ਗਿਆ । ਆਪ ਨੇ ਸਿੱਖੀ ਧਾਰਨ ਕੀਤੀ ਤੇ ਮੰਜੀਦਾਰ ਬਣ ਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ।

ਬੇਣੀ ਜੀ ਦੀ ਸਾਖੀ ਰਾਹੀਂ ਇਸ ਗੁਰਮਤ ਸਿਧਾਂਤ ਦੀ ਜਾਣਕਾਰੀ ਹੋ ਜਾਂਦੀ ਹੈ ਕਿ ਕੇਵਲ ਮਾਤਰ ਪੁਸਤਕਾਂ ਦੇ ਪਾਠ ਨਾਲ ਵਿਦਿਆ-ਅਭਿਮਾਨ ਹੀ ਪੈਦਾ ਹੁੰਦਾ ਹੈ ਜੋ ਪਰਮੇਸਰ ਪ੍ਰਾਪਤੀ ਦੇ ਰਾਹ ਵਿਚ ਭਾਰੀ ਰੁਕਾਵਟ ਬਣਦਾ ਹੈ । ਆਦਰਸ਼ਕ ਜੀਵਨ ਲਈ ਸ਼ੁੱਭ ਅਮਲਾਂ ਅਤੇ ਰੱਬੀ ਗੁਣਾਂ ਦਾ ਜੀਵਨ ਵਿਚ ਉਤਾਰਨਾ ਬਹੁਤ ਜ਼ਰੂਰੀ ਹੈ ਅਤੇ ਜੀਵਨ ਵਿਚ ਰੱਬੀ ਗੁਣਾਂ ਦੇ ਉਦੈ ਸਤਿਗੁਰੂ ਰਾਹੀਂ ਹੀ ਹੋ ਸਕਦਾ ਹੈ ।

### (7) ਭਾਈ ਮਾਈ ਦਾਸ ਜੀ :

ਆਪ ਮਾਝੇ ਦੇ ਨਰੋਲੀ ਗ੍ਰਾਮ ਦੇ ਵਾਸੀ ਸਨ । ਸਿੱਖ ਬਣਨ ਤੋਂ ਪਹਿਲੇ ਆਪ ਵੈਸ਼ਣਵ ਮੱਤ ਦੇ ਧਾਰਨੀ ਸਨ । ਹਰ ਪ੍ਰਕਾਰ ਦੇ ਕਰਮ-ਕਾਂਡਾਂ ਅਤੇ ਸੁੱਚ-ਭਿੱਟ ਦੇ ਵਹਿਮਾਂ ਵਿਚ ਬੁਰੀ ਤਰ੍ਹਾਂ ਮੁਬਤਲਾ ਸਨ । ਜ਼ਾਤ-ਪਾਤ ਦੇ ਭੇਦ-ਭਾਵ ਆਪਦੇ ਮੱਤ ਦੀ ਜਿੰਦ-ਜਾਨ ਸਨ। ਕਰਮ-ਕਾਂਡਾਂ ਦੀ ਛੱਟ ਇਹਨਾਂ ਦੇ ਸਿਰੋਂ ਉਤਾਰਨੀ ਬੜੀ ਮੁਸ਼ਕਲ ਜਿਹੀ ਗੱਲ ਜਾਪਦੀ ਸੀ । ਫਿਰ ਕਰਮ-ਕਾਂਡਾਂ ਨਾਲ ਸਬੰਧਤ ਸੂਖਸ਼ਮ ਹਉਮੈ ਤੋਂ ਛੁਟਕਾਰਾ ਵੀ ਔਖੀ ਕਾਰ ਸੀ। ਗੁਰੂ ਜੀ ਨੇ ਭਾਈ ਮਾਈਦਾਸ ਨੂੰ ਇਕ ਕਰਨੀ ਵਾਲੇ ਤੇ ਆਤਮ-ਗਿਆਨੀ ਗੁਰਸਿੱਖ ਭਾਈ ਮਾਣਕ ਚੰਦ ਦੀ ਸੰਗਤ ਕਰਨ ਦੀ ਤਾਕੀਦ ਕੀਤੀ । ਨਤੀਜਾ ਇਹ ਹੋਇਆ ਕਿ ਸਭ ਪ੍ਰਕਾਰ ਦੇ ਕਰਮ ਕਾਂਡ ਅਤੇ ਹਉਮੈ ਦਾ ਪੂਰਨ ਤਿਆਗ ਕਰਕੇ ਸਿੱਖੀ ਵਿਚ ਦਾਖਲ ਹੋ ਗਏ । ਆਪ ਸਿੱਖੀ ਰਹਿਣੀ ਦੇ ਪੱਕੇ ਧਾਰਨੀ ਬਣ ਗਏ । ਗੁਰਸਿੱਖੀ ਦੀ ਕਮਾਈ ਕਰਨ ਉਤੇ ਅਧਿਕਾਰੀ ਪੁਰਖ ਜਾਣ ਗੁਰੂ ਅਮਰਦਾਸ ਜੀ ਨੇ ਆਪ ਨੂੰ ਮੰਜੀ ਬਖਸ਼ ਕੇ ਸਿੱਖ-ਮੱਤ ਦੇ ਪਰਚਾਰ ਕਰਨ ਦਾ ਹੁਕਮ ਦਿੱਤਾ ।

ਭਾਈ ਮਾਈਦਾਸ ਜੀ ਦੀ ਸਾਖੀ ਤੋਂ ਸਿੱਧ ਹੁੰਦਾ ਹੈ ਕਿ ਗੁਰ ਉਪਦੇਸ਼ ਤੇ ਸਤਸੰਗ ਰਾਹੀਂ ਆਪਣੇ ਜੀਵਨ ਵਿਚ ਰੱਬੀ ਗੁਣ ਪੈਦਾ ਕਰਕੇ ਸਿੱਖੀ ਦੀ ਕਮਾਈ ਕਰ ਸਕਦੇ ਹਾਂ ।

ਸਿੱਖੀ ਵਿਚ ਪਰਵਾਨ ਚੜ੍ਹਣ ਲਈ ਜ਼ਰੂਰੀ ਹੈ ਕਿ ਅਨਮਤਾਂ ਦੇ ਨਿਰਰਥਕ ਕਰਮ-ਕਾਂਡਾਂ ਦਾ ਤਿਆਗ ਕੀਤਾ ਜਾਵੇ ।

**(8) ਭਾਈ ਮਾਣਕ ਚੰਦ ਜੀ :**

ਆਪ ਜ਼ਿਲਾ ਅੰਮ੍ਰਿਤਸਰ ਦੇ ਵੈਰੋਵਾਲ ਪਿੰਡ ਦੇ ਨਿਵਾਸੀ ਸਨ । ਆਪ ਬ੍ਰਹਮ ਗਿਆਨੀ ਸਨ ਅਤੇ ਜੀਵਨ-ਮਿਰਤੂ ਸਭ ਪ੍ਰਮੇਸ਼ਰ ਦੇ ਹੱਥ ਮੰਨਦੇ ਸਨ । ਬਾਉਲੀ ਦੀ ਖੁਦਾਈ ਸਮੇਂ ਆਪ ਨੇ ਬਹੁਤ ਸੇਵਾ ਕੀਤੀ । ਬਾਉਲੀ ਦੇ ਥਲੇ ਸਖਤ ਕੜ ਆ ਗਿਆ , ਜਿਸਨੂੰ ਤੋੜਨਾ ਬਹੁਤ ਮੁਸ਼ਕਲ ਸੀ । ਛੈਣੇ-ਹਥੌੜੇ ਨਾਲ ਕੜ ਤੋੜਨ ਤੇ ਪਾਣੀ ਦੇ ਇਕ ਦਮ ਫੁਟ ਪੈਣ ਨਾਲ ਡੁੱਬ ਮਰਨ ਦਾ ਭਾਰੀ ਖਤਰਾ ਸੀ, ਪਰ ਬਾਉਲੀ ਬਣਾਉਣ ਲਈ ਹੋਰ ਕੋਈ ਚਾਰਾ ਭੀ ਨਹੀਂ ਸੀ । ਗੁਰੂ-ਹੁਕਮ ਅਨੁਸਾਰ ਭਾਈ ਮਾਣਕ ਚੰਦ ਜੀ ਨੇ ਬੜਾ ਵੱਡਾ ਖ਼ਤਰਾ ਮੁਲ ਲੈ ਕੇ ਕੜ ਤੋੜ ਹੀ ਲਿਆ, ਪਰ ਬਾਉਲੀ ਵਿਚ ਇਕ ਦਮ ਪਾਣੀ ਭਰ ਜਾਣ ਕਾਰਨ ਆਪ ਪਾਣੀ ਵਿਚ ਹੀ ਡੁੱਬ ਗਏ । ਸਭ ਸੰਗਤ ਨੇ ਐਸਾ ਮਹਿਸੂਸ ਕੀਤਾ ਸੀ ਕਿ ਭਾਈ ਮਾਣਕ ਚੰਦ ਡੁਬ ਕੇ ਮਰ ਗਏ ਹਨ, ਪਰ ਪਾਣੀ ਵਿਚੋਂ ਆਪਦਾ ਸਰੀਰ ਬਾਹਰ ਕਢਵਾ ਕੇ ਗੁਰੂ ਜੀ ਨੇ ਜਦ ਇਲਾਜ ਕਰਾਇਆ ਤੇ ਪੇਟ ਵਿਚੋਂ ਪਾਣੀ ਕਢਾ ਦਿਤਾ, ਤਾਂ ਆਪ ਠੀਕ-ਠੀਕ ਰੂਪ ਵਿਚ ਸੰਗਤਾ ਸਾਹਮਣੇ ਆ ਪੇਸ਼ ਹੋਏ ।

ਭਾਈ ਮਾਣਕ ਚੰਦ ਜੀ ਦੀ ਸਾਖੀ ਇਹ ਦ੍ਰਿੜ ਕਰਾਉਂਦੀ ਹੈ ਕਿ ਗੁਰਸਿੱਖ ਜੀਵਨ ਤੇ ਮਿਰਤੂ ਸਭ ਨੂੰ ਪ੍ਰਮੇਸ਼ਰ ਦੇ ਵੱਸ ਵਿਚ ਮੰਨ ਕੇ ਜੀਵਨ ਜੀਏ । ਗੁਰੂ ਘਰ ਦੀ ਸੇਵਾ ਜਾਨ ਤਲੀ ਤੇ ਰੱਖ ਕੇ ਸਰੰਜਾਮ ਚੜ੍ਹਾਉਣ ਵਾਲੇ ਗੁਰਸਿੱਖ ਹੀ ਦੂਜਿਆਂ ਲਈ ਸੇਵਾ ਦੇ ਪੂਰਨੇ ਪਾ ਸਕਦੇ ਹਨ । ਸਿੱਖੀ ਦੀ ਅਮਲੀ ਕਮਾਈ ਵਾਲੇ ਭਾਈ ਮਾਣਕ ਚੰਦ ਵਰਗੇ ਗੁਰਮੁਖ ਹੀ ਭਾਈ ਮਾਈਦਾਸ ਵਰਗੇ ਅਨਮਤੀਆਂ ਨੂੰ ਨਿਰਰਥਕ ਤੇ ਥੋਥੇ ਸਿਧਾਂਤਾਂ ਦੇ ਚਿੱਕੜ ਵਿਚੋਂ ਕੱਢ ਕੇ ਸਿੱਖੀ ਜਾਗ ਲਗਾ ਸਕਦੇ ਸਨ ।

**(9) ਬੀਬੀ ਮਥੋ ਤੇ ਭਾਈ ਮੁਰਾਰੀ ਜੀ :**

ਭਾਈ ਮੁਰਾਰੀ ਦਾ ਪਹਿਲਾ ਨਾਮ ਪ੍ਰੇਮਾ ਸੀ । ਆਪ ਲਾਹੌਰ ਦੇ ਪਿੰਡ ਖਾਈ ਦੇ ਵਾਸੀ ਸਨ। ਭੈੜੀ ਸੰਗਤ ਅਰ ਵਿਭਚਾਰੀ ਜੀਵਨ ਦੇ ਫਲਸਰੂਪ ਸਰੀਰ ਕੋਹੜੀ ਹੋ ਗਿਆ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਆ ਕੇ ਜੀਵਨ ਹੀ ਨਹੀਂ ਪਲਟਿਆ, ਕੋਹੜ ਦਾ ਰੋਗ ਭੀ ਦੂਰ ਹੋ ਗਿਆ । ਪ੍ਰੇਮਾ ਜੀ ਬਹੁਤ ਹੀ ਉਚੇ ਸੁਚੇ ਤੇ ਪਵਿਤਰ ਜੀਵਨ ਵਾਲੇ ਹੋ ਗਏ । ਗੁਰੂ ਅਮਰਦਾਸ ਜੀ ਉਹਨਾਂ ਨੂੰ ਆਪਣਾ ਬੇਟਾ ਕਹਿ ਕੇ ਸੰਬੋਧਨ ਕਰਦੇ ਸਨ । ਗੁਰੂ ਜੀ ਨੇ ਇਕ ਵਾਰ ਸੰਗਤ ਵਿਚ ਹੁਕਮ ਕੀਤਾ ਕਿ ਕੋਈ ਪ੍ਰੇਮਾ ਜੀ ਨੂੰ ਜਿਹਨਾਂ ਦਾ ਨਾਮ ਹੁਣ ਮੁਰਾਰੀ ਜੀ ਪ੍ਰਸਿਧ ਹੋ ਗਿਆ ਸੀ, ਆਪਣੀ ਕੰਨਿਆ ਵਿਆਹ ਦੇਵੇ। ਸ਼ੀਹਾਂ ਜੀ ਨੇ ਗੁਰੂ-ਹੁਕਮ ਅਨੁਸਾਰ ਜਾਤ-ਪਾਤ, ਖਾਨਦਾਨ, ਮਾਇਕ ਹਾਲ ਆਦਿਕ ਸਭ ਨੂੰ ਨਜ਼ਰ-ਅੰਦਾਜ਼ ਕਰਕੇ ਆਪਣੀ ਲੜਕੀ ਮਥੋ ਦਾ ਅੰਨਦ ਕਾਰਜ ਮੁਰਾਰੀ ਜੀ ਨਾਲ ਕਰ ਦਿੱਤਾ। ਮੱਥੋ ਦੀ ਮਾਤਾ ਜੀ ਨੂੰ ਪਹਿਲਾਂ ਤਾਂ ਇਹ ਤਜਵੀਜ਼ ਠੀਕ ਨ ਜਚੀ, ਪਰ ਗੁਰੂ ਸਾਹਿਬ ਦੇ ਸਮਝਾਉਣ ਨਾਲ ਉਸਨੇ ਭੀ ਸਿੱਖ ਰਹੁ ਰੀਤ ਅਨੁਸਾਰ ਆਪਣੀ ਕੰਨਿਆ ਮਥੋ

ਦਾ ਵਿਆਹ ਮੁਰਾਰੀ ਜੀ ਨਾਲ ਕਰਨਾ ਪਰਵਾਨ ਕਰ ਲਿਆ । ਇਹ ਸੁਭਾਗ ਜੋੜੀ ਬਹੁਤ ਹੀ ਸਿੱਖੀ ਜੀਵਨ ਵਾਲੀ ਹੋਈ, ਤੇ ਸਤਿਗੁਰਾਂ ਨੇ ਇਹਨਾਂ ਦੋਹਾਂ ਨੂੰ ਪ੍ਰਚਾਰ ਲਈ ਮੰਜੀ ਬਖਸ਼ੀ । ਦੋਹਾਂ ਜੀਆਂ ਨੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ।

ਬੀਬੀ ਮਥੋ ਤੇ ਮੁਰਾਰੀ ਜੀ ਦੀ ਸਾਖੀ ਸਿੱਖ ਮੱਤ ਦੇ ਕਈ ਨੁਕਤਿਆਂ ਨੂੰ ਰੋਸ਼ਨ ਕਰਦੀ ਹੈ । ਵੱਡੇ ਤੋਂ ਵੱਡਾ ਮੰਦ-ਕਰਮੀ ਭੀ ਸਿੱਖੀ ਵਿਚ ਆ ਕੇ ਨੇਕ ਤੇ ਉਚੇ ਜੀਵਨ ਦਾ ਧਾਰਨੀ ਬਣ ਸਕਦਾ ਹੈ ।ਅਨੰਦ ਕਾਰਜ ਜਾ ਰਿਸ਼ਤੇ ਨਾਤਿਆਂ ਲਈ ਜਾਤ-ਪਾਤ, ਖਾਨਦਾਨੀ ਤੇ ਮਾਇਆ ਆਦਿਕ ਦੇ ਆਧਾਰ ਤੇ ਚੰਗੇ ਨਹੀਂ, ਇਹਨਾਂ ਦੀ ਥਾਵੇਂ ਲੜਕੇ ਦੇ ਗੁਣ, ਸੁਭਾਅ, ਆਚਰਨ, ਸਿਹਤ, ਉਮਰ, ਸਭਿਆਚਾਰ ਆਦਿਕ ਦਾ ਮੇਲ ਵਾਚਣਾ-ਪਰਖਣਾ ਚਾਹੀਦਾ ਹੈ ।

### (10) ਭਾਈ ਲਾਲੂ ਜੀ :

ਆਪ ਡਲੇ ਦੇ ਨਿਵਾਸੀ ਸਨ ਅਤੇ ਇਕ ਮੰਨੇ ਪ੍ਰਮੰਨੇ ਵੈਦ ਭੀ ਸਨ । ਤੇਈਏ ਤਾਪ ਜਾਂ ਵਾਰੀ ਦੇ ਬੁਖ਼ਾਰ ਦਾ ਇਲਾਜ ਕਰਨ ਦੇ ਮਾਹਿਰ ਸਨ । ਆਪ ਬਹੁਤ ਉਚੇ ਗੁਰਸਿੱਖੀ ਜੀਵਨ ਦੇ ਧਾਰਨੀ ਸਨ । ਆਪ ਜੀ ਨੂੰ ਭੀ ਸਿੱਖੀ ਪ੍ਰਚਾਰ ਦੀ ਮੰਜੀ ਬਖਸ਼ੀ ਗਈ ਸੀ ।

ਭਾਈ ਲਾਲੂ ਜੀ ਸਿੱਖੀ ਪ੍ਰਚਾਰ ਲਈ ਗੁਰਬਾਣੀ ਸਿਧਾਂਤਾਂ ਨੂੰ ਸਮਝਾਉਣ ਦੇ ਨਾਲ ਨਾਲ ਲੋਕਾਂ ਦੇ ਸਰੀਰਕ ਰੋਗਾਂ ਦਾ ਇਲਾਜ ਕਰਨ ਦਾ ਪਰਉਪਕਾਰ ਭੀ ਕਰਦੇ ਸਨ । ਇਸ ਢੰਗ ਨਾਲ ਪ੍ਰਚਾਰ ਕਰਨ ਵਿਚ ਆਪ ਨੂੰ ਭਾਰੀ ਸਫਲਤਾ ਮਿਲਦੀ ਸੀ ।

ਗੁਰੂ ਅਮਰਦਾਸ ਜੀ ਨਾਲ ਸਿੱਖਾਂ ਦੀਆਂ ਹੋਈਆਂ ਕਈ ਛੋਟੀਆਂ ਵਾਰਤਾਵਾਂ ਦੇ ਸੰਕੇਤ ਪੁਰਾਤਨ ਲਿਖਤਾ ਵਿਚ ਮਿਲਦੇ ਹਨ ਜਿਨ੍ਹਾਂ ਦੀ ਪੂਰੀ ਉਥਾਨਕਾ ਆਮ ਤੌਰ ਤੇ ਉਪਲਬਧ ਨਹੀਂ, ਪਰ ਇਹਨਾਂ ਵਾਰਤਾਵਾਂ ਰਾਹੀਂ ਭੀ ਗੁਰੂ ਅਮਰਦਾਸ ਜੀ ਦੁਆਰਾ ਦ੍ਰਿੜਾਏ ਉਪਦੇਸ਼ਾਂ ਤੇ ਸਿੱਖੀ ਸਿਧਾਂਤਾਂ ਤੇ ਹੀ ਚਾਨਣਾ ਪੈਂਦਾ ਹੈ ।

ਭਾਈ ਦੀਪਾ, ਨਗਉਰੀ, ਰਾਮੂ ਤੇ ਉਗ੍ਰਸੈਨ ਜੀ ਨੂੰ ਆਤਮਕ ਕਲਿਆਣ ਲਈ ਰੋਜ਼ਾਨਾ ਅੰਮ੍ਰਿਤ ਵੇਲੇ ਉਠਣ ਤੇ ਸੋਚ-ਇਸ਼ਨਾਨ ਕਰਕੇ ਬਾਣੀ ਦੇ ਪਾਠ-ਵਿਚਾਰ ਵਿਚ ਜੁੜਨ ਦਾ ਉਪਦੇਸ਼ ਦਿਤਾ ।

ਭਾਈ ਪ੍ਰਿਥਾਮਲ ਤੇ ਤੁਲਸਾ ਜੀ, ਜੋ ਭਲੇ ਖਤਰੀ ਸਨ, ਨੇ ਜਦ ਗੁਰੂ ਅਮਰਦਾਸ ਜੀ ਨੂੰ ਇਕੋ ਜਾਤ ਨਾਲ ਸਬੰਧਤ ਹੋਣ ਦੀ ਸਾਂਝ ਦਾ ਪ੍ਰਗਟਾਵਾ ਕੀਤਾ, ਤਾਂ ਗੁਰੂ ਜੀ ਨੇ ਉਹਨਾਂ ਦੇ ਮਿਥਿਆ ਹੰਕਾਰ ਦਾ ਖੰਡਨ ਕਰਦਿਆਂ ਦਸਿਆ, ਕਿ ਨ ਤਾਂ ਸਿੱਖ ਸਤਿਗੁਰੂਆਂ ਦੀ ਕੋਈ ਜਾਤ ਹੁੰਦੀ ਹੈ ਤੇ ਨ ਹੀ ਉਹਨਾਂ ਦੇ ਗੁਰਸਿੱਖਾਂ ਦੀ । ਵਡਿਆਈ ਭਜਨ ਬੰਦਗੀ ਤੇ ਨੇਕ ਜੀਵਨ ਵਿਚ ਹੈ, ਜਾਤ ਭੇਦ ਵਿਚ ਨਹੀ ।

ਗੁਰੂ ਅਮਰਦਾਸ ਜੀ ਪਾਸੋਂ ਭਾਈ ਰਾਮੂ, ਮੋਹਨ ਮਲ, ਅਮਰੂ ਤੇ ਗੋਪੀਦਾਸ ਨੇ ਭਜਨ ਬੰਦਗੀ ਵਿਚ ਪੂਰਾ ਸੁਆਦ ਨ ਆਉਣ ਦਾ ਕਾਰਨ ਪੁਛਿਆ, ਤਾਂ ਆਪ ਨੇ ਫੁਰਮਾਇਆ ਕਿ ਹਉਮੈ ਰੋਗ ਕਾਰਨ ਐਸਾ ਹੁੰਦਾ ਹੈ । ਇਸੇ ਤਰਾ ਭਾਈ ਮਲਣ ਨੂੰ ਹੰਕਾਰ ਨਿਵਾਰਨ ਕਰਕੇ ਗਰੀਬ, ਦੁਖੀਏ ਤੇ ਲੋੜਵੰਦ ਦੀ ਸੇਵਾ ਕਰਨ ਦੀ ਤਾਕੀਦ ਕੀਤੀ ਸੀ ।

ਡਲੇ ਦੇ ਭਾਈ ਸਹਾਰੂ, ਗੰਗੂ ਤੇ ਭਾਗੂ ਨੂੰ ਗੁਰੂ ਜੀ ਨੇ ਮੱਠਾਂ, ਮੜ੍ਹੀਆਂ, ਕਬਰਾਂ ਦੀ ਪੂਜਾ ਤੋਂ ਵਰਜ ਕੇ ਇਕੋ ਵਾਹਿਦ ਪ੍ਰਮੇਸ਼ਰ ਦੀ ਪ੍ਰੇਮਾ-ਭਗਤੀ ਦਾ ਉਪਦੇਸ਼ ਦਿਤਾ । ਧਰਮ ਦੀ ਕਿਰਤ ਕਰਨ ਤੇ ਵੰਡ ਛਕਣ ਦੀ ਗੱਲ ਦ੍ਰਿੜ ਕਰਵਾਈ ।

ਭਾਈ ਬੂਲਾ ਜੀ ਨੂੰ, ਜੋ ਗੁਰਬਾਣੀ ਦੇ ਬਹੁਤ ਵਧੀਆ ਕਥਾ ਵਾਚਕ ਸਨ, ਗੁਰੂ ਜੀ ਨੇ ਇਹ ਹੁਕਮ ਦਿਤਾ ਸੀ ਕਿ ਆਪ ਵਧ ਤੋਂ ਵਧ ਗੁਰਬਾਣੀ ਦੀਆਂ ਪੋਥੀਆਂ ਜਾਂ ਗੁਟਕੇ ਲਿਖਕੇ ਸਿੱਖਾਂ ਵਿਚ ਬਾਣੀ ਦੇ ਪ੍ਰਚਾਰ ਹਿੱਤ ਵੰਡੋ ।

ਭਾਈ ਖਾਨ ਛੁਰਾ, ਬੇਗ ਪਾਸੀ, ਨੰਦ ਸੂਦਨ, ਉਗਰੂ, ਤਾਰੂ, ਝੰਡਾ ਤੇ ਜਗਾਧਰਨੀ ਨੂੰ ਉਦਾਸੀ ਜੋਗੀ ਤੇ ਸੰਨਿਆਸੀ ਮੱਤ ਨੂੰ ਖੰਡਨ ਕਰਨ ਵਾਲਾ ਉਪਦੇਸ਼ ਦਿਤਾ । ਸਭ ਪ੍ਰਕਾਰ ਦੇ ਧਰਮਾਂ 'ਚੋਂ ਗ੍ਰਹਿਸਤ ਧਰਮ ਨੂੰ ਆਦਰਸ਼ਕ ਤੇ ਉਤਮ ਦਸਿਆ । ਗ੍ਰਹਿਸਤ ਦੇ ਫ਼ਰਜ਼ ਨਿਭੇੜਦਿਆਂ ਨਾਮ ਜਪਣ ਤੇ ਵੰਡ ਛੱਕਣ ਦੀ ਤਾਕੀਦ ਕੀਤੀ ।

ਭਾਈ ਫਿਰਿਆ ਤੇ ਕਟਾਰਾ ਦੁਆਬੇ ਦੇ ਨਿਵਾਸੀ ਸਨ । ਉਹਨਾਂ ਦੇ ਇਲਾਕੇ ਵਿਚ ਜੋਗੀਆਂ ਦੇ ਜੰਤ੍ਰਾਂ-ਮੰਤ੍ਰਾਂ ਤੇ ਪਖੰਡਾਂ ਕਾਰਨ ਲੋਕ ਭੈ-ਭੀਤ ਸਨ । ਇਹਨਾਂ ਦੋਹਾਂ ਨੂੰ ਤਕੜੇ ਤੇ ਨਿਧੜਕ ਹੋ ਕੇ ਜੋਗੀਆਂ ਦੇ ਨਿਰਰਥਕ ਸਿਧਾਂਤਾਂ ਤੇ ਊਣੀ ਰਹਿਣੀ ਦਾ ਖੰਡਨ ਕਰਕੇ ਗੁਰਮਤ ਪਰਚਾਰ ਕਰਨ ਦੀ ਤਾਕੀਦ ਕੀਤੀ । ਜੋਗੀਆਂ ਦੇ ਮੱਠਾਂ ਦੇ ਮੁਕਾਬਲੇ ਸਿੱਖ ਮੱਤ ਦੇ ਪ੍ਰਚਾਰ ਲਈ ਖੁਲ੍ਹੇ ਆਮ ਧਰਮਸ਼ਾਲਾ ਅਸਥਾਪਤ ਕਰਨ ਦਾ ਉਪਦੇਸ਼ ਦਿਤਾ।

### (ਚ) ਨਗਰ ਅੰਮ੍ਰਿਤਸਰ (ਚੱਕ-ਰਾਮਦਾਸ) ਦੀ ਅਸਥਾਪਨਾ :

ਗੁਰੂ ਅਮਰਦਾਸ ਜੀ ਨੇ ਮਾਝੇ ਦੇ ਪਿੰਡਾਂ ਵਿਚ ਭਰਪੂਰ ਪ੍ਰਚਾਰ ਕੀਤਾ ਸੀ । ਉਹ ਸਾਰੇ ਇਲਾਕੇ ਦੇ ਚੰਗੇ ਜਾਣੂ ਸਨ । ਸਿੱਖਾਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਸੀ ਦੀਰਘ ਦਰਸ਼ੀ ਸਤਿਗੁਰੂ ਅਮਰਦਾਸ ਜੀ ਨੇ ਨਿਕਟ ਭਵਿੱਖਤ ਵਿਚ ਮਾਝੇ ਦੇ ਐਨ ਵਿਚਕਾਰਲੇ ਇਲਾਕੇ ਵਿਚ ਸਿੱਖੀ ਪ੍ਰਚਾਰ ਦੇ ਇਕ ਹੋਰ ਵਡੇ ਕੇਂਦਰ ਦੇ ਅਸਥਾਪਤ ਕਰਨ ਦੀ ਲੋੜ ਮਹਿਸੂਸ ਕਰ ਲਈ ਸੀ ।

ਇਹ ਠੀਕ ਹੈ ਕਿ ਨਗਰ ਅੰਮ੍ਰਿਤਸਰ ਦੀ ਉਸਾਰੀ ਤੇ ਵਿਕਾਸ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਕੀਤਾ, ਪਰ ਇਸ ਲਈ ਥਾਂ ਤੇ ਤਰਤੀਬ ਦਾ ਨਿਰਣਾ ਗੁਰੂ ਅਮਰਦਾਸ ਜੀ ਨੇ ਕੀਤਾ ਸੀ । ਗੁਰੂ ਅਮਰਦਾਸ ਜੀ ਨੇ ਗੁੰਮਟਾਲਾ, ਤੁੰਗ, ਸੁਲਤਾਨ ਵਿੰਡ ਤੇ ਗਿਲਵਾਲੀ ਆਦਿ ਪਿੰਡਾਂ ਦੇ ਪੈਂਚ ਤੇ ਮੁਖੀਏ ਸਦਵਾ ਕੇ ਮੋਹੜੀ ਗਡਵਾ ਕੇ ਗੁਰੂ-ਚੱਕ ਨਗਰ ਦੀ ਨੀਂਹ ਰੱਖ ਦਿਤੀ । ਗੁਰੂ ਰਾਮਦਾਸ ਜੀ ਨੂੰ ਨਗਰ ਦੀ ਉਸਾਰੀ ਤੇ ਵਿਕਾਸ ਦੀ ਸੇਵਾ ਸੌਂਪ ਦਿਤੀ । ਇਸ ਤਰ੍ਹਾਂ ਜੂਨ ਸੰਨ 1570 ਨੂੰ ਨਗਰ ਗੁਰੂ-ਚੱਕ ਵਸਣਾ ਸ਼ੁਰੂ ਹੋ ਗਿਆ, ਜੋ ਪਿਛੋਂ ਜਾ ਕੇ ਅੰਮ੍ਰਿਤਸਰ ਨਾਮ ਨਾਲ ਪ੍ਰਸਿੱਧ ਹੋਇਆ ।

ਜਿਉਂ ਹੀ ਲੋਕਾਂ ਨੂੰ ਪਤਾ ਲਗਾ ਕਿ ਛੇਤੀ ਹੀ ਸਿੱਖ ਧਰਮਾ ਦਾ ਪ੍ਰਚਾਰਕ ਕੇਂਦਰ (ਗੁਰੂ) ਚੱਕ ਵਲ ਆਉਣ ਵਾਲਾ ਹੈ, ਸਿੱਖਾਂ ਤੋਂ ਛੁਟ ਹੋਰ ਲੋਕਾਂ ਨੇ ਵੀ ਰੋਜ਼ਗਾਰ , ਵਪਾਰ ਆਦਿਕ ਤੇ ਵਧੀਕ ਮੌਕਿਆਂ ਨੂੰ ਮਦੇ-ਨਜ਼ਰ ਰਖੱਕੇ ਇਥੇ ਵਸਣਾ ਸ਼ੁਰੂ ਕਰ ਦਿਤਾ । ਮਕਾਨ, ਦੁਕਾਨਾਂ ਤੇ ਬਾਜ਼ਾਰ ਬਣਨ ਲਗ ਪਏ । (ਗੁਰੂ) ਰਾਮਦਾਸ ਜੀ ਤਾਂ ਗੁਰੂ-ਚੱਕ ਹੀ ਆ ਗਏ ਸਨ ਤੇ ਆਪਣੀ ਨਿਗਰਾਨੀ ਵਿਚ ਆਪ ਨੇ ਨਗਰ ਦੀ ਉਸਾਰੀ ਤੇ ਵਿਕਾਸ ਦਾ ਕੰਮ

ਪੂਰੇ ਜ਼ੋਰ ਨਾਲ ਕਰਵਾਣਾ ਸ਼ੁਰੂ ਕੀਤਾ । ਨਗਰ ਦੇ ਵਧੇਰੇ ਵਿਕਾਸ ਨੂੰ ਮੁਖ ਰਖਦੇ ਹੋਏ ਤੁੰਗ ਪਿੰਡ ਦੇ ਜ਼ਿਮੀਦਾਰਾਂ ਤੋਂ ਸੰਨ 1577 ਨੂੰ ਪੰਜ ਸੌ ਵਿਘੇ ਹੋਰ ਜ਼ਮੀਨ ਖਰੀਦ ਲਈ ਤੇ ਪਟਾ ਕਰਵਾ ਲਿਆ ।

ਹੌਲੀ ਹੌਲੀ ਸਿੱਖਾਂ ਦੀ ਆਵਾਜਾਈ ਤੇ ਵਧੰਦੀ ਗਿਣਤੀ ਨੂੰ ਮੁੱਖ ਰਖਕੇ ਗੁਰੂ ਰਾਮਦਾਸ ਜੀ ਨੇ ਗੁਰੂ-ਚੱਕ ਤੋਂ ਬਾਹਰਵਾਰ ਸਰੋਵਰ ਬਣਵਾ ਦਿਤਾ । ਬਾਅਦ ਵਿਚ ਸਰੋਵਰ ਦੇ ਵਿਚਕਾਰ ਧਰਮ ਦੇ ਮਹਾਨ ਕੇਂਦਰ 'ਹਰਿਮੰਦਰ' ਦੀ ਉਸਾਰੀ ਕੀਤੀ । ਕੇਵਲ ਹੋਰ ਸਰੋਵਰਾਂ ਤੇ ਧਰਮ ਅਸਥਾਨਾਂ ਵਿਚ ਹੀ ਵਾਧਾ ਨ ਹੋਇਆ, ਵਪਾਰ ਆਦਿਕ ਦੇ ਨੁਕਤਾ-ਨਿਗਾਹ ਨਾਲ ਵੀ ਇਹ ਨਗਰ ਪੰਜਾਬ ਦਾ ਚੋਟੀ ਦਾ ਨਗਰ ਬਣ ਗਿਆ ।

ਅਜ ਇਸ ਨਗਰ ਦੀ ਸਾਰੇ ਸੰਸਾਰ ਵਿਚ ਚਰਚਾ ਹੈ । ਸਿੱਖ ਜਗਤ ਦਾ ਤਾਂ ਇਹ ਮਹਾਨ ਕੇਂਦਰ ਬਣ ਗਿਆ ਹੈ । ਯਾਦ ਰਹੇ ਕਿ ਇਸ ਥਾਂ ਦੀ ਚੋਣ ਆਦਿਕ ਗੁਰੂ ਅਮਰਦਾਸ ਜੀ ਨੇ ਕੀਤੀ ਸੀ ਅਰ ਇਸ ਨਗਰ ਦਾ ਬਹੁਪੱਖੀ ਵਿਕਾਸ ਗੁਰੂ ਅਮਰਦਾਸ ਜੀ ਦੀ ਦੀਰਘ ਦਰਸ਼ਤਾ ਦਾ ਖ਼ੂਬਸੂਰਤ ਪ੍ਰਮਾਣ ਹੈ ।

### (ਛ) ਗੁਰਗੱਦੀ ਦੀ ਜ਼ਿੰਮੇਵਾਰੀ ਲਈ ਗੁਰੂ ਰਾਮਦਾਸ ਦੀ ਚੋਣ :

ਇਕ ਹਿਸਾਬ ਨਾਲ (ਗੁਰੂ) ਰਾਮਦਾਸ ਜੀ ਪਿਛਲੇ 33 ਕੁ ਸਾਲਾਂ ਤੋਂ ਗੁਰੂ ਅਮਰਦਾਸ ਜੀ ਨਾਲ ਸਬੰਧਤ ਸਨ । (ਗੁਰੂ) ਰਾਮਦਾਸ ਜੀ 7 ਸਾਲਾਂ ਦੀ ਉਮਰ ਵਿਚ ਸੰਨ 1541 ਵਿਚ ਗੁਰੂ ਅਮਰਦਾਸ ਜੀ ਦੇ ਉਸ ਸਮੇਂ ਨਿਕਟਵਰਤੀ ਬਣੇ ਜਦੋਂ ਕਿ ਅਜੇ ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਵਲੋਂ ਗੁਰਗੱਦੀ ਦੀ ਜ਼ਿੰਮੇਵਾਰੀ ਨਹੀਂ ਸੀ ਮਿਲੀ । ਸੰਨ 1553 ਵਿਚ ਬੀਬੀ ਭਾਨੀ ਜੀ ਦਾ ਅਨੰਦ ਕਾਰਜ (ਗੁਰੂ) ਰਾਮਦਾਸ ਜੀ ਨਾਲ ਕੀਤਾ ਗਿਆ । ਸੰਨ 1553 ਤੋਂ ਸੰਨ 1574 ਤਕ ਦੇ ਲਗਪਗ 21 ਸਾਲਾਂ ਦੇ ਸਮੇਂ ਵਿਚ ਜਦਕਿ ਦੁਨਿਆਵੀ ਨਜ਼ਰੀਏ ਨਾਲ ਆਪ ਗੁਰੂ ਅਮਰਦਾਸ ਜੀ ਦੇ ਜਵਾਈ ਸਨ ਗੁਰੂ ਘਰ ਦੀ ਆਪ ਜੀ ਨੇ ਰੱਜ ਕੇ ਸੇਵਾ ਕੀਤੀ ਸੀ । ਰਿਸ਼ਤੇ ਵਿਚ ਆਪ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ, ਪਰ ਆਪਨੇ ਗੁਰੂ ਅਮਰਦਾਸ ਜੀ ਦੀ ਸੇਵਾ ਇਕ ਸਿਦਕੀ ਸਿੱਖ ਦੇ ਤੌਰ ਤੇ ਪੂਰਨ ਸ਼ਰਧਾ ਨਾਲ ਕੀਤੀ ਸੀ । ਆਪ ਦਾ ਅਮਲੀ ਜੀਵਨ, ਹੱਥੀਂ ਸੇਵਾ ਕਰਨ ਦਾ ਸੁਭਾਅ, ਨਿਮਰਤਾ, ਵਿਦਵਤਾ, ਮਿਠਾਸ ਆਦਿਕ ਗੁਣ ਕਿਸੇ ਤੋਂ ਭੁੱਲੇ ਹੋਏ ਨਹੀਂ ਸਨ। ਬ੍ਰਹਿਮਣਾਂ ਦੇ ਸ਼ਿਕਾਇਤ-ਨਾਮੇ ਦੇ ਸਬੰਧ ਵਿਚ (ਗੁਰੂ) ਰਾਮਦਾਸ ਜੀ ਨੂੰ ਅਕਬਰ ਦੇ ਦਰਬਾਰ ਵਿਚ ਸਿੱਖ ਮੱਤ ਦੀ ਵਿਆਖਿਆ ਲਈ ਭੇਜਿਆ ਗਿਆ ਸੀ । ਆਪਨੇ ਨੇ ਆਪਣੀ ਵਿਦਵਤਾ, ਗੰਭੀਰਤਾ, ਮਿਠਾਸ ਤੇ ਦਲੇਰੀ ਨਾਲ ਹਰ ਇਕ ਦੇ ਮਨ ਤੇ ਸਿੱਖੀ ਦਾ ਡੂੰਘਾ ਪ੍ਰਭਾਵ ਪਾ ਕੇ ਆਪਣੇ ਗੁਣਾਂ ਨਾਲ ਕਾਇਲ ਕਰ ਲਿਆ ਸੀ ।

(ਗੁਰੂ) ਰਾਮਦਾਸ ਜੀ ਵਿਚ ਸਭ ਰੱਬੀ ਗੁਣ ਮੌਜੂਦ ਸਨ ਅਤੇ ਨਾਲ ਹੀ ਸਤਿਗੁਰੂ ਅਮਰਦਾਸ ਜੀ ਦੀ ਪੂਰਨ ਪ੍ਰਸੰਨਤਾ ਤੇ ਬਖ਼ਸ਼ਸ਼ ਵੀ ਆਪ ਨੂੰ ਹਾਸਲ ਸੀ । ਸਿੱਖੀ ਦੀ ਕਮਾਈ ਵਿਚ ਆਪ ਜੀ ਆਪਣੀ ਮਿਸਾਲ ਆਪ ਸਨ । ਗੁਰਗੱਦੀ ਲਈ ਸੰਗਤ ਵਿਚੋਂ ਕਿਸੇ ਨੇ ਕਦੇ ਭੀ ਗੁਰੂ ਅਮਰਦਾਸ ਜੀ ਦੇ ਸਾਹਿਬਜ਼ਾਦਿਆਂ— ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ— ਨੂੰ ਯੋਗ ਨਹੀਂ ਸੀ ਸਮਝਿਆ । ਬਾਬਾ ਮੋਹਨ ਜੀ ਦੀ ਰੁੱਚੀ ਅਨਮਤੀ

ਸਾਧਾਂ ਦੀ ਤਰ੍ਹਾਂ ਘੱਟੀਆ ਕਿਸਮ ਤਿਆਗ ਵਾਲੀ ਸੀ ਤੇ ਮੋਹਰੀ ਜੀ ਸੰਸਾਰ ਦੇ ਕੰਮਾਂ ਵਿਚ ਕੁਝ ਜ਼ਿਆਦਾ ਖੁੱਭੇ ਹੋਏ ਸਨ । ਗੁਰੂ ਅਮਰਦਾਸ ਜੀ ਦੇ ਦੂਜੇ ਦਾਮਾਦ ਭਾਈ ਰਾਮਾ ਜੀ ਸੰਸਾਰਕ ਕਾਰ ਵਿਹਾਰ ਵਿਚ ਬੜੇ ਨਿਪੁੰਨ ਸਨ ਅਤੇ ਚੰਗੇ ਵਿਦਵਾਨ ਭੀ ਸਨ, ਪਰ ਸਿੱਖੀ ਦੀ ਕਮਾਈ ਦੇ ਮਾਅਮਲੇ ਵਿਚ ਗੁਰੂ ਤੇ ਟੇਕ ਰੱਖਣ ਦੀ ਥਾਂ ਆਪਣੀ ਬੁਧੀ ਉਤੇ ਟੇਕ ਰੱਖਣ ਕਾਰਨ ਅੰਦਰੋਂ ਅੰਦਰ ਹਉਮੈ ਹੱਥੋਂ ਮਾਰ ਖਾ ਰਹੇ ਸਨ । ਪਰਗਟ ਤੌਰ ਤੇ ਆਪ ਵੀ ਸਤਿਗੁਰੂ ਅਮਰਦਾਸ ਜੀ ਦੇ ਬਹੁਤ ਆਗਿਆਕਾਰੀ ਤੇ ਸਿਦਕੀ ਸਿੱਖ ਸਨ ।

ਜਿਉਂ ਜਿਉਂ ਗੁਰੂ ਅਮਰਦਾਸ ਜੀ ਦੀ ਉਮਰ ਹੋਰ ਵਡੇਰੀ ਹੁੰਦੀ ਜਾ ਰਹੀ ਸੀ, ਸਿੱਖ ਸੰਗਤਾਂ ਦੀ ਨਜ਼ਰ ਗੁਰੱਗਦੀ ਦੀ ਅਗਲੀ ਜ਼ਿੰਮੇਵਾਰੀ ਲਈ (ਗੁਰੂ) ਰਾਮਦਾਸ ਜੀ ਤੇ ਭਾਈ ਰਾਮਾ ਜੀ ਉਤੇ ਪੈ ਰਹੀ ਸੀ । ਸਤਿਗੁਰਾਂ ਨੇ ਸੰਗਤਾਂ ਪ੍ਰਤੀ ਦੋਹਾਂ ਦੇ ਗੁਰਸਿੱਖੀ ਜੀਵਨ ਦੀ ਕਮਾਈ ਦੇ ਪੱਧਰਾਂ ਨੂੰ ਜ਼ਾਹਿਰ ਕਰਨ ਹਿੱਤ ਇਕ ਦਿਨ ਦੋਹਾਂ ਨੂੰ ਸੰਗਤ ਵਿਚ ਬੁਲਾ ਭੇਜਿਆ ਅਤੇ ਆਗਿਆ ਕੀਤੀ ਕਿ ਸ਼ਾਮ ਦੇ ਦੀਵਾਨ ਵਿਚ ਗੁਰੂ ਜੀ ਦੇ ਬਿਰਾਜਣ ਲਈ ਬਾਉਲੀ ਦੇ ਕੋਲ ਅੱਡ-ਅੱਡ ਥੜੇ ਬਣਾਏ ਜਾਣ । ਇਕ ਥੜਾ ਰਾਮਾ ਜੀ ਬਨਾਉਣ ਤੇ ਦੂਜਾ (ਗੁਰੂ) ਰਾਮਦਾਸ ਜੀ । ਦੋਹਾਂ ਨੇ ਸਾਰਾ ਦਿਨ ਲਗਾ ਕੇ ਆਪਣੇ ਆਪਣੇ ਥੜੇ ਬਣਾਏ ਸ਼ਾਮ ਨੂੰ ਗੁਰੂ ਅਮਰਦਾਸ ਜੀ ਨੇ ਦੋਹਾਂ ਥੜਿਆ ਦੀ ਜਾਂਚ ਕਰਕੇ ਦੋੱਹਾਂ ਥੜਿਆਂ ਵਿਚ ਨੁਕਸ ਕੱਢ ਕੇ ਦੋਨੋਂ ਥੜੇ ਗਿਰਵਾ ਦਿਤੇ ਤੇ ਹੋਰ ਥੜੇ ਠੀਕ ਢੰਗ ਨਾਲ ਦੁਬਾਰਾ ਬਣਾਉਣ ਦੀ ਹਦਾਇਤ ਕੀਤੀ । ਦੂਜੀ ਵਾਰੀ ਵੀ ਥੜੇ ਬਣ ਜਾਣ ਉਤੇ ਗੁਰੂ ਅਮਰਦਾਸ ਜੀ ਵਲੋਂ ਨੁਕਸ ਕੱਢ ਦਿਤੇ ਗਏ । ਤੀਜੀ ਵਾਰ ਫਿਰ ਦੋਹਾਂ ਨੇ ਸਤਿਗੁਰਾਂ ਦੇ ਹੁਕਮ ਮੂਜਬ ਥੜੇ ਬਣਾ ਦਿਤੇ ਪਰ ਗੁਰੂ ਜੀ ਨੇ ਪਹਿਲੇ ਦੀ ਤਰ੍ਹਾਂ ਫੇਰ ਦੋਹਾਂ ਥੜ੍ਹਿਆਂ ਵਿਚ ਨੁਕਸ ਕੱਢੇ । ਹੁਣ ਰਾਮਾ ਜੀ ਤੋਂ ਰਿਹਾ ਨਾ ਗਿਆ । ਉਹਨਾਂ ਦੇ ਖ਼ਿਆਲ ਮੁਤਾਬਕ ਉਹਨਾਂ ਦੇ ਥੜ੍ਹਾਂ ਪੂਰੀ ਤਰ੍ਹਾਂ ਗੁਰੂ ਸਾਹਿਬ ਦੇ ਹੁਕਮ ਮੁਤਾਬਿਕ ਉਸਰਿਆਂ ਸੀ, ਪਰ ਗੁਰੂ ਅਮਰਦਾਸ ਜੀ ਆਪਣੀ ਵਡੇਰੀ ਉਮਰ ਹੋ ਜਾਣ ਕਾਰਨ ਸ਼ਾਇਦ ਯਾਦਾਸ਼ਤ ਦੀ ਕਮਜ਼ੋਰੀ ਦਾ ਸ਼ਿਕਾਰ ਹੋ ਕੇ ਥੜੇ ਨੂੰ ਰੱਦ ਕਰ ਰਹੇ ਹਨ । ਭਾਈ ਰਾਮਾ ਜੀ ਨੇ ਹੋਰ ਥੜਾ ਬਣਾਉਣ ਤੋਂ ਇਨਕਾਰ ਕਰ ਦਿਤਾ । ਹੁਣ ਇਕਲੇ (ਗੁਰੂ ) ਰਾਮਦਾਸ ਜੀ ਥੜਾ ਬਨਾਣ ਲਗੇ । ਦਿਨ ਭਰ ਥੜਾ ਬਣਾਣਾ ਤੇ ਗੁਰੂ ਅਮਰਦਾਸ ਜੀ ਨੇ ਸ਼ਾਮਾਂ ਨੂੰ ਜਾਂਚ ਕਰਕੇ ਰੱਦ ਕਰ ਦੇਣਾ ਤੇ ਨਾਲ ਹੀ ਕੁਝ ਝਾੜ ਝਪਟ ਵੀ ਕਰ ਦੇਣੀ, ਸਤਵੇਂ ਦਿਨ ਤਕ ਇਹੋ ਸਿਲਸਲਾ ਚਲਦਾ ਰਿਹਾ । ਸਤਵੇਂ ਦਿਨ ਥੜਾ ਰੱਦ ਹੋਣ ਸਮੇਂ (ਗੁਰੂ) ਰਾਮਦਾਸ ਜੀ ਅਤੀ ਨਿਮਰਤਾ ਸਹਿਤ ਘਿਘਿਆ ਕੇ ਗੁਰੂ ਅਮਰਦਾਸ ਜੀ ਨੂੰ ਕਹਿਣ ਲਗੇ, ਕਿ ਆਪ ਮੇਰੇ ਤੇ ਕਿਰਪਾ ਕਰੋ ਤੇ ਐਸਾ ਬੱਲ ਬਖ਼ਸ਼ੋ ਮੈਂ ਆਪਦੀ ਮਰਜ਼ੀ ਮੁਤਾਬਕ ਥੜਾ ਬਣਾ ਸਕਾਂ । ਮੈਂ ਅਲਪਗ ਅਲਪ ਬੁੱਧੀ ਜੀਵ ਆਪ ਦੇ ਹੁਕਮ ਨੂੰ ਸਮਝਣੋਂ ਅਸਮਰਥ ਰਿਹਾ ਹਾਂ ਤੇ ਆਪ ਜੀ ਦੀ ਮਰਜ਼ੀ ਮੁਤਾਬਕ ਕੰਮ ਨਾ ਕਰ ਸਕਣ ਕਰਕੇ ਆਪ ਨੂੰ ਦੁੱਖ ਤੇ ਖੇਚਲ ਦਿੰਦਾ ਰਿਹਾ ਹਾਂ ।

ਗੁਰੂ ਅਮਰਦਾਸ ਜੀ ਗਦ ਗਦ ਹੋ ਗਏ ਅਤੇ ਸਾਰੀ ਸੰਗਤ ਦੇ ਸਾਹਮਣੇ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਨੂੰ ਆਪ ਮੱਥਾ ਟੇਕ ਦਿਤਾ ਅਤੇ ਉਹਨਾਂ ਨੂੰ ਗੁਰੂ ਘਰ ਦੀ ਮਰਯਾਦਾ ਮੁਤਾਬਕ ਆਪਣੇ ਤੋਂ ਅਗੇ ਗੁਰਗੱਦੀ ਦਾ ਮਾਲਕ ਥਾਪ ਦਿਤਾ ।

ਸਭ ਸੰਗਤ ਨੂੰ ਵੀ ਗੁਰੂ ਰਾਮਦਾਸ ਜੀ ਅਗੇ ਸਿਰ ਨਿਵਾਣ ਦੀ ਹਦਾਇਤ ਕਰ ਦਿਤੀ। ਬਾਬਾ ਮੋਹਨ ਜੀ ਤੇ ਮੋਹਰੀ ਜੀ ਉਥੇ ਮੌਜੂਦ ਸਨ। ਬਾਬਾ ਮੋਹਰੀ ਜੀ ਨੇ ਪਿਤਾ ਗੁਰੂ ਜੀ ਦਾ ਹੁਕਮ ਮੰਨ ਕੇ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕ ਦਿਤਾ।

ਗੁਰੂ ਦਾ ਹੁਕਮ ਮੰਨਣ ਤੇ ਸੇਵਾ ਕਰਨ ਦਾ ਅਸਲ ਗੁਰਸਿੱਖੀ ਢੰਗ ਗੁਰੂ ਰਾਮਦਾਸ ਜੀ ਨੇ ਆਪਣੇ ਜੀਵਨ ਦੀ ਇਸ ਮਹਾਨ ਘਟਨਾ ਨਾਲ ਸਭ ਨੂੰ ਸਿਖਾ ਦਿਤਾ। ਸਿੱਖੀ ਦੀ ਪ੍ਰਾਪਤੀਲਈ ਗੁਰੂ ਦੇ ਹੁਕਮ ਨੂੰ ਪੂਰੀ ਤਰ੍ਹਾਂ ਸਤਿ ਸਤਿ ਕਰਕੇ ਮੰਨਣ ਦੀ ਲੋੜ ਹੈ। ਮਨ ਦੀ ਮੱਤ ਨਾਲ ਰਲਾ ਕੇ ਹੁਕਮ ਮੰਨਣਾ ਸਿੱਖੀ ਨਹੀਂ।

**(ਜ) ਗੁਰੂ ਅਮਰਦਾਸ ਜੀ ਦਾ ਜੋਤੀ ਜੋਤਿ ਸਮਾਉਣਾ :**

1 ਸਤੰਬਰ 1574 ਮੁਤਾਬਕ ਭਾਦਰੋਂ ਸੁਦੀ 15, ਸੰਮਤ 1631, ਅਥਵਾ 1 ਅਸੂ, ਸੰਮਤ 1631 ਨੂੰ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਏ ਸਨ।

ਗੁਰੂ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣੇ ਪਰਵਾਰ ਦੇ ਸਭ ਜੀਆਂ ਅਤੇ ਸੰਗਤਾਂ ਨੂੰ ਇਕਠਾ ਅਤੇ ਇਸ ਸਮੇਂ ਕੁਛ ਵਿਸ਼ੇਸ਼ ਉਪਦੇਸ਼ ਦਿਤਾ। ਇਹਨਾਂ ਉਪਦੇਸ਼ਾਂ ਨੂੰ ਉਹਨਾਂ ਦੇ ਪੜੋਤਰੇ ਸੁੰਦਰ ਜੀ ਨੇ ਰਾਮਕਲੀ ਰਾਗ ਵਿਚ " ਸੱਦੁ " ਦੇ ਹੈਡਿੰਗ ਹੇਠ ਛੇ ਪਾਉੜੀਆਂ ਦੀ ਇਕ ਰਚਨਾ ਦੁਆਰਾ ਬਹੁਤ ਸੁਹਣੇ ਲਫਜ਼ਾਂ ਵਿਚ ਬਿਆਨ ਕੀਤਾ ਹੈ। ਬਾਬਾ ਸੁੰਦਰ ਜੀ ਬਾਬਾ ਅਨੰਦ ਜੀ ਦੇ ਸਪੁਤਰ ਅਤੇ ਬਾਬਾ ਮੋਹਰੀ ਜੀ ਦੇ ਪੋਤਰੇ ਸਨ। ਛੇ ਪਉੜੀਆਂ ਦੀ ਇਹ ਬਾਣੀ ਗੁਰੂ ਗਰੰਥ ਸਾਹਿਬ ਦੇ ਅੰਕ 923 ਤੇ 924 ਉਤੇ ਦਰਜ ਹੈ। ਯਥਾ :

ੴ ਸਤਿਗੁਰ ਪ੍ਰਸਾਦਿ

ਰਾਮਕਲੀ ਸਦੁ

ਜਗਿ ਦਾਤਾ ਸੋਇ, ਭਗਤਿ ਵਛਲੁ ਤਿਹੁ ਲੋਇ ਜੀਉ।
ਗੁਰ ਸਬਦਿ ਸਮਾਵਏ, ਅਵਰੁ ਨ ਜਾਣੈ ਕੋਇ ਜੀਉ॥
ਅਵਰੋ ਨ ਜਾਣਹਿ ਸਬਦਿ ਗੁਰ ਕੈ, ਏਕੁ ਨਾਮੁ ਧਿਆਵਹੇ।
ਪਰਸਾਦਿ ਨਾਨਕ ਗੁਰੂ ਅੰਗਦ, ਪਰਮ ਪਦਵੀ ਪਾਵਹੇ॥
ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮ ਸਮਾਇਆ।
ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ॥੧॥
ਹਰਿ ਭਾਣਾ ਗੁਰ ਭਾਇਆ, ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥
ਸਤਿਗੁਰ ਕਰੇ ਹਰਿ ਪਹਿ ਬੇਨਤੀ, ਮੇਰੀ ਪੈਜ ਰਖਹੁ ਅਰਦਾਸਿ ਜੀਉ॥
ਪੈਜ ਰਾਖਹੁ ਹਰਿ ਜਨਹ ਕੇਰੀ, ਹਰਿ ਦੇਹੁ ਨਾਮੁ ਨਿਰੰਜਨੋ॥
ਅੰਤਿ ਚਲਦਿਆਂ ਹੋਇ ਬੇਲੀ, ਜਮਦੂਤ ਕਾਲੁ ਨਿਖੰਜਨੋ॥
ਸਤਿਗੁਰੂ ਕੀ ਬੇਨਤੀ ਪਾਈ, ਹਰਿ ਪ੍ਰਭਿ ਸੁਣੀ ਅਰਦਾਸਿ ਜੀਉ॥
ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ, ਧਨੁ ਧਨੁ ਕਹੈਸਾਬਾਸਿਜੀਉ।੨।

ਮੇਰੇ ਸਿਖ ਸੁਣਹੁ ਪੁਤ ਭਾਈਹੋ, ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ ॥
ਹਰਿ ਭਾਣਾ ਗੁਰ ਭਾਇਆ, ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ ॥
ਭਗਤੁ ਸਤਿਗੁਰੁ ਪੁਰਖੁ ਸੋਈ, ਜਿਸੁ ਹਰਿ ਪ੍ਰਭ ਭਾਣਾ ਭਾਵਏ ॥
ਆਨੰਦ ਅਨਹਦ ਵਜਹਿ ਵਾਜੇ, ਹਰਿ ਆਪਿ ਗਲਿ ਮੇਲਾਵਏ ॥
ਤੁਸੀ ਪੁਤ ਭਾਈ ਪਰਵਾਰੁ ਮੇਰਾ, ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ, ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ।੩।
ਸਤਿਗੁਰਿ ਭਾਣੈ ਆਪਣੈ, ਬਹਿ ਪਰਵਾਰੁ ਸਦਾਇਆ ॥
ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨ ਭਾਇਆ ॥
ਮਿਤੁ ਪੈਝੈ ਮਿਤੁ ਬਿਗਸੈ, ਜਿਸੁ ਮਿਤ ਕੀ ਪੈਜ ਭਾਵਏ ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ, ਹਰਿ ਸਤਿਗੁਰੂ ਪੈਨਾਵਏ ॥
ਸਤਿਗੁਰੂ ਪਰਤਖਿ ਹੋਦੈ, ਬਹਿ ਰਾਜੁ ਆਪਿ ਟਿਕਾਇਆ ॥
ਸਭ ਸਿਖ ਬੰਧਪ ਪੁਤ ਭਾਈ, ਰਾਮਦਾਸ ਪੈਰੀ ਪਾਇਆ ॥੪॥
ਅੰਤੇ ਸਤਿਗੁਰੁ ਬੋਲਿਆ, ਮੈ ਪਿਛੈ ਕੀਰਤਨ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ, ਹਰਿ ਹਰਿ ਕਥਾ ਪੜਹਿ, ਪੁਰਾਣੁ ਜੀਉ ॥
ਹਰਿ ਕਥਾ ਪੜੀਐ, ਹਰਿਨਾਮੁ ਸੁਣੀਐ, ਬੇਬਾਣੁ ਹਰਿ ਰੰਗੁ ਗੁਰ ਭਾਵਏ ।
ਪਿੰਡੁ ਪਤਲਿ ਕਿਰਿਆ ਦੀਵਾ ਫੁਲ, ਹਰਿ ਸਰਿ ਪਾਵਏ ॥
ਹਰਿ ਭਾਇਆ ਸਤਿਗੁਰੁ ਬੋਲਿਆ, ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥
ਸਤਿਗੁਰੁ ਪੁਰਖੁ ਜਿ ਬੋਲਿਆ, ਗੁਰਸਿਖਾ ਮੰਨਿ ਲਈ ਰਜਾਇ ਜੀਉ ॥
ਮੋਹਰੀ ਪੁਤੁ ਸਨਮੁਖੁ ਹੋਇਆ, ਰਾਮਦਾਸੈ ਪੈਰੀ ਪਾਇ ਜੀਉ ॥
ਸਭ ਪਵੈ ਪੈਰੀ ਸਤਿਗੁਰੂ ਕੇਰੀ, ਜਿਥੈ ਗੁਰੂ ਆਪਿ ਰਖਿਆ ॥
ਕੋਈ ਕਰਿ ਬਖੀਲੀ ਨਿਵੈ ਨਾਹੀ, ਫਿਰਿ ਸਤਿਗੁਰੂ ਆਣਿ ਨਿਵਾਇਆ ॥
ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ ॥
ਕਹੈ ਸੁੰਦਰੁ ਸੁਣਹੁ ਸੰਤਹੁ, ਸਭੁ ਜਗਤੁ ਪੈਰੀ ਪਾਇ ਜੀਉ ॥੬॥

ਭਾਵ, ਪਰਮੇਸ਼ਰ ਸਭ ਜੀਵਾਂ ਨੂੰ ਦਾਤਾ ਦੇਣ ਵਾਲਾ ਤੇ ਭਗਤਾਂ ਨੂੰ ਪਿਆਰ ਕਰਨ ਵਾਲਾ ਹੈ । ਗੁਰੂ ਅਮਰਦਾਸ ਜੀ ਸਤਿਗੁਰੂ ਦੇ ਉਪਦੇਸ਼ ਰਾਹੀ ਸਦਾ ਹੀ ਅਜਿਹੇ ਪਰਮੇਸ਼ਰ ਦੇ ਪਿਆਰ ਵਿਚ ਲੀਨ ਰਹੇ । ਉਹ ਅਸਲ ਵਿਚ ਪਰਮੇਸ਼ਰ ਤੋਂ ਛੁਟ ਹੋਰ ਕਿਸੇ ਨਾਲ ਸਾਂਝ ਹੀ ਨਹੀਂ ਸਨ ਰਖਦੇ । ਗੁਰੂ ਦੇ ਉਪਦੇਸ਼ ਕਾਰਨ ਗੁਰੂ ਅਮਰਦਾਸ ਜੀ ਪਰਮੇਸ਼ਰ ਤੁਲ ਹੋਰ ਕਿਸੇ ਨੂੰ ਨਹੀਂ ਮੰਨਦੇ ਸਨ ਤੇ ਕੇਵਲ ਉਸੇ ਪਰਮੇਸ਼ਰ ਦੇ ਪਿਆਰ ਤੇ ਨਾਮ ਵਿਚ ਲਿਵ ਜੋੜੀ ਰਖਦੇ ਸਨ । ਉਹ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੀ ਕਿਰਪਾ ਨਾਲ ਉੱਚੀ ਆਤਮਕ ਅਵਸਥਾ ਨੂੰ ਪ੍ਰਾਪਤ ਹੋਏ ਸਨ । ਗੁਰੂ ਅਮਰਦਾਸ ਸਦਾ ਪ੍ਰਭੂ ਦੇ ਪਿਆਰ ਵਿਚ ਜੁੜੇ ਰਹਿੰਦੇ ਸਨ ਅਤੇ ਉਹਨਾਂ ਨੇ ਸੰਸਾਰ ਵਿਚ ਰਹਿੰਦਿਆਂ

ਅਮਰ, ਅਟਲ, ਤੇ ਅਤੋਲ ਪ੍ਰਭੂ ਨੂੰ ਭਗਤੀ ਰਾਹੀਂ ਪ੍ਰਾਪਤ ਕਰ ਰਖਿਆ ਸੀ । ਆਪ ਨੂੰ ਪ੍ਰਭੂ ਵਲੋਂ ਚਲਣ ਦਾ ਸੱਦਾ ਆ ਗਿਆ ।

ਪ੍ਰਭੂ ਦੀ ਰਜ਼ਾ ਗੁਰੂ ਅਮਰਦਾਸ ਜੀ ਨੂੰ ਪਿਆਰੀ ਲਗੀ ਤੇ ਆਪ ਚਲਣ ਲਈ ਤਿਆਰ ਹੋ ਗਏ । ਗੁਰੂ ਅਮਰਦਾਸ ਜੀ ਨੇ ਪ੍ਰਮੇਸ਼ਰ ਅਗੇ ਅਰਦਾਸ ਕੀਤੀ ਕਿ ਉਹ ਉਹਨਾਂ ਦੀ ਲਾਜ ਰਖੇ ਤੇ ਮਾਇਆ ਤੋਂ ਨਿਰਮੋਹ ਕਰਨ ਵਾਲਾ ਆਪਣਾ ਨਾਮ ਬਖਸ਼ੇ । ਪ੍ਰਮੇਸ਼ਰ ਦਾ ਪਿਆਰ ਜਾਂ ਨਾਮ ਜਮਦੂਤਾਂ ਅਤੇ ਕਾਲ ਨੂੰ ਨਾਸ ਕਰਦਾ ਤੇ ਅੰਤ ਸਮੇਂ ਮਨੁਖ ਦਾ ਸੱਚਾ ਸਾਥੀ ਬਣਦਾ ਹੈ । ਪ੍ਰਭੂ ਨੇ ਮਿਹਰ ਕਰਕੇ ਉਹਨਾਂ ਨੂੰ ਆਪਣੇ ਪਿਆਰ ਵਿਚ ਜੋੜ ਲਿਆ ਅਤੇ ਉਹਨਾਂ ਦੀ ਕਰਨੀ ਦੀ ਸ਼ਲਾਘਾ ਕੀਤੀ ।

ਗੁਰੂ ਅਮਰਦਾਸ ਜੀ ਨੇ ਸਭ ਸਿੱਖ ਸੰਗਤਾਂ ਤੇ ਪੁਤਰਾਂ ਆਦਿਕ ਨੂੰ ਦਸਿਆ ਕਿ ਪ੍ਰਮੇਸ਼ਰ ਆਪਣੀ ਰਜ਼ਾ ਅਨੁਸਾਰ ਮੈਨੂੰ ਆਪਣੇ ਕੋਲ ਬੁਲਾ ਰਿਹਾ ਹੈ ਤੇ ਉਸਦੀ ਰਜ਼ਾ ਮੈਨੂੰ ਮਿੱਠੀ ਲਗ ਰਹੀ ਹੈ । ਗੁਰੂ ਅਮਰਦਾਸ ਜੀ ਨੇ ਸਭ ਨੂੰ ਸਮਝਾਇਆ, ਕਿ ਕੇਵਲ ਉਹੋ ਮਨੁਖ ਸੱਚਾ ਭਗਤ ਤੇ ਪ੍ਰਭੂ ਨੂੰ ਜਾਣਨ ਵਾਲਾ ਸਮਝਿਆ, ਜਾ ਸਕਦਾ ਹੈ ਜੋ ਉਸਦੇ ਭਾਣੇ ਨੂੰ ਮਿਠਾ ਕਰਕੇ ਮੰਨਦਾ ਹੋਵੇ । ਅਜਿਹੇ ਮਨੁਖ ਦੇ ਮਨ ਅੰਦਰ ਸੱਚਾ ਤੇ ਸਦਾ ਰਹਿਣ ਵਾਲਾ ਅਨੰਦ ਪੈਦਾ ਹੋ ਜਾਂਦਾ ਹੈ ਤੇ ਪ੍ਰਭੂ ਉਸਨੂੰ ਕਬੂਲ ਕਰਦਾ ਹੈ । ਗੁਰੂ ਜੀ ਨੇ ਸਭ ਨੂੰ ਸਮਝਾਉਂਦਿਆ ਕਿਹਾ, ਸਭ ਨੂੰ ਇਹ ਹਕੀਕਤ ਵੀ ਮਨ ਵਿਚ ਸਮਝ ਲੈਣੀ ਚਾਹੀਦੀ ਹੈ, ਕਿ ਪ੍ਰਭੂ ਦਾ ਹੁਕਮ ਟਾਲਿਆ ਜਾਂ ਉਲਟਾਇਆਂ ਨਹੀਂ ਜਾ ਸਕਦਾ ।

ਗੁਰੂ ਅਮਰਦਾਸ ਜੀ ਨੇ ਪਰਵਾਰ ਦੇ ਸਭ ਜੀਆਂ ਨੂੰ ਆਪਣੇ ਕੋਲ ਬੁਲਵਾ ਕੇ ਇਹ ਸਿਖਿਆ ਦਿਤੀ—— ' ਮੇਰੇ ਦੇਹਾਂਤ ਮਗਰੋਂ ਕਿਸੇ ਨੇ ਵਿਯੋਗ ਵਿਚ ਰੋਣਾ ਉਕਾ ਨਹੀਂ ਕਿਉਂਕਿ ਮੈਨੂੰ ਅਜਿਹੇ ਰੋਣ ਵਾਲੇ ਬੰਦੇ ਚੰਗੇ ਨਹੀਂ ਲਗਦੇ । ਸੱਚੇ ਮਿਤਰ ਦੇ ਮਨ ਵਿਚ ਆਪਣੇ ਮਿਤਰ ਨੂੰ ਆਦਰ ਤੇ ਵਡਿਆਈ ਮਿਲਦੀ ਦੇਖ ਕੇ ਖੁਸ਼ੀ ਹੁੰਦੀ ਹੈ, ਇਸ ਲਈ ਮੈਨੂੰ ਇਸ ਸਮੇਂ ਅਕਾਲ ਪੁਰਖ ਵਲੋਂ ਆਦਰ ਤੇ ਪਿਆਰ ਮਿਲਣ ਤੇ ਤੁਹਾਨੂੰ ਸਭ ਨੂੰ ਖੁਸ਼ ਹੋਣਾ ਚਾਹੀਦਾ ਹੈ । ਇਸ ਉਪਦੇਸ਼ ਪਿਛੋਂ ਗੁਰੂ ਅਮਰਦਾਸ ਜੀ ਨੇ ਸਰੀਰ ਵਿਚ ਹੁੰਦਿਆਂ ਹੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਤੇ ਬੈਠਾ ਦਿਤਾ ਅਤੇ ਆਪਣੇ ਰਿਸ਼ਤੇਦਾਰਾਂ, ਸਬੰਧੀਆਂ ਤੇ ਸਿਖ ਸੰਗਤਾਂ ਨੂੰ ਗੁਰੂ ਰਾਮਦਾਸ ਜੀ ਅਗੇ ਸਿਰ ਨਿਵਾਣ ਦੀ ਆਗਿਆ ਕੀਤੀ ।

ਅੰਤ ਸਮੇਂ ਗੁਰੂ ਅਮਰਦਾਸ ਜੀ ਨੇ ਸਭ ਨੂੰ ਉਪਦੇਸ਼ ਦਿਤਾ—— ' ਮੇਰੇ ਦੇਹਾਂਤ ਪਿਛੋਂ ਤੁਸੀ ਕੇਵਲ ਪ੍ਰਭੂ ਦਾ ਨਿਰੋਲ ਜਸ-ਕੀਰਤਨ ਕਰਨਾ ਅਤੇ ਕੇਵਲ ਪ੍ਰਭੂ ਦਾ ਨਿਰੋਲ ਜਸ-ਕੀਰਤਨ ਕਰਨਾ ਅਤੇ ਕੇਵਲ ਪ੍ਰਭੂ ਦੀ ਜਾਣਕਾਰੀ ਰੱਖਣ ਵਾਲੇ ਵਿਦਵਾਨਾਂ ਨੂੰ ਬੁਲਾ ਕੇ ਉਹਨਾਂ ਪਾਸੋਂ ਸਿਰਫ ਪ੍ਰਭੂ-ਜਸ ਰੂਪੀ ਪੁਰਾਣ ਸੁਣਨਾ । ਸਭ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਮੇਰੇ ਦਿਹਾਂਤ ਪਿਛੋਂ ਆਪ ਸਭ ਨੂੰ ਜੱਸ ਦੀ ਕਥਾ ਪੜ੍ਹਨੀ ਚਾਹੀਦੀ ਹੈ ਤੇ ਪ੍ਰਭੂ ਦਾ ਨਾਮ ਹੀ ਸੁਣਨਾ ਚਾਹੀਦਾ ਹੈ । ਬਬਾਣ ਕੱਢਣ ਦੀ ਥਾਵੇਂ ਆਪਣੇ ਮਨ ਵਿਚ ਕੇਵਲ ਪ੍ਰਭੂ ਦਾ ਪਿਆਰ ਹੀ ਪੈਦਾ ਕਰਨਾ ਚਾਹੀਦਾ ਹੈ । ਪਿੰਡ, ਪਤਲਿ, ਕਿਰਿਆ, ਦੀਵਾ ਤੇ ਫੁਲ ਚੁਗ ਕੇ ਦਰਿਆ ' ਚ ਪਾਉਣਾ ਸਭ ਪੋਪ ਲੀਲਾਵਾਂ ਨਿਰਰਥਕ ਹਨ, ਇਹਨਾਂ ਕਰਮ ਕਾਂਡਾਂ ਦੀ ਥਾਵੇਂ ਮਨੁਖ ਨੂੰ ਸਤਿਸੰਗ ਰਾਹੀਂ ਆਪਣੇ ਆਤਮਕ ਜੀਵਨ ਦੀ ਉਸਾਰੀ

ਕਰਨੀ ਚਾਹੀਦੀ ਹੈ । ਗੁਰੂ ਅਮਰਦਾਸ ਜੀ ਤਾਂ ਪਿਆਰੇ ਪ੍ਰਭੂ ਨੂੰ ਮਿਲ ਪਏ ਅਤੇ ਆਪ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਅਤੇ ਗੁਰੂ ਦਾ ਸ਼ਬਦ ਬਖਸ਼ ਦਿਤਾ ।

ਸਭ ਗੁਰਸਿੱਖਾਂ ਨੇ ਗੁਰੂ ਅਮਰਦਾਸ ਜੀ ਦਾ ਹੁਕਮ ਮੰਨ ਲਿਆ । ਬਾਬਾ ਮੋਹਰੀ ਜੀ ਨੇ ਵੀ ਗੁਰੂ ਰਾਮਦਾਸ ਜੀ ਦੇ ਚਰਨੀਂ ਮੱਥਾ ਟੇਕ ਕੇ ਸਨਮੁਖਤਾ ਦਾ ਪ੍ਰਗਟਾਵਾ ਕੀਤਾ । ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਵਿਚ ਆਪਣੀ ਜੋਤਿ ਟਿਕਾ ਦਿਤੀ ਤੇ ਸਭ ਸੰਗਤ ਨੇ ਗੁਰੂ ਰਾਮਦਾਸ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਜੋ ਕੋਈ ਮਨੁਖ ਪਹਿਲਾਂ ਗੁਰੂ ਸਾਹਿਬ ਅਗੇ ਨਿਵ ਨਹੀਂ ਰਿਹਾ ਸੀ, ਉਸਨੂੰ ਵੀ ਗੁਰੂ ਅਮਰਦਾਸ ਜੀ ਨੇ ਲਿਆ ਕੇ ਗੁਰੂ ਰਾਮਦਾਸ ਜੀ ਦੇ ਪੈਰੀਂ ਪਾ ਦਿਤਾ । ਸੁੰਦਰ ਜੀ ਕਹਿੰਦੇ ਹਨ ਕਿ ਪ੍ਰਮੇਸ਼ਰ ਅਤੇ ਗੁਰੂ ਅਮਰਦਾਸ ਜੀ ਦੀ ਖੁਸ਼ੀ ਇਸੇ ਵਿਚ ਸੀ ਕਿ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੀ ਵਡਿਆਈ ਮਿਲੇ ਤੇ ਇਸ ਤਰ੍ਹਾਂ ਸਾਰਾ ਸਿਖ ਜਗਤ ਗੁਰੂ ਰਾਮਦਾਸ ਜੀ ਦੇ ਪੈਰੀਂ ਪੈ ਗਿਆ।

ਗੁਰੂ ਅਮਰਦਾਸ ਜੀ ਦਾ ਸੱਪਸ਼ਟ ਉਪਦੇਸ਼ ਤਾਂ ਇਹੋ ਸੀ ਕਿ ਮਿਰਤਕ ਪਿਛੋਂ ਕਿਰਿਆ ਕਰਨੀ ਤੇ ਰੋਣਾ ਪਿਟਣਾ ਯੋਗ ਨਹੀਂ । ਦੀਵੇ-ਵੱਟੀ ਦੇ ਕਰਮ-ਕਾਂਡ ਦੀ ਥਾਂ ਨਾਮ ਦਾ ਆਸਰਾ ਲੈਣਾ ਚਾਹੀਦਾ ਹੈ । ਸਰੀਰ ਦੇ ਸੰਸਕਾਰ ਪਿਛੋਂ ਬਚੀਆਂ ਅਸਥੀਆਂ ਹਰਦੁਆਰ ਆਦਿਕ ਲੈ ਜਾਣਾ ਮਨਮਤ ਹੈ । ਵਡਾ ਕਰਨਾ ਜਾਂ ਬਬਾਨ ਕਢਣਾ ਵੀ ਗੁਰਮਤ ਤੋਂ ਥਿੜਕਣ ਵਾਲੀ ਗਲ ਹੈ । ਸਭ ਤੋਂ ਉਤਮ ਰਸਮ ਸੰਗਤ ਇਕਤਰ ਕਰਕੇ ਕੀਰਤਨ ਕਰਨਾ ਤੇ ਨਾਮ ਸਿਮਰਨ ਕਰਨਾ ਹੈ ।

ਮੌਜੂਦਾ ਦੌਰ ਵਿਚ ਮਿਰਤਕ ਸੰਸਕਾਰ ਸਬੰਧੀ ਕਈ ਗਲਤ ਰਹੁ-ਰੀਤਾਂ ਸਿਖਾਂ ਵਿਚ ਦਾਖਲ ਹੋ ਗਈਆਂ ਹਨ । ਮਨਮਤ ਤੋਂ ਬਚੱਣ ਤੇ ਗੁਰਮਤ ਨੂੰ ਅਪਨਾਉਣ ਲਈ ਇਸ ਵਿਸ਼ੇ ਪਰਥਾਏ ਹੇਠਾਂ ਲਿਖੀ ਟਿਪਣੀ ਤੇ ਜ਼ਰੂਰ ਵਿਚਾਰ ਕਰ ਲੈਣਾ ਚਾਹੀਦਾ ਹੈ ।

ਗੁਰਬਾਣੀ ਦੇ ਆਧਾਰ ਤੇ, ਗੁਰਸਿੱਖਾਂ ਦੁਆਰਾ ਲਿਖੀਆਂ ਰਹਿਤ ਮਰਯਾਦਾ ਸਬੰਧੀ ਲਿਖਤਾਂ ਦੇ ਆਧਾਰ ਤੇ, ਸ਼੍ਰੋਮਣੀ ਕਮੇਟੀ ਵਲੋਂ ਪ੍ਰਵਾਣਤ ਰਹਿਤ ਮਰਯਾਦਾ ਆਦਿਕਾਂ ਦੇ ਆਧਾਰ ਤੇ ਅਤੇ ਤਿਆਰ-ਬਰ-ਤਿਆਰ ਸਿੰਘਾ ਵਿਚ ਪਰਚਲਤ ਸੀਨੇ-ਬ-ਸੀਨੇ ਚਲੇ ਆਏ ਵਿਸ਼ਵਾਸਾਂ ਦੇ ਅਧਾਰ ਤੇ ਮਨੁਖਾ ਸਰੀਰ ਦੇ ਬਿਨਸਣ, ਉਸਨੂੰ ਸੰਭਾਲਣ ਅਤੇ ਮਨਮਤੀ ਰਸਮਾਂ ਨੂੰ ਤਿਆਗ ਕੇ ਗੁਰਮਤ ਵਿਧਾਨ ਅਪਨਾਉਣ ਬਾਰੇ ਆਤਮਕ, ਧਾਰਮਕ, ਸਮਾਜਕ ਅਤੇ ਭਾਈਚਾਰਕ ਸਿਧਾਂਤ ਅਤੇ ਸੰਕੇਤ ਕੁਝ ਇਸ ਪ੍ਰਕਾਰ ਹਨ :—

(1) ਪ੍ਰਭੂ ਹੁਕਮ ਅੰਦਰ ਪ੍ਰਭੂ ਵਲੋਂ ਮਿਲੀ ਉਮਰ ਦਾ ਸਮਾਂ ਬਤੀਤ ਹੋਣ ਤੇ ਪ੍ਰਾਣੀ ਦਾ ਦੇਹਾਂਤ ਹੋ ਜਾਣਾ ਲਾਜ਼ਮੀ ਹੈ । ਯਥਾ :

**'' ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥''**

(ਆਸਾ ਕੀ ਵਾਰ, ੪੭੨)

**'' ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ ॥ ''**

(ਸਲੋਕ, ਮ : ੯– ੧੪੨੯)

(2) ਹਰ ਪ੍ਰਾਣੀ ਨੂੰ ਆਪਣੇ ਕੀਤੀ ਮੰਦੇ ਜਾਂ ਚੰਗੇ ਕਰਮਾਂ ਦਾ ਫਲ ਉਸਦੇ ਜੀਵਨ ਵਿਚ ਕਮਾਏ ਵਿਉਹਾਰ ਦੇ ਆਧਾਰ ਤੇ ਹੀ ਮਿਲਣਾ ਹੈ । ਜੀਵ ਨਾਲ ਕੇਵਲ ਆਪਣੀ ਕਮਾਈ

ਹੀ ਨਿਭਣੀ ਹੈ। ਕਿਸੇ ਵਲੋਂ ਕੀਤੀ ਸਹਾਇਤਾ ਜਾਂ ਕਿਸੇ ਵਲੋਂ ਕਿਸੇ ਹੋਰ ਨਮਿਤ ਕੀਤਾ ਕਰਮ ਪ੍ਰਾਣੀ ਦਾ ਸਾਥ ਨਹੀਂ ਦੇ ਸਕਦਾ । ਯਥਾ :

**" ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।"** (ਜਪੁਜੀ-੮)

**" ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ।"** (ਬਾਰਹਾ ਮਾਹਾ_੧੩੪)

(3) ਦੇਸ਼ ਅਰ ਕਾਲ ਦੇ ਆਧਾਰ ਤੇ ਅੱਡ-ਅੱਡ ਭਾਈਚਾਰਿਆਂ ਵਿਚ ਮਰਨ ਉਪਰੰਤ ਮਿਰਤਕ ਸਰੀਰ ਨੂੰ ਅੱਡ-ਅੱਡ ਢੰਗਾਂ ਨਾਲ ਬਿਲੇ ਲਗਾਇਆ ਜਾਂਦਾ ਹੈ । ਦੇਹ ਨੂੰ ਜਲਾ ਦੇਣਾ, ਦੱਬ ਦੇਣਾ ਜਾ ਕੁਤਿਆਂ ਅਗੇ ਸੁੱਟ ਦੇਣਾ, ਜਾਂ ਨਦੀ ਵਿਚ ਪ੍ਰਵਾਹ ਕਰ ਦੇਣਾ, ਜਾਂ ਪਾਰਸੀਆਂ ਦੀ ਤਰ੍ਹਾਂ ਸੁਕੇ ਖੂਹ (ਹਸਣ) ਉਤੇ ਰੱਖ ਕੇ ਗਿਰਝਾ ਨੂੰ ਖੁਆ ਦੇਣਾ ਆਦਿਕ । ਹਿਦੂੰ, ਮੁਸਲਮਾਨ, ਈਸਾਈ ਪਾਰਸੀ ਆਦਿਕ ਅੱਡ ਅੱਡ ਮੱਤਾਂ ਵਿਚ ਇਹ ਅੱਡ ਅੱਡ ਵਿਹਾਰ ਦੇਖਿਆ ਜਾ ਸਕਦਾ ਹੈ । ਇਹਨਾਂ ਵੱਖ-ਵੱਖ ਤਰੀਕਿਆਂ ਨਾਲ ਮਰਨ ਵਾਲੇ ਦੀ ਆਤਮਾ ਨੂੰ ਕੋਈ ਲਾਭ ਜਾਂ ਨੁਕਸਾਨ ਨਹੀ ਹੁੰਦਾ । ਯਥਾ :

**ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥**
**ਨਾਨਕ ਏਵ ਨਾ ਜਾਪਈ ਕਿਥੈ ਜਾਇ ਸਮਾਹਿ ॥**

(ਸਲੋਕ, ਮ : ੩- ੬੪੮)

ਬਲਕਿ ਬਾਣੀ ਦੇ ਸਪਸ਼ਟ ਫੁਰਮਾਨ ਤਾਂ ਇਹ ਕਹਿੰਦੇ ਹਨ ਕਿ ਮਿਰਤਕ ਸਰੀਰ ਉਤੇ ਚੰਦਨ ਚੜ੍ਹਾਉਣ ਨਾਲ ਉਸਨੂੰ ਉਸਦਾ ਕੋਈ ਸੁਖਦਾਈ ਲਾਭ ਨਹੀਂ ਪੁਜਦਾ ਅਤੇ ਨਾ ਹੀ ਮਿਰਤਕ ਨੂੰ ਕੂੜੇ ਕਰਕਟ ਵਿਚ ਸੁੱਟ ਦੇਣ ਨਾਲ ਮਿਰਤਕ ਦੀ ਆਤਮਾ ਨੂੰ ਕੁਝ ਨੁਕਸਾਨ ਜਾਂ ਖੇਦ ਹੋ ਸਕਦਾ ਹੈ । ਦੇਸ਼ ਕਾਲ ਦੇ ਰਿਵਾਜ ਮੁਤਾਬਕ, ਸਫਾਈ ਨਿਯਮਾਂ ਨੂੰ ਮੁੱਖ ਰੱਖ ਕੇ ਜਾਂ ਮਿਰਤਕ ਦੇ ਰਿਸ਼ਤੇਦਾਰਾਂ ਦੇ ਜਜ਼ਬਾਤ ਅਨੁਸਾਰ ਹੀ ਮਿਰਤਕ ਸਰੀਰ ਨੂੰ ਬਿਲੇ ਲਾਇਆ ਜਾਂਦਾ ਹੈ । ਪਰ ਮਿਰਤਕ ਆਤਮਾ ਨੂੰ ਇਸ ਦਾ ਕੋਈ ਹਾਣ ਲਾਭ ਨਹੀਂ। ਯਥਾ :

**ਜੇ ਮਿਰਤਕ ਕਉ ਚੰਦਨ ਚੜਾਵੈ ॥**
**ਉਸਤੇ ਕਹਹੁ ਕਵਨ ਫਲ ਪਾਵੈ ॥**
**ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥**
**ਤਾਂ ਮਿਰਤਕ ਕਾ ਕਿਆ ਘਟਿ ਜਾਈ ॥**

(ਮ : ੫— ੧੧੬੦)

ਉਂਝ, ਸਫਾਈ ਦੇ ਨੁਕਤਾ-ਨਿਗਾਹ ਨਾਲ ਮਿਰਤਕ ਸਰੀਰ ਨੂੰ ਜਲਾ ਦੇਣਾ ਹੀ ਚੰਗਾ ਹੈ । ਕੁਝ ਦਬਾ ਕੇ ਮਿਰਤਕ ਨੂੰ ਬਿਲੇ ਲਾਉਣਾ ਚੰਗਾ ਸਮਝਦੇ ਹਨ, ਜਿਸ ਵਿਚ ਜਲਾਉਣ ਜਿਡੀ ਭਿਆਨਕਤਾ ਨਹੀ ਹੁੰਦੀ, ਪਰ ਇਸ ਵਿਚ ਬੜੀ ਭਾਰੀ ਮਿਕਦਾਰ ਵਿਚ ਧਰਤੀ ਨੂੰ ਅਜਾਈ ਗੁਆਉਣਾ ਪੈਂਦਾ ਹੈ । ਸੋ ਜਲਾ ਦੇਣਾ ਸ੍ਰੇਸ਼ਟ ਵਿਧਾਨ ਹੈ ।

(4) ਸਿੱਖ ਮੱਤ ਅਨੁਸਾਰ ਮਰਨ ਵੇਲੇ ਪ੍ਰਾਣੀ ਨੂੰ ਮੰਜੇ ਉਤੋਂ ਭੁੰਜੇ ਲਾਹੁਣਾ ਅਯੋਗ ਹੈ ਅਰ ਇਹ ਹਿੰਦੂ ਮੱਤ ਦੀ ਨਕਲ ਹੋਣ ਕਾਰਨ ਸਵੀਕਾਰ ਕਰਨੀ ਯੋਗ ਨਹੀਂ ਤਾਂ ਤੇ ਪ੍ਰਾਣੀ ਦੀ ਦੇਹ ਨੂੰ ਮੰਜੇ ਉਤੇ ਹੀ ਰਹਿਣ ਦੇਣਾ ਚਾਹੀਏ ।

(5) ਮਿਰਤਕ ਸਰੀਰ ਨੂੰ ਇਸ਼ਨਾਨ ਕਰਾਕੇ ਦਸਤਾਰ ਅਤੇ ਕਕਾਰਾਂ ਸਹਿਤ ਸਾਫ਼ ਸੁਥਰੇ ਸਾਧਾਰਨ ਕਪੜੇ ਨਾਲ ਪੂਰੀ ਤਰ੍ਹਾਂ ਢਕ ਦੇਣਾ ਚਾਹੀਦਾ ਹੈ । ਕੋਈ ਐਸਾ ਕੀਮਤੀ ਕਪੜਾ ਮਿਰਤਕ ਉਤੇ ਨਹੀਂ ਪਾਉਣਾ ਚਾਹੀਦਾ, ਜੋ ਸੰਸਕਾਰ ਵੇਲੇ ਉਸ ਤੋਂ ਉਤਾਰਿਆ ਜਾਵੇ । ਉਤੋਂ ਕਪੜਾ ਉਤਾਰ ਕੇ ਸੰਸਕਾਰ ਤੋਂ ਪਹਿਲਾਂ ਮਿਰਤਕ ਨਮਿਤ ਦਾਨ ਦੇਣਾ ਵੀ ਪੋਪ ਲੀਲਾ ਅਰ ਹਿੰਦੂ ਰੀਤੀ ਦੀ ਨਕਲ ਹੈ, ਜੋ ਫੌਰੀ ਤੌਰ ਤੇ ਤਿਆਗ ਦੇਣੀ ਚਾਹੀਦੀ ਹੈ । ਜਦ ਤਕ ਸਬੰਧੀ ਇਕਤਰ ਕਰਨੇ ਹਨ, ਉਤਨੀ ਦੇਰ ਘਰ ਵਿਚ ਸਭ ਸਬੰਧੀਆਂ ਦੇ ਮਨ ਨੂੰ ਧੀਰਜ ਦੇਣ ਲਈ ਕੇਵਲ ਬਾਣੀ ਦਾ ਪਾਠ ਹੀ ਹੋਣਾ ਚਾਹੀਦਾ ਹੈ, ਰੋਣਾ ਪਿਟਣਾ ਯੋਗ ਨਹੀਂ । ਰੋਣ ਪਿਟਣ ਬਾਰੇ ਗੁਰਬਾਣੀ ਸਿਧਾਂਤ ਇਹ ਹੈ :

**ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥**
**ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥**

(ਵਡਹਸੁ ਮ : ੧ — ੫੭੯)

(6) ਮਿਰਤਕ ਸਰੀਰ ਨੂੰ ਸ਼ਮਸ਼ਾਨ ਭੂਮੀ ਵੱਲ ਲਿਜਾਣ ਸਮੇਂ ਅਕਾਲ ਪੁਰਖੁ ਅਗੇ ਸੰਗਤ ਨਾਲ ਮਿਲਕੇ ਅਰਦਾਸ ਕੀਤੀ ਜਾਣੀ ਚਾਹੀਦੀ ਹੈ ਅਤੇ ਫੇਰ ਸੰਗਤ ਅਤੇ ਰਿਸ਼ਤੇਦਾਰ ਸਬੰਧੀ ਬਾਣੀ ਦੇ ਸ਼ਬਦ ਪੜ੍ਹਦਿਆਂ ਮਿਰਤਕ ਦੀ ਦੇਹ ਨੂੰ ਸ਼ਮਸ਼ਾਨ ਭੂਮੀ ਵੱਲ ਲੈ ਜਾਣ । ਸ਼ਮਸ਼ਾਨ ਭੂਮੀ ਵਿਚ ਪੁਜਕੇ ਮਿਰਤਕ ਸਰੀਰ ਚਿਖਾ ਤੇ ਰੱਖ ਕੇ ਅਰਦਾਸਾ ਸੋਧ ਕੇ ਨਿਕਟੀ ਅਥਵਾ ਸਬੰਧੀ ਲਾਂਬੂ ਲਾਵੇ । ਸੋਹਿਲਾ ਦਾ ਪਾਠ ਅਰ ਅੰਤਿਮ ਅਰਦਾਸਾ ਕਰਕੇ ਸਭ ਵਾਪਸ ਆ ਜਾਣ ।

(7) ਵਾਪਸ ਪੁਜਕੇ ਘਰ ਵਿਚ ਹੀ ਗੁਰੂ ਗਰੰਥ ਸਾਹਿਬ ਦਾ ਪਾਠ ਆਰੰਭਿਆ ਜਾਵੇ, ਜੋ ਸਬੰਧੀ ਰਿਸ਼ਤੇਦਾਰ ਸਭ ਮਿਲਕੇ ਕਰਨ ਜਾਂ ਸੁਣਨ । ਧਿਆਨ ਰਹੇ ਇਹ ਪਾਠ ਮਿਰਤਕ ਦੇ ਨਮਿਤ ਨਹੀਂ, ਇਹ ਕੇਵਲ ਰਿਸ਼ਤੇਦਾਰਾਂ ਸਬੰਧੀਆਂ ਦੇ ਮਨਾਂ ਵਿਚ ਗੁਰਬਾਣੀ ਦੀਆਂ ਅਟੱਲ ਸਚਾਈਆਂ ਦੁਹਰਾ ਕੇ ਉਹਨਾਂ ਦੇ ਮਨਾਂ ਨੂੰ ਧੀਰਜ ਦੇਣ ਲਈ ਹੁੰਦਾ ਹੈ । ਇਹ ਤਰੀਕਾ ਨਿਰੀ ਮਨਮਤ ਹੈ ਕਿ ਇਕ ਕਮਰੇ ਵਿਚ ਪਾਠ ਰਖਾ ਦਿਤਾ, ਤੇ ਮੁੱਖ ਉਤੇ ਭਾਈ ਸਾਹਿਬ ਪਾਠ ਕਰਦੇ ਰਹੇ, ਅਤੇ ਬਾਹਰ ਵਿਹੜੇ ਵਿਚ ਜਾਂ ਦੂਜੇ ਕਮਰੇ ਵਿਚ ਰੋਣ ਧੋਣ ਹੁੰਦਾ ਰਿਹਾ । ਰੋਣਾ-ਧੋਣਾ ਇਕ ਤਾਂ ਰੱਬ ਦੇ ਭਾਣੇ ਦੇ ਉਲਟ ਚੱਲਣ ਵਾਲੀ ਗੱਲ ਹੈ, ਅਤੇ ਦੂਜੇ ਇਹ ਲੋਕ-ਵਿਖਾਵਾ ਭੀ ਹੈ । ਇਹ ਜਾਂ ਮਨਮਤ ਹੈ, ਜਾਂ ਅਨਮਤ, ਗੁਰਮਤ ਕਿਵੇਂ ਭੀ ਨਹੀਂ । ਬਾਣੀ ਦਾ ਪਾਠ, ਕੀਰਤਨ ਜਾਂ ਵਿਚਾਰ ਇਹਨਾਂ ਵਿਚ ਸ਼ਾਮਲ ਹੋਣਾ ਹੀ ਸਭ ਦਾ

ਫਰਜ਼ ਹੈ, ਜੋ ਮਨਾਂ ਨੂੰ ਧੀਰਜ ਦੇਣ ਦੇ ਨਾਲ ਨਾਲ ਸਾਨੂੰ ਆਪਣੀ ਜ਼ਿੰਦਗੀ ਨੂੰ ਗੁਰਮਤ ਸੇਧਾਂ ਦੇਣ ਦੀ ਸਮਰਥਾ ਰੱਖਦੀ ਹੈ ।

(8) ਚਾਰ, ਪੰਜ ਜਾਂ ਦਸ ਦਿਨਾਂ ਤਕ ਜਾਂ ਵੱਧ ਘੱਟ ਜਿਤਨੇ ਦਿਨ ਯੋਗ ਸਮਝੇ ਜਾਣ ਤਕ, ਪਾਠ ਹੋਣ ਉਪਰੰਤ ਭੋਗ ਪਾ ਕੇ ਅਰਦਾਸਾ ਅਰ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਦੇਣੀ ਚਾਹੀਦੀ ਹੈ ।

(9) ਅਨਮਤਾਂ ਦੀ ਨਕਲ ਉਤੇ ਅਰ ਲੋਕ-ਦਿਖਾਵੇ ਦੀ ਘਟੀਆ ਰੁਚੀ ਨੂੰ ਮੁਖ ਰੱਖ ਕੇ ਕਈ ਗੁਰਮਤੁ ਵਿਰੋਧੀ ਰਸਮਾਂ ਅਤੇ ਰਿਵਾਜ ਸਿੱਖਾਂ ਵਿਚ ਪ੍ਰਚਲਤ ਹੋ ਰਹੇ ਹਨ, ਜੋ ਸਿੱਖ ਪ੍ਰਚਾਰਕਾਂ. ਤੇ ਲਿਖਾਰੀਆਂ ਨੂੰ ਫੌਰੀ ਤੌਰ ਤੇ ਰੋਕਣੇ ਚਾਹੀਦੇ ਹਨ । ਹਿੰਦੂ ਰੀਤਾਂ ਵਿਚੋਂ ਕਈ ਤਾਂ ਸਾਡਾ ਖਹਿੜਾ ਛੱਡ ਚੁਕੀਆਂ ਹਨ ਤੇ ਕਈ ਅਜੇ ਤਕ ਚੰਬੜੀਆਂ ਪਈਆਂ ਹਨ। ਤੁਲਾਦਾਨ, ਗਊ ਮਣਸਣੀ ਅਤੇ ਦੀਵਾ ਵੱਟੀ ਕਰਨਾ ਸਭ ਬ੍ਰਹਿਮਣੀ ਰਸਮਾਂ ਹਨ, ਅਰ ਤਿਆਗਣ ਯੋਗ ਹਨ । ਪ੍ਰਾਣੀ ਦੀ ਦੇਹ ਤਿਆਗਣ ਉਤੇ ਉਚੇਚੀ ਢਾਹ ਮਾਰਨੀ, ਪਿਟਣਾ ਅਤੇ ਮਰ ਰਹੇ ਪ੍ਰਾਣੀ ਨੂੰ ਮੰਜੇ ਤੋਂ ਲਾਹੁਣਾ ਸਿਵਾਇ ਮੂਰਖਤਾ ਦੇ ਹੋਰ ਕੁਝ ਨਹੀਂ । ਮੰਜੇ ਤੋਂ ਤਾਂ ਤਦ ਤਕ ਨਹੀਂ ਲਾਹੁਣਾ ਚਾਹੀਦਾ, ਜਦ ਤਕ ਸਸਕਾਰ ਲਈ ਤਿਆਰ ਨ ਹੋ ਜਾਇਆ ਜਾਏ । ਫੂਹੜੀ, ਅਧ ਮਾਰਗ, ਪਿੰਡ, ਕਿਰਿਆ, ਸਰਾਧ ਤੇ ਬੁਢਾ-ਮਰਨਾ ਮਨਾਉਣਾ ਸਭ ਕੁਢੰਗੀਆਂ ਚਾਲਾ ਹਨ । ਮਿਰਤਕ ਉਤੋਂ ਖਿਲਾਂ, ਬਾਦਾਮ, ਪਤਾਸੇ , ਨਾਰੀਅਲ ਆਦਿਕ ਸਿਟਣੇ ਘਿਰਣਤ ਅਰ ਨਿੰਦਤ ਕਰਮ ਸਮਝਣੇ ਚਾਹੀਦੇ ਹਨ । ਪੰਜ-ਰਤਨੀ ਮਿਰਤਕ ਦੇ ਮੂੰਹ ਵਿਚ ਪਉਣੀ ਅਤੇ ਕਪਾਲ ਕਿਰਿਆ ਸਭ ਬ੍ਰਹਿਮਣੀ ਪੋਪ ਲੀਲਾ ਹੈ । ਬਬਾਨ ਕਢਣੇ ਤੇ ਸਿੰਗਾਰ ਕਰਨੇ ਨਿਰੋਲ ਮਨਮਤ ਹੈ । ਰੋਣ ਪਿਟਣ ਅਤੇ ਸਿਆਪੇ ਬਾਰੇ ਤਾਂ ਗੁਰੂ ਅਰਜਨ ਪਾਤਸ਼ਾਹ ਦਾ ਸਪਸ਼ਟ ਹੁਕਮ ਪੇਸ਼ ਕਰ ਦੇਣਾ ਹੀ ਕਾਫੀ ਹੈ :

" ਜੋ ਕਛੁ ਕਰੈ ਸੋਈ ਸੁਖੁ ਮਾਨੁ ।। ਭੂਲਾ ਕਾਹੇ ਫਿਰਹਿ ਅਜਾਨ ।।
ਕਉਨ ਬਸਤੁ ਆਈ ਤੇਰੈ ਸੰਗ ।। ਲਪਟਿ ਰਹਿਓ ਰਸਿ ਲੋਭੀ ਪਤੰਗ ।।"

(ਗਾਉੜੀ, ਸੁਖਮਨੀ, ਮ : ੫ — ੨੮੩)

ਨੋਟ— ਦਰਅਸਲ ਹਰ ਇਲਾਕੇ ਵਿਚ ਮਿਰਤਕ ਦੇ ਸਰੀਰ ਨੂੰ ਕ਼ਿਲੇ ਲਾਉਣ ਦੇ ਕੰਮ ਨੂੰ ਸਿਰੇ ਚੜ੍ਹਾਉਣ ਲਈ ਕੁਝ ਲੋਕਲ ਬ੍ਰਹਿਮਣ ਜਾਂ ਆਚਾਰਜ ਜਾ ਕਈ ਹੋਰ ਕਿਸਮ ਦਾ ਪਦਾਰਥ ਅਵੱਸ਼ ਪਾਇਆ ਜਾਂਦਾ ਹੈ, ਜੋ ਹਰ ਮਾਮਲੇ ਵਿਚ ਆਪਣੀ ਨਾਕਸ ਰਾਏ ਬ੍ਰਹਿਮਣੀ ਮਤ ਅਨੁਸਾਰ ਦਿੰਦਾ ਹੈ ਤੇ ਜਿਸ ਤੋਂ ਖਹਿੜਾ ਛਡਾਉਣਾ ਸੌਖਾ ਨਹੀਂ । ਗੁਰਸਿੱਖਾਂ ਨੂੰ ਜਤਨ ਕਰਕੇ ਅਜਿਹੇ ਮੌਕੇ ਐਸੀ ਚੀਜ਼ ਨੂੰ ਨੇੜੇ ਨਹੀਂ ਲਗਣ ਦੇਣਾ ਚਾਹੀਦਾ ਤੇ ਪਰੇ ਹਟ ਜਾਣ ਦੀ ਸਖਤ ਤਾੜਨਾ ਕਰ ਦੇਣੀ ਚਾਹੀਦੀ ਹੈ ਤਾਂਕਿ ਆਪਣੇ ਮਨਮਤੀ ਜੂਲੇ ਨੂੰ ਸਾਡੀ ਗਰਦਨ ਦੇ ਨ ਰਖ ਸਕੇ ।

ਇਸ ਤੋਂ ਅਲਾਵਾ ਇਹ ਖਿਆਲ ਰਖਣਾ ਚਾਹੀਦਾ ਹੈ, ਕਿ ਮਿਰਤਕ ਨੂੰ ਸ਼ਮਸ਼ਾਨ ਭੂਮੀ ਵਲ ਲਿਜਾਣ ਬਾਰੇ ਦਿਨ, ਰਾਤ, ਸਵੇਰ ਜਾਂ ਸ਼ਾਮ ਦਾ ਵਿਚਾਰ ਕਰਨਾ ਭੀ ਗੁਰਮਤ ਵਿਰੋਧੀ ਵਿਸ਼ਵਾਸ਼ ਹੈ । ਜਦ ਵੀ ਯੋਗ ਪ੍ਰਬੰਧ ਹੋ ਸਕੇ ਤੇ ਸਬੰਧੀਆਂ ਨੂੰ ਸਹੂਲੀਅਤ

ਹੋਵੇ, ਉਹੋ ਸਮਾਂ ਠੀਕ ਹੈ । ਪਾਠ ਦੇ ਭੋਗ ਬਾਰੇ ਵੀ ਇਹ ਗਲ ਸਮਝ ਲੈਣੀ ਚਾਹੀਦੀ ਹੈ। ਤੀਜੇ ਦਿਨ ਤੋਂ ਲੈ ਕੇ 10-15 ਦਿਨ ਤਕ ਜਦ ਯੋਗ ਸਮਝਿਆ ਜਾਵੇ, ਜਾਂ ਬਾਹਰੋਂ ਆਏ ਗਏ ਦੀ ਸਹੂਲੀਅਤ ਹੋਵੇ, ਭੋਗ ਪਾ ਲੈਣਾ ਚਾਹੀਦਾ ਹੈ । ਮਿਰਤਕ ਬਾਰੇ ਪਾਠ ਦਾ ਭੋਗ ਦੁਪਹਿਰ ਪਿਛੋਂ ਤਿੰਨ ਜਾਂ ਚਾਰ ਵਜੇ ਪਾਉਣਾ ਵੀ ਮਨਮਤ ਹੀ ਹੈ । ਜੇ ਸਵੇਰੇ ਦਾ ਸਮਾਂ ਠੀਕ ਬੈਠਦਾ ਹੋਵੇ, ਤਾਂ ਖਾਹ-ਮ-ਖਾਹ ਸ਼ਾਮ ਦੇ ਚਾਰ ਵਜੇ ਦਾ ਸਮਾਂ ਨਿਯਤ ਕਰਨਾ ਗੁਰਮਤ ਨਹੀਂ ।

ਪਾਠ ਦੇ ਭੋਗ ਸਮੇਂ ਕੀਰਤਨ ਵੀ ਕਰਵਾਇਆ ਜਾਂਦਾ ਹੈ ਅਤੇ ਕੀਰਤਨੀ ਸਿੰਘਾਂ ਨੂੰ ਇਸ ਮੌਕੇ ਤੇ ਰਿਸ਼ਤੇ ਦਾਰ ਤੇ ਸਬੰਧੀ ਕੇਵਲ ਰਿਸ਼ਤਾ ਪ੍ਰਗਟਾਉਣ ਲਈ ਉਠ ਉਠ ਕੇ ਨੁਮਾਇਸ਼ੀ ਰੂਪ ਵਿਚ ਮਾਇਆ ਭੇਟ ਕਰਦੇ ਹਨ । ਇਹ ਬਿਮਾਰੀ ਸ਼ਹਿਰਾਂ ਵਿਚ ਤਾਂ ਬਹੁਤ ਵਧ ਗਈ ਹੈ । ਕੀਰਤਨ ਭੇਟ ਦਾ ਮੌਜੂਦਾ ਤਰੀਕਾ ਤਾਂ ਵੈਸੇ ਹੀ ਭਾਰੀ ਸੁਧਾਰ ਮੰਗਦਾ ਹੈ, ਪਰ ਮਿਰਤਕ ਸਬੰਧੀ ਕੀਰਤਨ ਤੇ ਮਾਇਆ ਦਾ ਇਹ ਤਰੀਕਾ ਤੇ ਨੁਮਾਇਸ਼ ਤਾਂ ਫੌਰੀ ਤੌਰ ਤੇ ਬੰਦ ਹੋਣੀ ਚਾਹੀਦੀ ਹੈ । ਜੀਉਣਾ ਤਾਂ ਅਗੇ ਹੀ ਔਖਾ ਹੋਇਆ ਪਿਆ ਹੈ । ਜੇ ਮਰਨਾ ਵੀ ਇਤਨਾ ਮਹਿੰਗਾ ਹੋ ਜਾਏ, ਤਾਂ ਘੋਰ ਮਨਮਤ ਕੀਹਨੂੰ ਕਹਾਂਗੇ ?

ਬ੍ਰਹਿਮਣੀ ਰੀਤਾਂ ਦੀ ਨਕਲ ਉਤੇ ਸਿੱਖਾਂ ਵਿਚ ਵੀ ਭੋਗ ਸਮੇਂ ਮਿਰਤਕ ਪ੍ਰਾਣੀ ਨਮਿਤ ਕਪੜੇ, ਬਿਸਤਰ, ਬਰਤਨ, ਫਲ-ਫਰੂਟ ਨਗਦ ਆਦਿਕ ਦਾਨ ਦਿਤੇ ਜਾਂਦੇ ਹਨ, ਫਰਕ ਕੇਵਲ ਇਤਨਾ ਹੈ, ਕਿ ਬ੍ਰਹਿਮਣ ਦੀ ਥਾਂ ਸਿੱਖ ਗਰੰਥੀ ਨੇ ਲੈ ਲਈ ਹੈ । ਮਨਮਤੀ ਰੀਤਾਂ ਉਤੋਂ ਲੇਬਲ ਬਦਲਣ ਨਾਲ ਗੁਰਮਤ ਨਹੀਂ ਬਣ ਸਕਦੀ ।

ਬਾਹਰੋਂ ਤੇ ਦੂਰੋਂ ਆਏ ਰਿਸ਼ਤੇਦਾਰਾਂ ਸਬੰਧੀਆਂ ਵਾਸਤੇ ਗੁਰੂ ਦੇ ਲੰਗਰ ਦਾ ਪ੍ਰਬੰਧ ਕਰਨਾ ਤਾਂ ਕੁਦਰਤੀ ਹੈ, ਪਰ ਦੇਖਾ-ਦੇਖੀ ਅਤੇ ਨੁਮਾਇਸ਼ੀ ਤੌਰ ਤੇ ਫਜ਼ੂਲ ਖਰਚ ਕਰਨੇ, ਉਚੇਚੇ ਭੋਜਨ ਤਿਆਰ ਕਰਨੇ ਜਾਂ ਸ਼ਰਾਧ ਪਾਰਸਲ ਕਰਕੇ ਮਿਰਤਕ ਨੂੰ ਭੇਜਣੇ ਸਭ ਕੁਮੱਤਾਂ ਹਨ ।

(10) ਹੁਣ ਅਸੀਂ ਅੰਤਮ ਅਤੇ ਅਤੀ ਜਰੂਰੀ ਨੁਕਤੇ ਵਲ ਆਉਂਦੇ ਹਾਂ । ਸਿੱਖ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅੰਤਿਮ ਸਮੇਂ ਦੇ ਸਬੰਧ ਵਿਚ ਇਹ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਨੇ ਕਿਹਾ ਸੀ, ਕਿ ਅੰਗੀਠਾ ਨਹੀਂ ਫੋਲਣਾ । ਜੇ ਗੁਰੂ ਸਾਹਿਬ ਨੇ ਆਪਣੇ ਸਸਕਾਰ ਦੇ ਅੰਗੀਠੇ ਨੂੰ ਫੋਲਣੋ ਵਰਜਿਆ ਸੀ, ਤਾਂ ਇਹ ਹੁਕਮ ਸਾਨੂੰ ਆਮ ਤੌਰ ਤੇ ਆਪਣੇ ਸਾਰੇ ਸਿੱਖ ਭਾਈਚਾਰੇ ਉਤੇ ਭੀ ਲਾਗੂ ਕਰਨਾ ਚਾਹੀਦਾ ਹੈ । ਦਰਅਸਲ ਪਾਤਸ਼ਾਹ ਦਾ ਮਿਰਤਕ ਸੰਸਕਾਰ ਬਾਰੇ ਇਹ ਇਕ ਅਹਿਮ ਹੁਕਮਨਾਮਾ ਸੀ, ਜੋ ਅਸੀਂ (ਮੂਰਖਤਾ-ਵਸ) ਅਵੇਸਲੇ ਹੋ ਕੇ ਤਿਆਗ ਦਿਤਾ ਹੈ ।

ਸ਼੍ਰੋਮਣੀ ਕਮੇਟੀ ਵਲੋਂ ਛਪੀ ' ਸਿਖ ਰਹਿਤ ਮਰਯਾਦਾ ' ਵਿਚ ਅੰਕਿਤ ਮਿਰਤਕ ਸੰਸਕਾਰ ਦੇ ਹੈਡਿੰਗ ਵਿਚ (ਕ) ਅਤੇ (ਖ) ਵਿਚ ਇਉਂ ਅੰਕਤ ਹੈ :

' ਮਿਰਤਕ ਪ੍ਰਾਣੀ ਦਾ ਅੰਗੀਠਾ ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜ਼ਮੀਨ ਬਰਾਬਰ ਕਰ ਦਿਤੀ ਜਾਵੇ । ਅੰਗੀਠੇ ਵਿਚੋਂ ਫੂਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਆਦਿਕ

ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ " ਕਿਹਾ ਚੰਗਾ ਹੁੰਦਾ ਜੇ ਰਹਿਤ ਮਰਯਾਦਾ ਦੇ ਇਸ ਹੁਕਮ ਦਾ ਭਰਪੂਰ ਪ੍ਰਚਾਰ ਕੀਤਾ ਜਾਂਦਾ ਤਾਂ ਕਿ ਕੀਰਤਪੁਰ ਸਾਹਿਬ ਜਾਂ ਪਤਾਲਪੁਰੀ ਦੇ ਆਧਾਰ ਤੇ ਨਵੀਂ ਮਨਮਤ ਦਾ ਪ੍ਰਚਲਨ ਤਾਂ ਨਾ ਹੋ ਸਕਦਾ । ਹੁਣ ਪੰਥ ਦੇ ਸਮੂਹ ਸੂਝਵਾਨ ਪ੍ਰਚਾਰਕਾਂ ਨੂੰ ਇਸ ਨਵੀਂ ਫੈਲ ਨਹੀਂ ਰਹੀ ਮਨਮਤ ਨੂੰ ਫੌਰੀ ਤੌਰ ਤੇ ਛਡਣ ਦਾ ਉਪਰਾਲਾ ਕਰਨਾ ਚਾਹੀਦਾ ਹੈ ।

ਅਜ਼ਾਦੀ ਪਿਛੋਂ ਇਹ ਬੀਮਾਰੀ ਬੜੀ ਤੇਜ਼ੀ ਨਾਲ ਫੈਲੀ ਹੈ । ਇਸ ਦੀ ਜੜ੍ਹ ਤਾਂ ਬ੍ਰਹਿਮਣੀ ਮਤ ਵਿਚੋਂ ਨਿਕਲੀ ਹੈ, ਫੈਲਾਅ ਅਸੀ ਆਪਣੇ ਅਗਿਆਨ ਅਰ ਮੂਰਖਤਾ ਦੇ ਬਲ ਨਾਲ ਕੀਤਾ ਹੈ। ਸਿਆਸੀ ਲੀਡਰਾ ਦੀਆਂ ਸ਼ਾਤਰ ਚਾਲਾਂ ਨੇ ਭੀ ਇਸ ਬਿਮਾਰੀ ਦੇ ਫੈਲਣ ਵਿਚ ਭਰਵਾਂ ਯੋਗਦਾਨ ਪਾਇਆ ਹੈ । ਜੇ ਬ੍ਰਹਿਮਣੀ ਮੱਤ ਵਾਲੇ ਹੱਡੀਆਂ ਤੇ ਭਸਮ, ਜਿਸ ਨੂੰ ਇਹ ਪ੍ਰਾਣੀ ਫੁਲ ਕਹੀ ਜਾਂਦੇ ਹਨ, ਨੂੰ ਹਰਦੁਆਰ ਵਿਖੇ ਗੰਗਾ ਵਿਚ ਪਾ ਕੇ ਜੀਵ ਦਾ ਮੁਕਤ ਹੋਣਾ ਮੰਨਦੇ ਹਨ, ਤਾਂ ਹਰਿਦੁਆਰ ਦੀ ਥਾਵੇਂ ਪਤਾਲਪੁਰੀ ਦੀ ਕਾਢ ਕੱਢਣ ਨਾਲ ਇਹ ਬ੍ਰਹਿਮਣੀ ਮਨਮਤ ਕਿਵੇਂ ਗੁਰਮਤ ਬਣ ਸਕਦੀ ਹੈ । ਇਹ ਕੋਈ ਅਸੂਲ ਨਹੀਂ, ਜੇ ਆਪਣੇ ਘਰ ਨੂੰ ਲੱਗੀ ਤਾਂ ਅੱਗ ਤੇ ਜੇ ਦੂਜੇ ਦੇ ਨੂੰ ਲਗੇ ਤਾਂ ਅੱਗ ਨਹੀਂ, ਬੈਸੰਤਰ ਦੇਵਤਾ। ਇਹ ਕਸਵੱਟੀ ਹੀ ਦੋਸ਼-ਪੂਰਨ ਹੈ । ਜੇ ਇਹ ਕਿਹਾ ਜਾਏ, ਕਿ ਸਿੱਖਾਂ ਨੂੰ ਹਰਿਦੁਆਰਾਂ ਅਤੇ ਬ੍ਰਹਿਮਣਾਂ ਦੇ ਪੰਜੇ ਵਿਚੋਂ ਛਡਾਉਣਾ ਹਿੰਦੂ ਮੱਤ ਨਾਲੋਂ ਨਿਖੇੜ ਕੇ ਨਿਖਾਰਨਾ ਹੈ ਤਾਂ ਇਹ ਗੱਲ ਭੀ ਠੀਕ ਨਹੀਂ ਕਿਉਂਕਿ ਹਰਿਦੁਆਰ ਤੇ ਬ੍ਰਹਿਮਣਾਂ ਦਾ ਬਦਲ ਪਤਾਲਪੁਰੀ ਅਤੇ ਗਰੰਥੀ ਅਥਵਾ ਸੰਤ ਨਹੀਂ । ਮਨਮਤ ਸਦਾ ਮਨਮਤ ਹੀ ਹੈ, ਭਾਵੇ ਉਸ ਨੂੰ ਕੋਈ ਸ਼ਕਲ ਵੀ ਕਿਉਂ ਨਾ ਦਿਤੀ ਜਾਵੇ ।

ਕੁਝ ਮਨਮਤੀ ਪ੍ਰਚਾਰਕ ਗਲਤ ਹਵਾਲੇ ਦੇ ਕੇ ਸਿੱਖਾਂ ਨੂੰ ਕੁਰਾਹੇ ਪਾ ਰਹੇ ਹਨ, ਕਿ ਮਹਾਰਾਜ ਦਾ ਐਸਾ ਹੁਕਮ ਹੈ ਕਿ ਪਤਾਲਪੁਰੀ ਮਿਰਤਕ ਦੀਆਂ ਹੱਡੀਆਂ ਪਾਉਣ ਨਾਲ ਜੀਵ ਮੁਕਤ ਹੋ ਜਾਵੇਗਾ । ਇਸ ਤਰ੍ਹਾਂ ਤਾਂ ਸਾਰੀ ਗੁਰਬਾਣੀ ਹੀ ਗਲਤ ਹੋ ਜਾਂਦੀ ਹੈ, ਜੋ ਕਦਾਚਿਤ ਮੰਨਣ ਯੋਗ ਨਹੀਂ । ਪਤਾਲਪੁਰੀ ਹੱਡ ਪਾਉਣੇ ਸਿੱਖ ਰਹਿਤ ਮਰਯਾਦਾ ਅਨੁਕੂਲ ਨਹੀਂ । ਛੇਵੇਂ ਤੇ ਸਤਵੇਂ ਸਤਿਗੁਰੂ ਇਥੇ ਰਹਿੰਦੇ ਸਨ ਤੇ ਇਥੇ ਹੀ ਉਹ ਜੋਤੀ ਜੋਤ ਸਮਾਏ। ਕੇਵਲ ਇਸ ਕਾਰਨ ਉਹਨਾਂ ਦਾ ਸੰਸਕਾਰ ਕੀਰਤਪੁਰ ਸਾਹਿਬ ਕੀਤਾ ਗਿਆ । ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਸੰਸਕਾਰ ਦਿਲੀ ਬਾਲਾ ਸਾਹਿਬ ਹੋਇਆ । ਗੁਰੂ ਤੇਗ ਬਹਾਦੁਰ ਸਾਹਿਬ ਨੇ ਦਿੱਲੀ ਸ਼ਹੀਦੀ ਪਾਈ ਧੜ, ਦਾ ਸਸਕਾਰ ਰਕਾਬਗੰਜ ਦਿੱਲੀ ਅਤੇ ਸੀਸ ਦਾ ਸੰਸਕਾਰ ਅਨੰਦਪੁਰ ਸਾਹਿਬ ਦੇ ਸੀਸਗੰਜ ਸਾਹਿਬ ਦੇ ਅਸਥਾਨ ਤੇ ਹੋਇਆ ਚਾਰ ਸਾਹਿਬਜ਼ਾਦਿਆਂ ਵਿਚੋਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਦਾ ਸਸਕਾਰ ਅਤੇ ਮਾਤਾ ਗੁਜਰੀ ਦਾ ਸਸਕਾਰ ਮੇਹਰਾਜ ਨਿਵਾਸੀ ਬਾਬਾ ਫੂਲ ਜੀ ਦੇ ਸਪੁਤਰ ਤਿਲੋਕਾ ਅਤੇ ਰਾਮਾ (ਜੋ ਬਾਦ ਵਿਚ ਭਾਈ ਤਿਰਲੋਕ ਸਿੰਘ ਤੇ ਰਾਮ ਸਿੰਘ ਜੀ ਬਣੇ) ਨੇ ਕਰਵਾਇਆ, ਪਰ ਪਤਾਲਪੁਰੀ ਵਾਲੀ ਕੁਹਜੀ ਰਸਮ ਉਸ ਨੇ ਬਿਲਕੁਲ ਨਹੀਂ ਕੀਤੀ । ਦਸਮ ਪਾਤਸ਼ਾਹ ਨੇ ਵੀ ਹਜ਼ੂਰ ਸਾਹਿਬ ਆਪਣੇ ਜੋਤੀ ਜੋਤ ਸਮਾਉਣ ਸਮੇਂ ਆਪਣੇ ਬਾਰੇ ਐਸਾ ਕੋਈ ਹੁਕਮ ਜਾਰੀ ਨਹੀਂ

ਕੀਤਾ। ਹਾਂ, ਇਸ ਸਿਧਾਂਤ ਦੇ ਐਨ ਉਲਟ ਅੰਗੀਠਾ ਤਕ ਨਾ ਫੋਲਣ ਦੀ ਕਰੜੀ ਹਦਾਇਤ ਸਿੱਖਾਂ ਨੂੰ ਅਵੱਸ਼ ਕੀਤੀ ਗਈ। ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਅਨੇਕਾਂ ਸਿੰਘ ਅਨੰਦਪੁਰ ਸਾਹਿਬ ਦੇ ਜੰਗਾਂ ਜੁਧਾਂ ਵਿਚ ਸ਼ਹੀਦ ਹੁੰਦੇ ਰਹੇ, ਪਰ ਸੰਸਕਾਰ ਪਿਛੋਂ ਕਿਸੇ ਦੀ ਭਸਮ ਅਸਥੀਆਂ ਆਦਿਕ ਪਤਾਲਪੁਰੀ ਨਹੀਂ ਪਈਆਂ, ਇਤਿਹਾਸ ਗਵਾਹ ਹੈ।

ਇਸ ਬੀਮਾਰੀ ਦੀ ਜੜ੍ਹ ਤਾਂ ਨਿਸਚੇ ਹੀ ਬ੍ਰਹਿਮਣੀ ਵਿਸ਼ਵਾਸ ਹਨ ਪਰ ਇਸ ਦਾ ਵਿਕਾਸ ਅਸੀਂ ਖੁਦ ਅਤੇ ਸਾਡੇ ਅਖੌਤੀ ਧਾਰਮਕ ਤੇ ਰਾਜਸੀ ਲੀਡਰਾਂ ਨੇ ਕੀਤਾ ਹੈ।

ਆਜ਼ਾਦੀ ਪਿਛੋਂ ਕਈ ਲੀਡਰਾਂ ਦੀਆਂ ਅਸਥੀਆਂ ਇਥੇ ਪ੍ਰਵਾਹ ਕਰਨ ਦੀ ਪੇਪ ਲੀਲਾ ਕੀਤੀ ਗਈ ਹੈ। ਸੰਤਾਂ ਸਾਧਾਂ ਦੇ ਹੱਡ ਭੀ ਧੜਾਧੜ ਪੁਜ ਰਹੇ ਹਨ। ਫੇਰ ਚਿਰ ਪਹਿਲਾ ਗੁਜ਼ਰ ਚੁਕਿਆਂ ਦੀਆਂ ਅਸਥੀਆਂ ਬਦੇਸ਼ਾਂ ਚੋਂ ਮੰਗਵਾ ਕੇ ਇਥੇ ਪ੍ਰਵਾਹਿਤ ਕਰਨ ਦੇ ਕਾਜ ਰਚਾਏ ਗਏ ਹਨ। ਇਹ ਮਨਮਤ ਤੋਂ ਛੁਟ ਹੋਰ ਕੁਝ ਨਹੀਂ।

## ਗੁਰਿਆਈ ਸਮੇਂ ਦੇ ਉਪਦੇਸ਼

ਗੁਰੂ ਅਮਰਦਾਸ ਜੀ ਨੂੰ ਸਾਢੇ ਬਾਈ ਸਾਲਾਂ ਤੋਂ ਵੀ ਵਧੀਕ ਸਮਾਂ ਗੁਰੂ ਨਾਨਕ ਪਾਤਸ਼ਾਹ ਦੇ ਤੀਜੇ ਜਾਮੇ ਦੇ ਤੌਰ ਤੇ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਸੰਭਾਲਣੀ ਪਈ। ਜਿਵੇਂ ਕਿ ਪਹਿਲੇ ਦਸਿਆ ਜਾ ਚੁਕਾ ਹੈ ਕਿ ਗੁਰੂ ਨਾਨਕ ਦੇਵ ਜੀ ਅਰ ਗੁਰੂ ਅਰਜਨ ਦੇਵ ਜੀ ਤੋਂ ਪਿਛੋਂ ਜੇ ਮਿਕਦਾਰ ਦੇ ਹਿਸਾਬ ਨਾਲ ਕਿਸੇ ਇਕ ਗੁਰੂ ਵਿਅਕਤੀ ਦੀ ਸਭ ਤੋਂ ਵਧੀਕ ਬਾਣੀ ਹੈ, ਤਾਂ ਉਹ ਗੁਰੂ ਅਮਰਦਾਸ ਸਾਹਿਬ ਜੀ ਦੀ ਬਾਣੀ ਹੀ ਹੈ।

ਆਪ ਨੇ ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ , ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਨਾਮਕ 17 ਰਾਗਾਂ ਵਿਚ ਬੇਅੰਤ ਬਾਣੀ ਉਚਾਰੀ ਹੈ। ਚੇਤੇ ਰਹੇ ਕਿ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕੁਲ 31 ਰਾਗਾਂ ਵਿਚ ਬਾਣੀ ਲਿਖੀ ਮਿਲਦੀ ਹੈ। ਅੱਡ ਅੱਡ ਰਾਗਾਂ ਵਿਚ ਸ਼ਬਦ, ਅਸ਼ਟਪਦੀਆਂ ਤੇ ਛੰਤ ਹਨ, ਜਿਹਨਾਂ ਦੀ ਗਿਣਤੀ ਕ੍ਰਮ ਅਨੁਸਾਰ 172, 91 ਤੇ 20 ਹੈ। ਆਪ ਨੇ ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਵਿਚ ਚਾਰ ਵਾਰਾਂ ਲਿਖੀਆਂ ਹਨ, ਜਿਹਨਾਂ ਵਿਚ ਕੁਲ 85 ਪਉੜੀਆਂ ਹਨ। ਇਸ ਤੋਂ ਇਲਾਵਾ ਆਪ ਨੇ 411 ਸਲੋਕ ਲਿਖੇ ਹਨ। ਅੱਡ ਅੱਡ ਵਾਰਾਂ ਦੀਆਂ ਪਉੜੀਆਂ ਦੇ ਨਾਲ ਗੁਰੂ ਅਮਰਦਾਸ ਜੀ ਦੇ 343 ਸਲੋਕ ਹਨ। ਇਕ ਸਲੋਕ ਗੁਰੂ ਨਾਨਕ ਦੇਵ ਜੀ ਦੇ ਵਧੇ ਸਲੋਕਾਂ ਵਿਚ 27 ਨੰਬਰ ਉਤੇ ਹੈ। ਇਹਨਾਂ ਸਭ ਤੋਂ ਇਲਾਵਾ ਕੁਝ ਬਾਣੀਆਂ ਹੋਰ ਹਨ, ਯਥਾ:

ਆਸਾ ਵਿਚ ਪਟੀ 18 ਪਉੜੀਆ, ਵਡਹੰਸ ਵਿਚ ਚਾਰ ਸ਼ਬਦ ਅਲਾਹਣੀਆਂ, ਬਿਲਾਵਲ ਵਿਚ ਸਤਵਾਰਾਂ ਦੇ ਦੋ ਸ਼ਬਦ, ਰਾਮਕਲੀ ਵਿਚ ਅਨੰਦ ਬਾਣੀ 40 ਪਉੜੀਆਂ ਤੇ ਮਾਰੂ ਵਿਚ ਸੋਹਲੇ 24 ਸ਼ਬਦ।

ਅਰਸੇ ਤੀਕ ਗੁਰੂ ਅੰਗਦ ਦੇਵ ਜੀ ਦੀ ਸੇਵਾ ਅਰ ਸੰਗਤ ਵਿਚ ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਰਚੀ ਬਾਣੀ ਦਾ ਅਭਿਆਸ ਵਿਚਾਰ ਕਰਦੇ ਰਹੇ ਸਨ। ਗੁਰੂ ਅੰਗਦ ਦੇਵ ਜੀ ਪਾਸੋਂ ਗੁਰਮਤ ਦੇ ਹਰ ਵਿਸ਼ੇ ਉਤੇ

ਆਤਮਕ ਵਿਆਖਿਆ ਲੈਂਦੇ ਰੇਹ ਸਨ । ਕੁਦਰਤੀ ਗੱਲ ਹੈ ਕਿ ਆਪ ਨੇ ਆਪਣੀ ਬਾਣੀ ਉਹਨਾਂ ਹੀ ਗੁਰਮਤ ਸਿਧਾਂਤਾਂ ਅਤੇ ਅਕੀਦਿਆਂ ਨੂੰ ਦ੍ਰਿੜ ਕਰਾਉਣ ਅਥਵਾ ਉਹਨਾਂ ਦੀ ਵਿਆਖਿਆ ਕਰਨ ਹਿਤ ਰਚੀ ਸੀ । ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਥਵਾ ਉਸ ਸਮੇਂ ਤਕ ਬਾਣੀ ਸੰਗ੍ਰਹਿ ਵਿਚ ਇੱਕਤਰ ਕੀਤੀ ਅਤੇ ਸਤਿਗੁਰੂ ਨਾਨਕ ਦੇਵ ਜੀ ਵਲੋਂ ਪ੍ਰਵਾਨ ਚੜ੍ਹੀ ਭਗਤ ਬਾਣੀ ਨਾਲ ਰਾਈ ਮਾਤਰ ਵੀ ਵਿਚਰ-ਵਖਰੇਵਾਂ ਕਿਤੇ ਦਿਸ ਨਹੀਂ ਪੈ ਸਕਦਾ ।

ਅਸਲ ਗੱਲ ਤਾਂ ਇਹ ਹੈ ਕਿ ਗੁਰੂ ਅਮਰਦਾਸ ਜੀ ਦੀ ਵਾਸਤਵਕ ਸ਼ਖਸੀਅਤ ਉਹਨਾਂ ਵਲੋਂ ਰਚੀ ਬਾਣੀ ਹੀ ਹੈ । ਸੋ ਆਪ ਜੀ ਦੀ ਜੀਵਨ ਗਾਥਾ ਜਾਣਨ ਸਮੇਂ ਸਭ ਤੋਂ ਜ਼ਰੂਰੀ ਗੱਲ ਤਾਂ ਇਹ ਹੈ ਕਿ ਆਪ ਜੀ ਰਚੀ ਸਮੁਚੀ ਬਾਣੀ ਦੀ ਵਿਚਾਰ ਕੀਤੀ ਜਾਵੇ । ਪ੍ਰਭੂ ਦਾ ਸਰੂਪ, ਉਸ਼ ਨੂੰ ਪ੍ਰਾਪਤ ਕਰਨ ਦੀ ਜੁਗਤੀ, ਸਤਿਗੁਰੂ ਦੇ ਲੱਖਣ ਮਹਾਨਤਾ, ਲੋੜ ਅਤੇ ਪ੍ਰਾਪਤੀ, ਮਨੁਖੀ ਜੀਵਨ ਦਾ ਅਭੀਸ਼ਟ ਨਿਸ਼ਾਨਾ, ਕਰਨ ਜੋਗ ਅਰ ਬਿਵਰਜਤ ਕਰਮਾਂ ਦੀ ਜਾਣਕਾਰੀ, ਮਾਇਆ ਦਾ ਸਰੂਪ, ਇਸਦੀ ਪ੍ਰਬਲਤਾ ਅਤੇ ਇਸਦੇ ਕੁਪ੍ਰਭਾਵਾਂ ਤੋਂ ਬਚੱਣ ਦੀ ਜੁਗਤੀ, ਆਦਰਸ਼ਕ ਜੀਵਨ, ਉੱਚੀ ਆਤਮਕ ਅਵਸਥਾ ਦੇ ਲਛਣ ਤੇ ਪ੍ਰਾਪਤੀ, ਅਨੰਦ ਜਾ ਸਹਜ ਅਵਸਥਾ, ਅਨਮਤਾਂ ਦੇ ਨਿਰਰਥਕ ਸਿਧਾਂਤਾਂ ਦਾ ਥੋਥਾਪਨ, ਮਨਮਤ, ਨਾਮ ਸਤਸੰਗ, ਪਖੰਡ ਕਰਮ, ਸੇਵਾ ਹਉਮੈ, ਕਾਮ ਆਦਿਕ ਵਿਕਾਰ ਸੰਸਾਰ ਦੀ ਖਿੰਨ-ਭੰਗੁਰਤਾ ਆਦਿਕ ਅਨੇਕਾਂ ਆਤਮਕ ਮਜ਼ਮੂਨਾਂ ਉਤੇ ਨਿਰਨਾ-ਜਨਕ ਵੇਰਵੇ ਅਰ ਮਿਸਾਲਾਂ ਸਹਿਤ ਕੀਮਤੀ ਵਿਚਾਰ ਦਿਤੇ ਗਏ ਹਨ । ਆਪ ਜੀ ਦੀ ਜੀਵਨ ਗਾਥਾ ਵਿਚ ਅਨੇਕਾਂ ਹੀ ਸਾਖੀਆਂ ਅਰ ਸਰਗਰਮੀਆਂ ਆਉਂਦੀਆਂ ਹਨ, ਜਿਹਨਾਂ ਰਾਹੀ ਆਪਨੇ ਗੁਰਮਤ ਵਿਚਾ ਵਿਚਾਰਾਂ ਤੇ ਸਿਧਾਂਤਾਂ ਨੂੰ ਦ੍ਰਿੜ ਕਰਵਾਇਆ ਹੈ, ਜਾਂ ਉਹਨਾਂ ਕੀਮਤੀ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ । ਇਸ਼ਾਰੇ ਮੂਜਬ ਕੁਝ ਕੁ ਸਿਧਾਂਤ ਅੰਕਤ ਕੀਤੇ ਜਾਂਦੇ ਹਨ :

(1) ਜਾਤਪਾਤ ਦਾ ਵਿਤਕਰਾ ਅਰ ਧਰਮ :

ਗੁਰੂ ਅਮਰਦਾਸ ਜੀ ਨੇ ਬੜੇ ਸੱਪਸ਼ਟ ਲਫ਼ਜਾਂ ਵਿਚ-ਫੁਰਮਾਇਆ :

ਜਾਤਿ ਕਾ ਗਰਬੁ ਨਾ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣ ਹੋਈ ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥
ਚਾਰੇ ਵਰਨ ਆਖੈ ਸਭੁ ਕੋਈ ॥
ਬ੍ਰਹਮੁ ਬਿੰਦੁ ਤੇ ਸਭ ਓਪਤਿ ਹੋਈ ॥੨॥
ਮਾਟੀ ਏਕ ਸਗਲ ਸੰਸਾਰਾ ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥ (ਭੈਰਉ,ਮ: ੩ ,ਪੰਨਾ ੧੧੨੮)
ਨਾਮਾ ਛੀਬਾ ਕਬੀਰ ਜੁਲਾਹਾ, ਪੂਰੇ ਗੁਰੂ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦ ਪਛਾਣਹਿ, ਹਉਮੈ ਜਾਤਿ ਗਵਾਈ ॥ (ਸ੍ਰੀ ਰਾਗ, ਮ: ੩,ਪੰਨਾ ੬੭)
ਅਗੈ ਜਾਤਿ ਰੂਪੁ ਨ ਜਾਇ ॥

ਤੇਹਾ ਹੋਵੈ ਜੇਹੇ ਕਰਮ ਕਮਾਇ ॥
ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥ (ਮਾਰੂ ਵਾਰ, ਮ: ੩, ਪੰਨਾ ੧੦੯੩)
ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥1(ਆਸਾ ਮ: ੩:੪੨੬)

ਜਾਤ-ਪਾਤ ਦੇ ਵਿਤਕਰੇ ਮੰਨਣ ਵਾਲਾ ਵਰਣ-ਆਸ਼ਰਮੀ ਧਰਮ ਜਨਮ ਅਰ ਜਾਤ-ਪਾਤ ਦੇ ਆਧਾਰ ਤੇ ਮਨੁਖ ਦਾ ਉੱਚਾ ਨੀਵਾਂ ਹੋਣਾ ਮੰਨਦਾ ਹੈ । ਗੁਰਮਤ ਅਨੁਸਾਰ ਸਭ ਮਨੁਖ ਇਕ ਪ੍ਰਮੇਸ਼ਰ ਦੀ ਅੰਸ਼ ਹੋਣ ਕਾਰਨ ਭਾਈ-ਭਾਈ ਹਨ ਜਾਂ ਬਰਾਬਾਰ ਹਨ । ਜਾਤ-ਪਾਤ ਜਾਂ ਜਨਮ ਦੇ ਆਧਾਰ ਤੇ ਕਿਸੇ ਨੂੰ ਉੱਚਾ ਕਿਸੇ ਨੂੰ ਨੀਵਾਂ ਮੰਨਣਾ ਪਾਪ ਹੈ । ਨੇਕ ਕਰਮ ਕਰਨ ਵਾਲਾ ਉੱਤਮ ਅਤੇ ਖੋਟੇ ਕਰਮ ਕਮਾਉਣ ਵਾਲਾ ਨੀਵਾਂ ਹੈ । ਜਾਤ-ਪਾਤ ਅਥਵਾ ਵਰਣ ਵੰਡ ਦੇ ਬ੍ਰਹਮਣੀ ਵਿਤਕਰਿਆਂ ਦੇ ਜੇ ਅੱਡ ਅੱਡ ਪਖਾਂ ਉਤੇ ਖੁਲ੍ਹੀ ਵਿਚਾਰ ਕੀਤੀ ਜਾਵੇ, ਤਾਂ ਇਕ ਬਹੁਤ ਵਡੀ ਖਤਰਨਾਕ ਪੁਸਤਕ ਤਿਆਰ ਹੋ ਸਕਦੀ ਹੈ । ਇਸ ਵਿਸ਼ੇ ਤੇ ਅਜੋਕੇ ਬ੍ਰਹਮਣੀ ਮੱਤ ਦੇ ਵਿਦਵਾਨ ਜਿਤਨੀ ਮਰਜ਼ੀ ਵਲੇਵੇਂ ਵਾਲੀ ਵਿਆਖਿਆ (Interpretation) ਕਰਨ, ਇਸਦੇ ਅਸਲ ਰੂਪ ਨੂੰ ਲੁਕਾ ਨਹੀਂ ਸਕਦੇ । ਮੰਨੂ ਸਿਮਰਤੀ ਪਰਾਸ਼ਰ ਸੰਹਿਤਾ ਅਤ੍ਰਿ ਸੰਹਿਤਾ, ਤੁਲਸੀ ਦੀ ਰਾਮ ਚਰਿਤ ਮਾਨਸ, ਬਾਲਮੀਕਿ ਰਾਮਾਇਣ ਆਦਿਕ ਸਭ ਪੁਰਾਤਨ ਗਰੰਥਾਂ ਵਿਚ ਜਾਤ-ਪਾਤ ਦੇ ਵਿਤਕਰੇ ਖੜੇ ਕਰਕੇ ਜੋ ਦੁਰਦਸ਼ਾ ਸ਼ੂਦਰ ਸ਼ਰੇਣੀ ਦੀ ਕੀਤੀ ਗਈ ਹੈ, ਉਹ ਜ਼ੁਲਮ, ਅਤਿਆਚਾਰ ਅਤੇ ਸਰਾਸਰ ਧੱਕੇ ਦੀਆਂ ਸਭ ਹੱਦਾਂ ਪਾਰ ਕਰਨ ਪਾਰ ਕਰਕੇ ਰੋਣ-ਹਾਕਾ ਕਰ ਦਿੰਦੀ ਹੈ । ਪਿਛਲੀਆਂ ਪੰਜ ਛੇ ਸਦੀਆਂ ਤੋਂ ਹਿੰਦ ਦੇਸ਼ ਦੇ ਸਮਾਜ ਸੁਧਾਰਕ ਤੇ ਧਰਮ ਪ੍ਰਚਾਰਕ ਛੂਤ-ਛਾਤ ਤੇ ਜ਼ਾਤ-ਪਾਤ ਦੇ ਘਿਰਣਤ, ਅਣਮਨੁਖੀ ਅਰ ਧਰਮ ਦੀ ਰੂਹ ਦੇ ਐਨ ਉਲਟ ਬੱਜਰ ਪਾਪ ਨੂੰ ਖਤਮ ਕਰਨ ਦਾ ਜਤਨ ਕਰ ਰਹੇ ਹਨ, ਪਰ ਅਜੇ ਤਕ ਬ੍ਰਾਹਮਣ ਭਾਉ ਦਾ ਜਾਲ ਤੋੜਿਆ ਨਹੀਂ ਜਾ ਸਕਿਆ । ਅਜ਼ਾਦੀ ਪਿਛੋਂ ਕਾਨੂੰਨੀ ਤੌਰ ਤੇ ਵੀ ਇਹਨਾਂ ਜ਼ੁਲਮਾਂ ਨੂੰ ਖਤਮ ਕਰਨ ਦਾ ਜਤਨ ਕੀਤਾ ਗਿਆ ਹੈ । (ਹਾਲਾਂਕਿ ਇਹ ਜਤਨ ਵੀ ਨਿਰੋਲ ਫ਼ਿਰਕੂ ਕਾਰਨਾਂ ਕਰਕੇ ਅਰ ਹਿੰਦੂ ਕੌਮ ਦੀ ਬੇਹਤਰੀ ਨੂੰ ਮੁਖ ਰਖਕੇ ਹੋਇਆ ਹੈ), ਪਰ ਇਸ ਜ਼ਹਿਰ ਦਾ ਅਮਰ ਬਦਸਤੂਰ ਜਾਰੀ ਹੈ । ਕਈ ਸਦੀਆਂ ਦੀ ਲੰਬੀ ਗੁਲਾਮੀ ਅਰ ਬਦੇਸ਼ੀਆਂ ਦੇ ਕੁੰਭੀ ਨਰਕ ਵਰਗੇ ਜ਼ੁਲਮ-ਤਸ਼ੱਦਦ ਦੇ ਕਾਂਡ ਸਦੀਆਂ ਬੱਧੀ ਮੁਸਲਮਾਨਾਂ ਹਥੋਂ ਹੋਈ ਲਗਾਤਾਰ ਛਿੱਤਰ-ਕੁਟਾਈ ਭੀ ਇਸ ਮੁਲਕ ਦੇ ਲੋਕਾਂ ਨੂੰ ਅਕਲ ਨ ਸਿਖਾ ਸਕੀ ।

ਕੋਈ ਲੱਖ ਪਿਆ ਚਤੁਰਾਈਆਂ ਕਰੇ ਕਿ ਵਰਣ ਆਸ਼ਰਮੀ ਵਿਤਕਰੇ ਹਿੰਦੂਆਂ ਦਾ ਬੁਨਿਆਦੀ ਸਿਧਾਂਤ ਨਹੀਂ ਹੈ, ਪਰ ਇਸ ਦਾਹਵੇ ਵਿਚ ਪੁਰੀ ਦੇ ਅਤੀ ਸਤਿਕਾਰਯੋਗ ਜਗਤ ਗੁਰੂ ਸ਼ੰਕਰਾਚਾਰੀਆ ਜੀ ਮਹਾਰਾਜ ਦੇ ਬਿਆਨ ਉਤੇ ਛਪੇ ਬਿਆਨ ਕਿਵੇਂ ਨਜ਼ਰ ਅੰਦਾਜ਼ ਕੀਤੇ ਜਾ ਸਕਦੇ ਹਨ, ਜਿਸ ਵਿਚ ਪਰਮ ਪੂਜਯ ਜਗਤ ਗੁਰੂ ਜੀ ਨੇ ਅਪਾਰ ਦਿਆਲਤਾ ਤੇ ਕਿਰਪਾਲਤਾ ਪ੍ਰਗਟਾਉਂਦਿਆਂ ਸੱਪਸ਼ਟ ਕਿਹਾ ਹੈ ਕਿ ਉਹ ਪਵਿਤਰ ਹਿੰਦੂ ਮੰਦਰਾਂ ਵਿਚ ਪੂਜਾ ਪਾਠ ਕਰਨ ਅਤੇ ਦਾਖਲ ਹੋਣ ਦਾ ਹੱਕ ਹਰ ਜਾਤ-ਪਾਤ ਵਾਲੇ ਨੂੰ ਦੇਣ ਲਈ ਕਦਾਚਿਤ ਤਿਆਰ ਨਹੀਂ ਹੋ ਸਕਦੇ ਆਪ ਨੇ ਸੱਪਸ਼ਟ ਐਲਾਨ ਕੀਤਾ ਕਿ ਛੂਤ-ਛਾਤ ਦੇ

ਮਹਾਨ ਸਿਧਾਂਤ ਨੂੰ ਅਪਨਾਉਣ ਵਿਚ ਮੈਨੂੰ ਕੋਈ ਤਾਕਤ ਨਹੀਂ ਰੋਕ ਸਕਦੀ । ਹਿੰਦੂ ਧਰਮ ਛੂਤ-ਛਾਤ ਨੂੰ ਮੰਨਦਾ ਹੈ ਅਤੇ ਮੰਨਦਾ ਰਹੇਗਾ । ਕੁਝ ਲੋਕ ਜਨਮ ਤੋਂ ਅਛੂਤ ਹੁੰਦੇ ਹਨ । ਮਹਾਤਮਾ ਗਾਂਧੀ ਵਰਗੇ ਅਨੇਕਾਂ ਹਿੰਦੂ ਆਪਣੇ ਸਿਆਸੀ ਲਾਭਾਂ ਲਈ ਅਤੇ ਅੰਦਰੋਂ ਅੰਦਰ ਫਿਰਕੂ ਹਿਤਾਂ ਨੂੰ ਪੂਰਨ ਕਰਨ ਖਾਤਰ ਜੋ ਸਟੈਂਡ ਮਰਜ਼ੀ ਲਈ ਜਾਣ, ਪਰ ਪੁਰਾਤਨ ਹਿੰਦੂ ਗ੍ਰੰਥਾਂ ਦੇ ਹਵਾਲਿਆਂ ਨਾਲ ਪਰਮ ਪੂਜਯ ਜਗਤ ਗੁਰੂ ਸ਼ੰਕਰਾਚਾਰੀਆ ਜੀ ਦੇ ਸਟੈਂਡ ਨੂੰ ਖੰਡਨ ਕਰਨ ਵਾਲਾ ਕੋਈ ਮਾਈ ਦਾ ਲਾਲ ਇਸ ਦੇਸ਼ ਵਿਚ ਨਾ ਪੈਦਾ ਹੋਇਆ ਤੇ ਨ ਹੋ ਸਕੇਗਾ ।

ਅਜੋਕੇ ਜੁਗ ਦੇ ਮਹਾਨ ਵਿਦਵਾਨ ਤੇ ਸਿਆਸਤਦਾਨ ਡਾਕਟਰ ਅੰਬੇਦਕਰ ਨੇ ਆਪਣੀ ਰਚਨਾ "Annihilation of Caste" ਵਿਚ ਸੱਪਸ਼ਟ ਲਿਖਿਆ ਹੈ - ਜ਼ਾਤ-ਪਾਤ ਅਤੇ ਵਰਣ-ਵਿਤਕਰਿਆਂ ਦਾ ਭਰਪੂਰ ਬਿਆਨ ਵੇਦਾਂ ਅਤੇ ਸਿਮਰਤੀਆਂ ਵਿਚ ਮੌਜੂਦ ਹੈ । ਸਿਮਰਤੀਆਂ ਵਿਚ ਜਾਤ ਵਰਣ ਤੋੜਨ ਵਾਲੇ ਅਪਰਾਧੀਆ ਲਈ ਸਖਤ ਸਜ਼ਾਵਾਂ ਨਿਯਤ ਹਨ । ਯਥਾ, ਜੇ ਸ਼ੂਦਰ ਵੇਦ ਪੜ੍ਹੇ ਜਾਂ ਸੁਣੇ ਤਾਂ ਉਸ ਦੀ ਜ਼ਬਾਨ ਕੱਟ ਦਿਤੀ ਜਾਏ ਜਾਂ ਸਿੱਕਾ ਢਾਲਕੇ ਉਸ ਦੇ ਕੰਨਾਂ ਵਿਚ ਪਾ ਦਿਤਾ ਜਾਏ । ਆਪਨੇ ਸੱਪਸ਼ਟ ਲਿਖਿਆ ਹੈ ਜਾਤ ਪਾਤ ਦਾ ਵਿਤਕਰਾ ਧਰਮ ਸ਼ਾਸਤਰਾਂ ਵਲੋਂ ਪ੍ਰਚਲਤ ਹੋਇਆ ਹੈ । ਇਸ ਦਾ ਸਾਫ ਮਤਲਬ ਇਹ ਹੈ ਕਿ ਲੋਕਾਂ ਨੂੰ ਜਾਤ-ਪਾਤ ਦੇ ਵਿਤਕਰਿਆਂ ਨੂੰ ਛਡਣ ਲਈ ਕਹਿਣਾ ਸ਼ਾਸਤਰਾਂ ਦੇ ਮੱਤ ਦੇ ਬੇਸਿਕ ਸਿਧਾਂਤਾਂ ਦੇ ਖਿਲਾਫ ਚਲਣ ਦੀ ਪ੍ਰੇਰਨਾ ਦੇਣੀ ਹੈ । ਜੇ ਅਸੀਂ ਆਪਣੇ ਇਸ ਉਚੇ ਨਿਸ਼ਾਨੇ ਨੂੰ ਪੂਰਾ ਕਰਨਾ ਹੈ ਤਾਂ ਵੇਦਾਂ ਸ਼ਾਸਤਰਾਂ ਦੇ ਧਰਮ ਅਧਿਕਾਰ ਦਾ ਸਰਬ ਨਾਸ਼ ਜ਼ਰੂਰੀ ਹੈ ।

ਡਾਕਟਰ ਸਾਹਿਬ ਦਾ ਉਪਰੋਕਤ ਵਿਚਾਰ ਸਾਡੇ ਖਿਆਲ ਮੁਤਾਬਕ 100 ਫੀਸਦੀ ਸਹੀ ਹੈ । ਇਸੇ ਵਿਚਾਰ ਦੇ ਆਧਾਰ ਪੁਰ ਡਾਕਟਰ ਅੰਬੇਦਕਰ ਨੇ ਅਛੂਤਪੁਣੇ ਦੀ ਬਲਾ ਸਭ ਸ਼ੂਦਰਾਂ ਦੇ ਗਲੋਂ ਲਾਹੁਣ ਲਈ ਹਿੰਦੂ ਧਰਮ ਨੂੰ ਸਦਾ ਲਈ ਤਿਆਗਣ ਦਾ ਨਿਰਨਾ ਖੁਲ੍ਹੇ ਆਮ ਕਰ ਦਿਤਾ ਸੀ । ਇਹ ਠੀਕ ਹੈ ਡਾਕਟਰ ਸਾਹਿਬ ਨੂੰ ਲੱਖਾਂ ਕਰੋੜਾਂ ਅਛੂਤਾਂ ਅਥਵਾ ਸ਼ੂਦਰਾਂ ਨੂੰ ਬ੍ਰਾਹਮਣੀ ਮੱਤ ਦੇ ਇਸ ਨਿਰੇ ਜ਼ੁਲਮ ਅਰ ਧੱਕੇ ਤੋਂ ਬਚਾਉਣ ਦਾ ਮੌਕਾ ਮਿਲ ਨਹੀਂ ਸਕਿਆ, ਕਿਉਂਕਿ ਸਿਆਸਤ ਉਤੇ ਛਾਏ ਬੇਸ਼ੁਮਾਰ ਲੀਡਰ, ਜੋ ਬਾਹਰੋਂ ਸੈਕੂਲਰ ਕਰ ਕੇ ਅਜੇ ਤਕ ਮਸ਼ਹੂਰ ਹਨ, ਪਰ ਅੰਦਰੋਂ ਹਿੰਦੂ ਫਿਰਕੂਪੁਣੇ ਦਾ ਝੱਸ ਪੂਰਾ ਕਰਨ ਲਈ ਸ਼ੂਦਰਾਂ ਅਤੇ ਅਛੂਤਾਂ ਨੂੰ ਅਨੇਕਾਂ ਰਿਆਇਤਾਂ ਸਿਆਸੀ ਅਰ ਮਾਲੀ ਲਾਭਾਂ ਦੇ ਝਾਂਸੇ ਦੇ ਕੇ ਆਪਣਾ ਉੱਲੂ ਸਿੱਧਾ ਕਰਦੇ ਰਹੇ, ਜਿਸ ਕਾਰਨ ਡਾਕਟਰ ਸਾਹਿਬ ਦਾ ਪਵਿਤਰ ਨਿਸ਼ਾਨਾ ਪੂਰਾ ਨਾ ਹੋ ਸਕਿਆ ।

ਗੁਰੂ ਅਮਰਦਾਸ ਜੀ ਨੇ ਜ਼ਾਤ-ਪਾਂਤ ਤੇ ਵਰਣ-ਆਸ਼ਰਮ ਦੇ ਵਿਤਕਰਿਆਂ ਦਾ ਪੂਰਨ ਖੰਡਨ ਅਤੇ ਸਰਬ ਸਾਂਝੀਵਾਲਤਾ ਏਕਤਾ ਅਤੇ ਬਰਾਬਰੀ ਦੇ ਸਿਧਾਂਤਾਂ ਨੂੰ ਅਮਲੀ ਜਾਮਾ ਪਹਿਨਾਣ ਲਈ ਹੋਰ ਕਰੜਾਈ ਨਾਲ ਪ੍ਰੈਕਟੀਕਲ ਇਨਕਲਾਬੀ ਕਦਮ ਚੁਕੇ । ਬ੍ਰਹਮਣੀ ਮੱਤ ਅਨੁਸਾਰ ਸ਼ੂਦਰ ਅਥਵਾ ਅਛੂਤ ਕਹੇ ਜਾਣ ਵਾਲੇ ਮਨੁਖ ਦੇ ਹੱਥ ਦਾ ਖਾਣਾ ਪੀਣਾ ਤਾਂ ਕਿਤੇ ਰਿਹਾ, ਉਸ ਦੇ ਪਰਛਾਵੇਂ ਅਤੇ ਨਜ਼ਰ ਤਕ ਨਾਲ ਭਿੱਟ ਹੁੰਦੀ ਸੀ ।

ਸੁਨਿਆਰੇ ਦੀ ਸੌ ਵਾਰ ਦੀ ਠਕ ਠਕ ਨਾਲ ਕਈ ਵਾਰ ਕੰਮ ਨਹੀਂ ਹੋ ਸਕਦਾ ਲੋਹਾਰ ਦੇ ਹਥੋੜੇ ਦੀ ਇਕੋ ਸੱਟ ਨਾਲ ਕੰਮ ਸੂਤ ਹੋ ਜਾਂਦਾ ਹੈ । ਵਰਣ ਆਸ਼ਰਮੀ ਵਿਤਕਰਿਆਂ ਦੇ ਕੁਫਰ ਦਾ ਗੜ੍ਹ ਪੂਰੀ ਤਰ੍ਹਾਂ ਢਾਹੁਣ ਲਈ ਅਤੇ ਬ੍ਰਾਹਮਣੀ ਜਾਲ ਨੂੰ ਤਾਰ ਤਾਰ ਕਰ ਦੇਣ ਹਿਤ ਗੁਰੂ ਪਾਤਸ਼ਾਹ ਨੇ ਇਕ ਬਹੁਤ ਹੀ ਇਨਕਲਾਬੀ ਕਦਮ ਪੁਟ ਦਿਤਾ । ਲੰਗਰ ਦੀ ਮਰਯਾਦਾ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਤੋਰੀ ਸੀ ਤੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਵੀ ਲੰਗਰ ਦੀ ਪਵਿਤਰ ਮਰਿਯਾਦਾ ਬਦਸਤੂਰ ਜਾਰੀ ਸੀ ਪਰ ਗੁਰੂ ਅਮਰਦਾਸ ਜੀ ਨੇ ਐਲਾਨ ਕਰ ਦਿਤਾ ਕਿ ਸੰਗਤ ਅਤੇ ਦੀਵਾਨ ਵਿਚ ਕੇਵਲ ਉਹ ਜਗਿਆਸੂ ਹਿੱਸਾ ਲੈ ਸਕਣਗੇ ਜੋ ਪਹਿਲਾਂ ਸੰਗਤ ਦੇ ਸਾਂਝੇ ਲੰਗਰ ਵਿਚੋਂ ਪਰਸ਼ਾਦਾ ਛਕ ਲੈਣ । ਇਹ ਵਰਣ-ਆਸ਼ਰਮੀ ਮੱਤ ਦੇ ਸਿਧਾਂਤ ਉਤੇ ਸਿਧਾ ਕੁਠਾਰਾ ਘਾਤ ਸੀ । ਵਰਣ-ਆਸ਼ਰਮੀ ਮੱਤ ਦਾ ਵਿਸ਼ਵਾਸੀ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਦੇ ਬੰਦਿਆਂ ਵਲੋਂ ਪੱਕੇ ਅੰਨ ਤੋਂ ਸਦਾ ਹੀ ਯਰਕਦਾ ਰਿਹਾ ਹੈ । ਉਹਨਾਂ ਵਲੋਂ ਪਕੇ ਅੰਨ ਨੂੰ ਦੇਖਕੇ ਜਾਣੋ ਉਸ ਦੀ ਜਾਨ ਹੀ ਨਿਕਲ ਜਾਂਦੀ ਹੈ। ਅਜਿਹੀ ਖੁਰਾਕ ਤੋਂ ਉਹ ਇਉ ਭਜਦਾ ਹੈ ਜਿਵੇਂ ਬਿੱਲੀ ਨੂੰ ਵੇਖ ਕੇ ਚੂਹਾ ਭੱਜ ਤੁਰਦਾ ਹੈ । ਦੂਰ ਨੇੜਿਓ ਹਜ਼ਾਰਾਂ ਦੀ ਗਿਣਤੀ ਵਿਚ ਸੱਚ ਦੇ ਮੁਤਲਾਸ਼ੀ ਆਤਮਕ ਤੇ ਭਾਈਚਾਰਕ ਰਹਿਨੁਮਾਈ ਲੈਣ ਲਈ ਗੁਰੂ ਦਰਬਾਰ ਹਾਜ਼ਰ ਹੁੰਦੇ ਸਨ । ਸਰਬ-ਸਾਂਝੀਵਾਲਤਾ ਦਾ ਉਪਦੇਸ਼ ਤਾਂ ਪਹਿਲੇ ਭੀ ਦਿਤਾ ਜਾਂਦਾ ਸੀ ਅਰ ਨਿਤ ਇਹੋ ਸਿਖਿਆ ਦਿਤੀ ਜਾਂਦੀ ਸੀ ਕਿ ਕਿਸੇ ਨੂੰ ਨੀਵਾਂ ਤੇ ਅਛੂਤ ਨਾ ਸਮਝੋ, ਕਿਉਕਿ ਸਭ ਬੰਦੇ ਇਕੋ ਪ੍ਰਮੇਸ਼ਰ ਦੇ ਪੁਤਰ ਅਰ ਆਪੋ ਵਿਚ ਭਾਈ ਭਾਈ ਹਨ, ਪਰ ਇਸ ਤੋਂ ਪਹਿਲਾਂ ਕਈ ਬੰਦੇ ਆਪਣਾ ਦਾਅ ਲਗਾ ਲੈਂਦੇ ਸਨ, ਭਾਵ ਸੰਗਤ ਦੀ ਹਾਜ਼ਰੀ ਤਾਂ ਭਰ ਜਾਣਾ ਪਰ ਲੰਗਰ ਦੀ ਪੰਗਤ ਵਿਚ ਬੈਠਣ ਦੀ ਥਾਂ ਮਲਕੜੇ ਜਿਹੇ ਨਿਕਲ ਜਾਣਾ ।

ਲੰਗਰ ਤਿਆਰ ਕਰਨ ਵਿਚ ਹਰ ਕੋਈ ਬਿਨਾਂ ਜਾਤ-ਪਾਤ-ਮਜ਼ਹਬ ਆਦਿ ਦੇ ਵਿਤਕਰਿਆਂ ਦੇ ਸ਼ਾਮਲ ਹੁੰਦਾ ਸੀ । ਛੱਕਣ ਲਈ ਵੀ ਸਾਂਝੀਆਂ ਪੰਗਤਾਂ ਲਗਦੀਆਂ ਸਨ। ਜਾਤਿ ਅਭਿਮਾਨੀਆਂ ਨੇ ਆਪਣੀਆਂ " ਕੀਮਤੀ ਰਾਵਾਂ " ਦੇਣ ਦੇ ਨਿਰਰਥਕ ਜਤਨ ਜ਼ਰੂਰ ਕੀਤੇ ਕਿ ਚਲੋ ਪੰਗਤ ਵਿਚ ਚਲ ਕੇ ਛੱਕ ਲੈਂਦੇ ਹਾਂ, ਪਰ ਅੱਡ ਅੱਡ ਜਾਤਾਂ ਦੀਆਂ ਅੱਡ ਅੱਡ ਪੰਗਤਾਂ ਲਗਵਾ ਦਿਤੀਆਂ ਜਾਣ । ਲੰਗਰ ਤਿਆਰ ਕਰਨ ਵਿਚ ਵੀ ਕੁਝ ਇਕ ਬਹੁਤ ਨੀਵੀਆਂ ਸਮਝੀਆਂ ਜਾਣ ਵਾਲੀਆਂ ਜਾਤਾਂ ਨੂੰ ਨਾ ਸ਼ਾਮਲ ਕੀਤਾ ਜਾਏ ਪਰ ਗੁਰਦੇਵ ਦੀ ਪਰਬਤ ਵਰਗੀ ਮਜ਼ਬੂਤ ਤੇ ਅਡੋਲ ਸ਼ਖਸੀਅਤ ਸਾਹਮਣੇ ਕਿਸੇ ਦੀ ਕੋਈ ਪੇਸ਼ ਨਾ ਜਾ ਸਕੀ । ਜ਼ਾਤ-ਪਾਤ ਦੇ ਵਿਤਕਰਿਆਂ ਦੇ ਨਾਲ ਨਾਲ ਮਾਲੀ ਵਿਤਕਰਿਆਂ ਦਾ ਰਸਤਾ ਭੀ ਵੱਢ ਦਿਤਾ ਗਿਆ ਸੀ । ਅਜ ਇਹ ਗਲ ਭਾਵਾਂ ਸਾਨੂੰ ਬਿਲਕੁਲ ਸਾਧਾਰਨ ਹੀ ਲਗਦੀ ਹੋਵੇ, ਪਰ ਇਤਿਹਾਸ ਦਾ ਗੰਭੀਰ ਪਾਠਕ ਸਮਕਾਲੀ ਸਮਾਜ ਦੇ ਹਾਲਾਤ ਵਾਚਦਿਆਂ ਇਹ ਗਲ ਹੈਰਤ ਨਾਲ ਪੜ੍ਹਨ ਪੁਰ ਮਜਬੂਰ ਹੁੰਦਾ ਹੈ ਕਿ ਗੋਇੰਦਵਾਲ ਸਾਹਿਬ ਦੇ ਲੰਗਰ ਵਿਚ ਅਕਬਰ ਵਰਗੇ ਸ਼ਹਿਨਸ਼ਾਹੇ-ਹਿੰਦ ਅਤੇ ਹਰੀਪੁਰ ਦੇ ਰਾਜੇ ਰਾਣੀਆਂ ਅਤੇ ਦਰਬਾਰੀਆਂ ਆਦਿਕਾਂ ਨੇ ਬਿਲਕੁਲ ਆਮ ਬੰਦਿਆਂ ਨਾਲ ਇਕੋ ਪੰਗਤ ਵਿਚ ਗੋਇੰਦਵਾਲ ਲੰਗਰ ਛਕਿਆ ।

ਵਰਣ-ਆਸ਼ਰਮ ਮਤ ਵਾਲਾ ਵਗਦੇ ਪਾਣੀ ਨੂੰ ਸਾਫ ਅਰ ਪਵਿਤਰ ਮੰਨਦਾ ਸੀ ਭਾਵੇਂ ਉਸ ਵਿਚ ਕਸਰ ਭੀ ਕਿਉ ਨ ਹੋਵੇ । ਅਸਲ ਵਿਚ ਬ੍ਰਾਹਮਣੀ ਮੱਤ ਦੇ ਪੈਰੋਕਾਰਾਂ ਦੇ ਯਰਕਾਟ ਖੜ੍ਹੇ ਪਾਣੀ ਤੋਂ ਨਿਕਲਦੇ ਸਨ । ਗੁਰੂ ਅਮਰਦਾਸ ਜੀ ਨੇ ਸਭ ਨੂੰ ਬੰਦਾ ਬਣਾਉਣ ਲਈ ਬਹੁਤ ਹੀ ਮਨੋਵਿਗਿਆਨਕ ਤਰੀਕਾ ਕਢਿਆ । ਆਪ ਨੇ ਗੋਇੰਦਵਾਲ ਸਾਹਿਬ ਵਿਖੇ ਇਕ ਵੱਡੀ ਤਕੜੀ ਬਾਉਲੀ ਬਣਾਈ । ਇਕ ਤਾਂ ਸਾਫ ਪਾਣੀ ਦੀ ਥੋੜ ਪੂਰੀ ਤਰ੍ਹਾਂ ਦੂਰ ਹੋ ਗਈ ਤੇ ਦੂਜੇ ਇਸ ਖੜ੍ਹੇ ਪਾਣੀ ਦੇ ਸੋਮੇ ਨੂੰ ਸਭ ਜਾਤਾਂ ਮਜ਼ਹਬਾਂ ਦੇ ਲੋਕ ਜਲ ਲੈਣ ਪੀਣ ਅਥਵਾ ਇਸ਼ਨਾਨ ਲਈ ਵਰਤ ਸਕਦੇ ਸਨ । ਕੁਦਰਤੀ ਗਲ ਸੀ ਕਿ ਘਟੋ ਘੱਟ ਸਿੱਖ ਮਤ ਵਿਚ ਸ਼ਾਮਲ ਹੋਣ ਵਾਲੇ ਲੋਕ ਜ਼ਾਤ-ਪਾਤ ਦੇ ਜਾਲ ਨੂੰ ਫੌਰੀ ਤੌਰ ਤੇ ਤੋੜਨ ਵਿਚ ਕਾਮਯਾਬ ਹੋ ਜਾਂਦੇ ਜਿਸ ਨੇ ਕੁਝ ਬਰਸਾਂ ਵਿਚ ਹੀ ਇਹਨਾਂ ਨੂੰ ਇਕ ਤਾਕਤਵਰ ਕੌਮ ਬਣਾ ਦਿਤਾ । ਖਿਆਲ ਰਹੇ ਕਿ ਵਰਣ  ਆਸ਼ਰਮੀ ਬ੍ਰਹਿਮਣੀ ਮੱਤ ਦੇ ਇਸ ਮਾਇਆ ਜਾਲ ਨੂੰ ਤੋੜਨ ਖਾਤਰ ਹੀ ਸ੍ਰੀ ਅੰਮ੍ਰਿਤਸਰ ਤੇ ਤਰਨਤਾਰਨ ਸਾਹਿਬ ਆਦਿਕ ਅਸਥਾਨਾਂ ਤੇ ਉਪਰੋਕਤ ਟੈਕਨੀਕ ਨੂੰ ਵਰਤਦਿਆਂ ਸਰੋਵਰਾਂ ਦਾ ਨਿਰਮਾਣ ਕੀਤਾ ਗਿਆ । ਖੜ੍ਹੇ ਜਲਾਂ ਵਿਚ ਸਭ ਜਾਤਾਂ ਦੇ ਬੰਦੇ ਇਸ਼ਨਾਨ ਕਰਕੇ ਆਪਣੇ ਜ਼ਾਤ-ਪਾਤ ਦੇ ਵਿਤਕਰਿਆਂ ਨੂੰ ਤੋੜਨ ਵਿਚ ਕਾਮਯਾਬ ਹੁੰਦੇ ਗਏ ਅਤੇ ਇਸ ਤਰ੍ਹਾਂ ਬ੍ਰਾਹਮਣ ਭਾਉ ਸਾਡੇ ਗਲੋਂ ਲਥਦਾ ਗਿਆ । ਕਾਸ਼! ਸਰੋਵਰਾਂ ਦੀ ਮਹਾਨਤਾ ਨੂੰ ਅੱਜ ਕੌਮ ਇਸ ਅਸਲ ਪਹਿਲੂ ਰਾਹੀਂ ਸਮਝ ਸਕਦੀ ।

ਪੁਰਾਤਨ ਰਵਾਇਤ ਤੁਰੀ ਆਉਂਦੀ ਹੈ ਕਿ ਚੌਰਾਸੀ ਪਉੜੀਆਂ ਵਾਲੀ ਇਸ ਬਾਉਲੀ ਵਿਚ ਇਸ਼ਨਾਨ ਕਰਨ ਨਾਲ ਬੰਦਾ ਚੌਰਾਸੀ ਦੇ ਗੇੜ ਵਿਚੋਂ ਨਿਕਲ ਜਾਂਦਾ ਹੈ । ਗੱਲ ਸੌ ਫੀਸਦੀ ਠੀਕ ਹੈ । ਗੁਰਮਤ ਨੂੰ ਨਾ ਸਮਝਣ ਮੰਨਣ ਵਾਲਾ ਵਰਣ-ਆਸ਼ਰਮੀ ਵਿਤਕਰਿਆਂ ਦਾ ਸ਼ਰਧਾਲੂ ਵਾਸਤਵ ਵਿਚ ਚੌਰਾਸੀ ਦਾ ਖਾਜ ਹੀ ਤਾਂ ਹੈ ਅਰ ਇਸ ਮਹਾਨ ਬਾਉਲੀ ਵਿਚ ਇਸ਼ਨਾਨ ਕਰਨ ਸਮੇਂ ਇਸ ਚੌਰਾਸੀ ਮੱਤ ਦਾ ਜਾਲ ਕੁਦਰਤੀ ਤੌਰ ਤੇ ਕਟਿਆ ਜਾਂਦਾ ਹੈ, ਭਾਵ ਜ਼ਾਤ-ਪਾਤ ਦੇ ਬੰਧਨ ਕਟੇ ਜਾਂਦੇ ਹਨ ਅਤੇ ਸਾਨੂੰ ਹਰ ਮਨੁੱਖ ਰੱਬ ਦੀ ਸੋਹਣੀ ਸਿਰਜਨਾ ਪ੍ਰਤੀਤ ਹੋਣ ਲੱਗ ਜਾਂਦਾ ਹੈ ।

**(2) ਸਤੀ ਦੀ ਅਣਮਨੁਖੀ ਰਸਮ ਤੇ ਇਸਤੀ ਜਾਤਿ :**

**ਸਤੀਆਂ ਏਹਿ ਨ ਆਖੀਅਨਿ ਜੋ ਮੜਿਆਂ ਲਗਿ ਜਲੰਨ੍ਹਿ ।।**
**ਨਾਨਕ ਸਤੀਆਂ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ।।**
**ਭੀ ਸੋ ਸਤੀਆਂ ਜਾਣੀਅਨਿ, ਸੀਲ ਸੰਤੋਖਿ ਰਹੰਨ੍ਹਿ ।।**
**ਸੇਵਨਿ ਸਾਈ ਆਪਣਾ, ਨਿਤ ਉਠ ਸੰਮ੍ਹਾਲੰਨ੍ਹਿ ।।**

(ਸੂਹੀ, ਮ: ੩, ਪੰਨਾ ੭੮੭)

ਇਥੋਂ ਦੇ ਹਿੰਦੂ ਸਮਾਜ ਨੇ ਇਸਤ੍ਰੀ ਜਾਤਿ ਬਾਰੇ ਅਜੀਬ ਮਨੌਤਾਂ ਘੜ ਰਖੀਆ ਸਨ। ਹੋਰ ਪਦਾਰਥਾਂ ਦੀ ਤਰ੍ਹਾਂ ਇਹ ਮਨੁੱਖ ਦੀ ਨਿੱਜੀ ਜਾਇਦਾਦ ਹੀ ਸੀ । ਇਸ਼ ਨੂੰ ਬਾਕੀ ਪਦਾਰਥਾਂ ਦੀ ਤਰ੍ਹਾਂ ਦਾਨ (ਬ੍ਰਾਹਮਣਾਂ ਨੂੰ) ਵਿਚ ਦਿੱਤਾ ਜਾ ਸਕਦਾ ਸੀ । ਜ਼ਰੂਰਤ ਪੈਣ ਤੇ ਜੂਏ ਵਿਚ ਦਾਅ ਤੇ ਵੀ ਲਾਈ ਜਾ ਸਕਦੀ ਸੀ । ਸ਼ੂਦਰ ਹੋਣ ਕਾਰਨ ਉਹ ਜਨੇਊ

(ਜਗਯੋਪਵੀਤ) ਧਾਰਨ ਨਹੀਂ ਸੀ ਕਰ ਸਕਦੀ । ਜਿਸ ਬਦਕਿਸਮਤ ਇਸਤ੍ਰੀ ਦਾ ਪਤੀ ਚੜ੍ਹਾਈ ਕਰ ਜਾਵੇ, ਤਾਂ ਉਸ ਇਸਤ੍ਰੀ ਨੂੰ ਆਪਣੇ ਪਤੀ ਦੀ ਲੋਥ ਨਾਲ ਹੀ ਸੜ ਮਰਨਾ ਪੈਂਦਾ ਸੀ । ਇਹ ਨਿਸਚੇ ਤੌਰ ਤੇ ਹਿਰਦੇ-ਵੇਦਕ ਅਣਮਨੁਖੀ ਅਤੇ ਅਤਿਆਚਾਰੀ ਰਸਮ ਸੀ । ਜੇ ਇਸਤਰੀ ਮਰ ਜਾਏ ਤਾਂ ਪਤੀ ਹੋਰ ਵਿਆਹ ਕਰਵਾ ਸਕਦਾ ਸੀ, ਪਰ ਪਤੀ ਮਰ ਜਾਏ, ਤਾਂ ਇਸਤ੍ਰੀ ਜੀਉਂਦਿਆਂ ਹੀ ਉਸ ਦੀ ਲੋਥ ਨਾਲ ਸਾੜ ਦਿਤਾ ਜਾਂਦਾ ਸੀ । ਪੁਰਾਣੇ ਧਾਰਮਕ ਸ਼ਾਸ਼ਤਰਾਂ ਗਰੰਥਾਂ ਦਾ ਇਸ ਤੋਂ ਵੱਡਾ ਜ਼ੁਲਮ ਹੋਰ ਕੀ ਹੋ ਸਕਦਾ ਸੀ ?

ਗੁਰੂ ਸਾਹਿਬ ਨੇ ਸਮਾਜ ਵਿਚ ਸਪੱਸ਼ਟ ਤੌਰ ਤੇ ਇਹ ਪ੍ਰਚਾਰ ਕੀਤਾ ਕਿ ਉਹ ਇਸਤ੍ਰੀ ਸਤੀ ਨਹੀਂ ਕਹੀ ਜਾ ਸਕਦੀ ਜੋ ਪਤੀ ਦੀ ਲੋਥ ਨਾਲ ਸੜ ਮਰਦੀ ਹੈ । ਸਤੀ ਉਹ ਇਸਤ੍ਰੀ ਹੈ ਜੋ ਪਤੀ ਦੇ ਵਿਛੋੜੇ ਦੀ ਚੋਟ ਨੂੰ ਸਹਿੰਦਿਆਂ ਪ੍ਰਭੂ ਦੇ ਭਾਣੇ ਅੰਦਰ ਜੀਵਨ ਬਤੀਤ ਕਰਦੀ ਹੈ । ਉਹ ਇਸਤ੍ਰੀਆਂ ਭੀ ਸਤੀਆਂ ਹਨ ਜੋ ਉਸ ਆਚਰਨ ਅਰ ਸੰਤੋਖ ਦੇ ਗੁਣਾ ਨੂੰ ਧਾਰਨ ਕਰੀ ਰੱਖਦੀਆਂ ਹਨ ਅਤੇ ਜੋ ਆਪਣੇ ਪਤੀ ਦੀ ਸੇਵਾ ਕਰਦੀਆਂ ਹਨ ਅਤੇ ਨਿੱਤ ਹੀ ਸਾਵਧਾਨ ਹੋ ਕੇ ਆਪਣੇ ਇਸ ਫਰਜ਼ ਨੂੰ ਸੰਭਾਲਦੀਆਂ ਹਨ ।

ਗੁਰੂ ਨਾਨਕ ਪਾਤਸ਼ਾਹ ਨੇ ਇਸਤ੍ਰੀ ਨੂੰ ਪੁਰਖ ਦੇ ਮੁਕਾਬਲੇ ਨੀਵਾਂ ਜਾਂ ਮਾੜਾ ਨਹੀਂ ਮੰਨਿਆ ਸੀ ਅਤੇ ਸਾਫ ਕਿਹਾ ਸੀ/ਕਿ ਉਸ ਇਸਤ੍ਰੀ ਨੂੰ ਨੀਵਾਂ ਕਿਵੇਂ ਕਿਹਾ ਜਾ ਸਕਦਾ ਹੈ ਜਿਸਦੀ ਕੁਖ ਵਿਚੋਂ ਵਡੇ ਵਡੇ ਮਹਾਂਪੁਰਖ, ਰਾਜੇ ਤੇ ਧਰਮਾਤਮਾ ਪੁਰਖ ਜਨਮ ਲੈਂਦੇ ਹਨ । ਲਤੀਫ ਦੇ ਮੁਤਾਬਕ ਵੀ ਗੁਰੂ ਅਮਰਦਾਸ ਜੀ ਨੇ ਆਪਣੇ ਸਿੱਖ ਸਮਾਜ ਵਿਚੋਂ ਸਤੀ ਵਰਗੀ ਅਣਮਨੁਖੀ ਅਤੇ ਦਿਲ ਕੰਬਾਊ ਰਸਮ ਅਥਵਾ ਅਤਿਆਚਾਰ ਨੂੰ ਪੂਰਨ ਤੌਰ ਤੇ ਰੱਦ ਕਰ ਦਿਤਾ ਸੀ । ਜੀ. ਬੀ. ਸਕਾਟ ਮੁਤਾਬਕ ਗੁਰੂ ਸਾਹਿਬ ਸਭ ਤੋਂ ਪਹਿਲੇ ਐਸੇ ਮੁਖੀ ਸੁਧਾਰਕ ਸਨ ਜਿਹਨਾਂ ਨੇ ਸਤੀ ਦੀ ਜ਼ੁਲਮਾਂ ਭਰੀ ਰਸਮ ਵਿਰੁਧ ਆਵਾਜ਼ ਬੁਲੰਦ ਕੀਤੀ । ਸਮਾਜ ਵਿਚ ਵਿਭਚਾਰ ਨ ਵਧੇ ਇਹ ਸੋਚ ਕੇ ਲੋੜ-ਮੁਜਬ ਵਿਧਵਾ ਵਿਆਹਾਂ ਦਾ ਭੀ ਪਰਚਾਰ ਕੀਤਾ । ਸਤੀ ਦੀ ਰਸਮ ਨੂੰ ਕਾਨੂੰਨਨ ਬੰਦ ਕਰਵਾਉਣ ਲਈ (ਗੁਰੂ) ਰਾਮਦਾਸ ਜੀ ਨੂੰ ਹਦਾਇਤ ਕੀਤੀ ਸੀ ਕਿ ਉਹ ਬਾਦਸ਼ਾਹ ਅਕਬਰ ਨਾਲ ਗੱਲਬਾਤ ਕਰਨ, ਤਾਂ ਕਿ ਕਾਨੂੰਨੀ ਤਾਕਤ ਨਾਲ ਇਸ ਅਤਿਆਚਾਰ ਭਰੀ ਰਸਮ ਨੂੰ ਬੰਦ ਕੀਤਾ ਜਾ ਸਕੇ ।

ਇਸਤਰੀ ਜਾਤੀ ਨਾਲ ਇਤਨਾ ਵਿਤਕਰਾ ਸ਼ਾਸਤਰੀ ਮੱਤ ਨੇ ਕਰ ਰਖਿਆ ਸੀ ਕਿ ਹਰ ਪਖੋਂ ਇਸਦੀ ਅਧੋਗਤੀ ਝਲਕਦੀ ਸੀ । ਧਰਮ-ਕਰਮ ਤੇ ਸਮਾਜਕ ਸਰਗਰਮੀਆਂ ਵਿਚ ਹਿੱਸਾ ਲੈਣਾ ਤਾਂ ਕਿਤੇ ਰਿਹਾ, ਅੱਡ ਅੱਡ ਰਸਮਾਂ ਦੇ ਭਾਰ ਨਾਲ ਉਸ ਨੂੰ ਇਤਨਾ ਦਬਾ ਦਿੱਤਾ ਗਿਆ ਸੀ ਕਿ ਉਹ ਉਭਾਸਰ ਵੀ ਨਹੀਂ ਸੀ ਸਕਦੀ । ਜੁਆਨ ਇਸਤ੍ਰੀ ਜੇ ਵਿਧਵਾ ਹੋ ਜਾਵੇ, ਤਾਂ ਉਸ ਨੂੰ ਹੋਰ ਅਨੰਦ ਕਾਰਜ ਕਰਾ ਲੈਣ ਦੀ ਇਜਾਜ਼ਤ ਨਹੀਂ ਸੀ । ਇਸ ਕੁਹਜੀ ਰਸਮ ਦੇ ਨਤੀਜੇ ਦੇ ਤੌਰ ਤੇ ਵਿਧਵਾ ਇਸਤ੍ਰੀ ਦਾ ਜੀਵਨ ਨਿਰਾ ਨਰਕ ਬਣ ਜਾਂਦਾ ਸੀ ਕਿਉਕਿ ਉਸਦੀਆਂ ਸੰਸਾਰਕ ਲੋੜਾਂ ਲਈ ਕੋਈ ਵਸੀਲਾ ਆਮ ਤੌਰ ਤੇ ਨਹੀਂ ਸੀ ਰਹਿੰਦਾ । ਫਿਰ ਇਸ ਕੁਹਝੀ ਰਸਮ ਕਾਰਨ ਸਮਾਜ ਵਿਚ ਵਿਭਚਾਰ ਵੱਧਣ ਦੇ ਮੌਕੇ ਪੈਦਾ ਹੁੰਦੇ ਰਹਿੰਦੇ ਸਨ । ਇਸਤ੍ਰੀ ਨੂੰ ਸਮਾਜ ਵਿਚ ਖੁਲ੍ਹੇ ਰੂਪ ਵਿਚ ਵਿਚਰਨ ਦੀ ਆਗਿਆ ਨਹੀ ਸੀ । ਉਹ ਨਗਨ ਮੁਖ ਹੋਰ ਲੋਕਾਂ ਦੇ ਸਾਹਮਣੇ ਨਹੀਂ ਸੀ ਹੋ ਸਕਦੀ । ਉਸਨੂੰ ਪਰਦੇ ਵਿਚ

ਰਹਿਣਾ ਪੈਂਦਾ ਸੀ ਅਤੇ ਜੇ ਬਹੁਤੀ ਲੋੜ ਪੈ ਗਈ ਤਾਂ ਘੁੰਡ ਕੱਢ ਕੇ ਭਾਵ ਮੂੰਹ, ਚਿਹਰਾ ਨੱਕ ਆਦਿ ਪੂਰੀ ਤਰ੍ਹਾਂ ਢੱਕ ਕੇ ਪੇਸ਼ ਹੋਣਾ । ਇਹ ਕੁਹਜੀਆਂ ਰਸਮਾਂ ਇਸਤ੍ਰੀ ਜ਼ਾਤੀ ਦੀ ਸਿਹਤ ਲਈ ਹੀ ਹਾਨੀਕਾਰਕ ਨਹੀਂ ਸਨ, ਬਲਕਿ ਇਹਨਾਂ ਰਸਮਾਂ ਨਾਲ ਇਸ਼ਤ੍ਰੀ ਜ਼ਾਤੀ ਦੇ ਮਨ ਵਿਚ ਆਤਮਹੀਣਤਾ (Inferiority complex) ਦਾ ਅਕਹਿ ਭਾਵ ਪੈਦਾ ਹੋਣਾ ਭੀ ਕੁਦਰਤੀ ਗੱਲ ਸੀ ਜਿਸ ਨਾਲ ਇਸਤਰੀ ਦੀ ਸ਼ਖਸੀਅਤ ਦਾ ਵਿਕਾਸ ਵੀ ਸੰਭਵ ਨਹੀ ਸੀ ਰਹਿ ਜਾਂਦਾ । ਹਰੀਪੁਰ ਦੇ ਰਾਜੇ ਦੀ ਸਾਖੀ ਤੋਂ ਗੁਰੂ ਪਾਤਸ਼ਾਹ ਦੀ ਇਸੇ ਸਿਖਿਆ ਦਾ ਸੰਕੇਤ ਮਿਲਦਾ ਹੈ, ਜਿਸ ਰਾਹੀਂ ਉਹਨਾਂ ਨੇ ਸਭ ਰਾਣੀਆਂ ਤੇ ਇਸਤ੍ਰੀਆਂ ਨੂੰ ਘੁੰਡ ਕੱਢਣ ਦੀ ਥੋਥੀ ਰਸਮ ਦਾ ਤਿਆਗ ਕਰਨ ਲਈ ਕਿਹਾ ਸੀ ਇਹ ਬਿਮਾਰੀ ਹੁਣ ਸਾਡੇ ਸਮਾਜ ਵਿਚੋ ਬਹੁਤੀ ਆਮ ਤਾਂ ਨਹੀਂ ਹੈ, ਪਰ ਅਨੰਦ ਕਾਰਜਾਂ ਦੇ ਮੌਕੇ ਇਹ ਡਰਾਮਾ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿਚ ਲਾੜੀ ਵਲੋਂ ਕਰਵਾ ਦੇਣ ਦਾ ਦਾਅ ਅਜੇ ਵੀ ਮਾਰਿਆ ਜਾ ਰਿਹਾ ਹੈ । ਗੁਰਮਤ ਧਾਰਨੀਆਂ ਨੂੰ ਇਸ ਪਾਸੇ ਭੀ ਧਿਆਨ ਦੇਣਾ ਚਾਹੀਦਾ ਹੈ ।

(3) ਵਿਆਹ-ਸ਼ਾਦੀਆਂ ਦੀਆਂ ਰਸਮਾਂ ਵਿਚ ਸੁਧਾਰ :

–" ਇਹੁ ਜਗਤੁ ਮਮਤਾ ਮੁਆ, ਜੀਵਣ ਕੀ ਬਿਧਿ ਨਾਹਿ ।। ੫੦੮ ।।
ਗੁਰ ਕੈ ਭਾਣੈ ਜੋ ਚਲੈ, ਤਾਂ ਜੀਵਣ ਪਦਵੀ ਪਾਹਿ ।।
" ਹਉਮੈ ਮਮਤਾ ਮੋਹਣੀ, ਮਨਮੁਖਾ ਨੋ ਗਈ ਖਾਇ ।।
ਜੋ ਮੋਹਿ ਦੂਜੈ ਚਿਤੁ ਲਾਇਦੇ, ਤਿਨ੍ਹਾ ਵਿਆਪਿ ਰਹੀ ਲਪਟਾਇ ।। ੫੧੩।।"
–" ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ ।।
ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ ।।
ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ ।। ੫੧੪ ।।
–" ਏਹੁ ਸਭੁ ਕਿਛੁ ਆਵਣ ਜਾਣੁ ਹੈ ਜੇਤਾ ਹੈ ਆਕਾਰੁ ।।
ਜਿਨਿ ਏਹੁ ਲੇਖਾ ਲਿਖਿਆ ਸੋ ਹੋਆ ਪਰਵਾਣੁ ।।
ਨਾਨਕ ਜੇ ਕੋ ਆਪੁ ਗਣਾਇਦਾ, ਸੋ ਮੂਰਖ ਗਾਵਾਰੁ ।। ੫੧੬" ।।
–" ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ।।
ਨਾਨਕ ਨਾਮਿ ਰਤੇ ਤਿਨ ਹਉਮੈ ਗਈ , ਸਚੈ ਰਹੇ ਸਮਾਇ ।। ੪੨੬" ।।
–" ਹਮ ਨੀਚ ਮੈਲੇ ਅਤਿ ਅਭਿਮਾਨੀ, ਦੂਜੈ ਭਾਇ ਵਿਕਾਰ ।।
ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ।। ੪੨੭।।"
– " ਬਿਨੁ ਨਾਵੈ ਸੁਖੁ ਨ ਪਾਈਐ ਨਾ ਦੁਖੁ ਵਿਚਹੁ ਜਾਇ ।।
ਇਹ ਜਗੁ ਮਾਇਆ ਮੋਹਿ ਵਿਆਪਿਆ ਦੂਜੈ ਭਰਮਿ ਭੁਲਾਇ ।। ੪੩੦।।"
–" ਪੂਰੈ ਗੁਰਿ ਸਮਝਾਇਆ, ਮਤਿ ਊਤਮ ਹੋਈ ।।
ਅੰਤਰੁ ਸੀਤਲੁ ਸਾਂਤਿ ਹੋਇ, ਨਾਮੇ ਸੁਖੁ ਹੋਈ ।। ੪੨੪" ।।
–"ਇਸੁ ਜੁਗ ਮਹਿ ਸੋਭਾ ਨਾਮ ਕੀ, ਬਿਨੁ ਨਾਵੈ ਸੋਭ ਨ ਹੋਇ ।।

ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਂਦੀ ਬਿਲਮੁ ਨ ਹੋਇ ।।
– " ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ।। " ੯੧੮

(ਸ੍ਰੀ ਗੁਰੂ ਅਮਰਦਾਸ ਜੀ)

ਮਨੁਖ ਦੇ ਆਤਮਕ ਜੀਵਨ ਨੂੰ ਤਬਾਹ ਕਰਨ ਵਿਚ ਸਾਡੇ ਕਈ ਭਾਈਚਾਰਕ ਅਰ ਸਮਾਜਕ ਰਸਮੋਂ-ਰਿਵਾਜ ਬੜਾ ਅਹਿਮ ਰੋਲ ਅਦਾ ਕਰਦੇ ਹਨ । ਜੇ ਇਹ ਰਸਮੋ-ਰਿਵਾਜ ਸਾਦਗੀ-ਭਰੇ ਅਤੇ ਅਸਲੀਅਤ ਵਾਲੇ ਹੋਣ ਤਾਂ ਮਨੁਖ ਦੀ ਆਤਮਕ ਉਸਾਰੀ ਲਈ ਲਾਭਦਾਈ ਹੁੰਦੇ ਹਨ, ਪਰ ਜੇ ਇਹਨਾਂ ਵਿਚ ਹੋਰ-ਹੋਰ ਨੀਵੀਆਂ ਮਨੋਬਿਰਤੀਆਂ ਦਖਲ-ਅੰਦਾਜ਼ ਹੋ ਜਾਣ, ਤਾਂ ਮਨੁਖ ਦਾ ਆਤਮਕ ਜੀਵਨ ਹੀ ਨੀਵਾਂ ਨਹੀਂ ਹੋ ਜਾਂਦਾ, ਬਲਕਿ ਇਹਨਾਂ ਨਾਲ ਮਨੁਖੀ ਭਾਈਚਾਰੇ ਵਿਚ ਭੀ ਕਈ ਕਲੇਸ਼ ਉਠ ਖਲੋਂਦੇ ਹਨ । ਫਿਰ, ਇਹਨਾਂ ਕਲੇਸ਼ਾਂ ਨਾਲ ਹੋਰ ਵਧੀਕ ਸਮਾਜਕ ਬੁਰਾਈਆਂ ਦਾ ਜਨਮ ਹੁੰਦਾ ਜਾਂਦਾ ਹੈ । ਜਿਸ ਨਾਲ ਮਨੁਖੀ ਜੀਵਨ ਨਰਕ ਬਣ ਜਾਂਦਾ ਹੈ ।

ਵਿਆਹ-ਸ਼ਾਦੀਆਂ ਨਾਲ ਸਬੰਧਤ ਅਨੇਕਾਂ ਰਸਮਾਂ ਪੈਦਾ ਹੋ ਚੁਕੀਆਂ ਹਨ ਜਿਨ੍ਹਾਂ ਕਰਕੇ ਮਨੁਖ ਦਾ ਆਤਮਕ ਜੀਵਨ ਹੀ ਤਬਾਹ ਨਹੀਂ ਹੋਇਆ ਬਲਕਿ ਭਾਈਚਾਰਕ ਪੱਖੋਂ ਵੀ ਮਨੁੱਖੀ ਜੀਵਨ ਕੁੰਭੀ ਨਰਕ ਬਣ ਚੁੱਕਾ ਹੈ ਗੁਰੂ ਅਮਰਦਾਸ ਜੀ ਇਸ ਤੱਥ ਨੂੰ ਭਲੀ-ਭਾਂਤ ਸਮਝਦੇ ਸਨ ਅਰ ਇਸੇ ਲਈ ਇਸ ਸੰਬੰਧੀ ਆਪ ਨੇ ਲੋੜੀਂਦੇ ਸੁਧਾਰ ਮਨੁਖ ਸਮਾਜ ਵਿਚ ਛੇਤੀ ਤੌਰ ਤੇ ਕਰਨੇ ਜ਼ਰੂਰੀ ਸਮਝੇ ਸਨ । ਵਿਆਹ-ਸ਼ਾਦੀਆਂ ਸਬੰਧੀ ਬੇਲੜਵੇਂ ਰਸਮੋਂ-ਰਿਵਾਜਾਂ ਦਾ ਜਨਮ ਅਤੇ ਵਿਕਾਸ ਮਨੁਖ ਦੀਆਂ ਨੀਵੀਆਂ ਮਨੋਬਿਰਤੀਆਂ ਵਿਚੋਂ ਹੋਇਆ ਹੈ । ਮਨੁਖੀ ਮਨੋਬਿਰਤੀਆਂ ਨੂੰ ਠੀਕ ਸੇਧ ਦੇਣ ਲਈ ਆਪ ਨੇ ਆਪਣੀ ਬਾਣੀ ਅਤੇ ਅਮਲੀ ਜੀਵਨ ਰਾਹੀਂ ਪਵਿਤ੍ਰ ਵਿਚਾਰ ਦ੍ਰਿੜਾਏ ਅਤੇ ਪ੍ਰਚਾਰੇ ਸਨ ।

ਸੰਸਾਰ ਦੇ ਲੋਕ ਮਮਤਾ ਦੀ ਭਾਵਨਾ ਕਰਕੇ ਆਤਮਕ ਜੀਵਨ ਬਰਬਾਦ ਕਰ ਰਹੇ ਹਨ ਅਤੇ ਉਹ ਆਦਰਸ਼ਕ ਜੀਵਨ ਜੁਗਤੀ ਤੋਂ ਅਣਜਾਣ ਹਨ । ਸਹੀ ਜੀਵਨ ਜੁਗਤੀ ਲਈ ਗੁਰੂ ਦੀ ਸਿਖਿਆ ਅਨੁਸਾਰ ਚਲਣਾ ਜ਼ਰੂਰੀ ਹੈ । ਗੁਰੂ ਦੀ ਮੱਤ ਨੂੰ ਛੱਡ ਕੇ ਮਨ ਦੀ ਅਗਵਾਈ ਵਿਚ ਚੱਲਣ ਵਾਲੇ ਹਉਮੈ ਅਤੇ ਮਮਤਾ ਹੱਥੋਂ ਤਬਾਹ ਹੁੰਦੇ ਹਨ ਅਤੇ ਉਹ ਰੱਬ ਨੂੰ ਛਡ ਕੇ ਮਾਇਆ ਵਿਚ ਚਿਤ ਜੋੜੀ ਰਖਦੇ ਹਨ । ਲੋਭੀ ਪੁਰਖ ਬੇਲੋੜਵੀਆਂ ਮਾਇਕ ਇਛਾਵਾਂ ਦੀ ਪੂਰਤੀ ਲਈ ਭਟਕਦੇ ਰਹਿੰਦੇ ਹਨ । ਮਨਮਤੀ ਪੁਰਖ ਸੰਸਾਰਕ ਵਡਿਆਈ ਅਤੇ ਜਾਤਿ-ਅਭਿਮਾਨ ਦੇ ਟੇਟੇ ਚੜ੍ਹ ਕੇ ਆਪਣੇ ਲਈ ਦੁਖ ਪੈਦਾ ਕਰਦੇ ਹਨ ਅਜਿਹੇ ਮਨਮੁਖ ਇਸ ਹਕੀਕਤ ਨੂੰ ਹੀ ਨਹੀਂ ਸਮਝਦੇ ਕਿ ਮਾਇਕ ਵਡਿਆਈਆਂ ਆਉਣੀਆਂ ਜਾਣੀਆਂ ਹੀ ਹਨ ਅਤੇ ਆਪਣੇ ਆਪ ਨੂੰ ਇਹਨਾਂ ਦੇ ਆਧਾਰ ਤੇ ਵੱਡਾ ਗਿਣਨ ਵਾਲਾ ਮਨੁਖ ਮੂਰਖ ਅਤੇ ਗੰਵਾਰ ਹੁੰਦਾ ਹੈ ।

ਗੁਰੂ ਅਮਰਦਾਸ ਜੀ ਅਨੁਸਾਰ ਸੰਸਾਰ ਦੇ ਬਹੁਤੇ ਮਨੁਖ ਆਪਣੀ ਹਉਮੈ ਬਿਰਤੀ ਵਿਚ ਹੀ ਵਿਚਰ ਰਹੇ ਹਨ । ਇਸ ਹਉਮੈ ਬਿਰਤੀ ਤੋਂ ਗੁਰ ਉਪਦੇਸ਼ ਰਾਹੀਂ ਹੀ ਛੁਟਕਾਰਾ ਪਾਇਆ ਜਾ ਸਕਦਾ ਹੈ । ਗੁਰੂ -ਦਰਸਾਈ ਜੁਗਤੀ ਅਨੁਸਾਰ ਪ੍ਰਭੂ ਨਾਲ ਸੱਚਾ ਪਿਆਰ

ਪਾ ਕੇ ਉਸ ਦਾ ਨਾਮ ਸਿਮਰਨ ਕਰਨ ਨਾਲ ਹਉਮੈ ਨੂੰ ਖਤਮ ਕੀਤਾ ਜਾ ਸਕਦਾ ਹੈ । ਅਸੀਂ ਸੰਸਾਰੀ ਜੀਵ ਨੀਚ ਅਤੇ ਪਾਪਾਂ ਭਰੇ ਹੋਣ ਤੇ ਵੀ ਅਹੰਕਾਰ ਕਰੀ ਜਾ ਰਹੇ ਹਾਂ ਅਤੇ ਗੁਰੂ-ਰੂਪੀ-ਪਾਰਸ ਦੀ ਛੁਹ ਬਿਨਾ ਸਾਡਾ ਜੀਵਨ ਨਿਰਮਲ ਨਹੀਂ ਬਣ ਸਕਦਾ । ਇਹ ਗੱਲ ਪੱਕੀ ਤਰ੍ਹਾਂ ਸਮਝਣੀ ਚਾਹੀਦੀ ਹੈ ਕਿ ਪ੍ਰਭੂ ਦੇ ਪਿਆਰ ਅਤੇ ਸਿਮਰਨ ਬਿਨਾਂ ਸੱਚਾ ਸੁਖ ਨਹੀਂ ਮਿਲ ਸਕਦਾ ਅਤੇ ਮਨ ਦਾ ਸੰਸਾਰਕ ਦੁਖਾਂ ਤੋਂ ਛੁਟਕਾਰਾ ਵੀ ਨਹੀਂ ਹੋ ਸਕਦਾ । ਸੰਸਾਰ ਦੇ ਬੰਦੇ ਮਾਇਆ ਦੇ ਪਿਆਰ ਵਿਚ ਫਸੇ ਹੋਏ ਹੋਣ ਕਰਕੇ ਸੱਚੇ ਮਾਰਗ ਤੋਂ ਖੁੰਝੇ ਪਏ ਹਨ । ਕੇਵਲ ਮਾਤਰ ਪੂਰੇ ਗੁਰੂ ਦੇ ਉਪਦੇਸ਼ ਨਾਲ ਸਾਡੀ ਬੁਧੀ ਉੱਤਮ ਅਰ ਨਿਰਮਲ ਹੋ ਸਕਦੀ ਹੈ ਅਤੇ ਸਾਡੇ ਮਨ ਵਿਚ ਠੰਡਕ, ਸ਼ਾਂਤੀ ਅਤੇ ਸਦੀਵੀ ਸੁੱਖ ਪੈਦਾ ਹੋ ਸਕਦਾ ਹੈ । ਮਨੁਖੀ ਜੀਵਨ ਦੀ ਸੱਚੀ ਸ਼ੋਭਾ-ਵਡਿਆਈ ਪ੍ਰਮੇਸ਼ਰ ਦੇ ਨਾਮ ਸਿਮਰਨ ਵਿਚ ਹੈ, ਮਾਇਕ ਪ੍ਰਾਪਤੀਆਂ ਰਾਹੀਂ ਮਿਲੀ ਸ਼ੋਭਾ-ਵਡਿਆਈ ਚਾਰ ਦਿਹਾੜਿਆਂ ਮਾਤਰ ਲਈ ਖਿਨ-ਭੰਗਰ (Transitory) ਹੁੰਦੀ ਹੈ ਜਿਸਦੀ ਕੋਈ ਪਾਇਆਂ ਨਹੀਂ । ਸਿੱਧੀ ਅਤੇ ਸਾਫ਼ ਗੱਲ ਤਾਂ ਇਹ ਹੈ ਕਿ ਮਨੁਖ ਆਪਣੇ ਜੀਵਨ ਨੂੰ ਸਫਲਾ ਕਰਨ ਲਈ ਤਨ, ਮਨ ਤੇ ਧਨ ਸਬੰਧੀ ਸਭ ਪ੍ਰਾਪਤੀਆਂ ਦੀ ਹਉਮੈ ਛੱਡ ਕੇ ਸਤਿਗੁਰੂ ਦੇ ਹੁਕਮਾਂ ਨੂੰ ਮੰਨ ਲਏ ਅਤੇ ਅਮਲ ਵਿਚ ਲਿਆਏ ।

ਗੁਰ-ਉਪਦੇਸ਼ ਵੱਲ ਚਿਤ ਨਾ ਦੇਣ ਕਾਰਨ ਵਿਆਹ-ਸ਼ਾਦੀਆਂ ਦੇ ਬਹਾਨੇ ਆਪਣੀ ਲਾਲਚ ਬਿਰਤੀ ਨੂੰ ਸ਼ਾਂਤ ਕਰਨ ਲਈ ਵੱਧ ਤੋਂ ਵੱਧ ਦਾਜ ਲੜਕੀ ਵਾਲਿਆਂ ਤੋਂ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜੋ ਕਈ ਵਾਰੀ ਪਰਲੇ ਦਰਜੇ ਦੇ ਸਮਾਜਕ ਅਤਿਆਚਾਰ ਤੋਂ ਵੀ ਉਤੇ ਹੁੰਦੀ ਹੈ । ਇਸ ਕੁਚਜੀ ਰਸਮ ਕਾਰਨ ਸਮਾਜ ਵਿਚ ਧੀ ਅਤੇ ਪੁਤਰ ਜਾਂ ਇਸਤਰੀ ਅਰ ਪੁਰਖ ਦੀ ਬਰਾਬਰੀ ਦਾ ਅਸੂਲ ਕਾਇਮ ਕਰਨਾ ਨਾਮੁਮਕਿਨ ਹੋਇਆ ਪਿਆ ਹੈ । ਇਸ ਰੁਚੀ ਨੇ ਵਲੇਵੇਂ ਨਾਲ ਮਨੁੱਖੀ ਜੀਵਨ ਵਿਚ ਈਰਖਾ, ਕੀਨਾ, ਸਾੜਾ ਆਦਿ ਹੀ ਪੈਦਾ ਨਹੀਂ ਕੀਤੇ, ਬਲਕਿ ਮਨੁਖ ਦੀ ਜਿਥੇ ਕਿਤੇ ਵਾਹ ਲੱਗ ਸਕੇ, ਰਿਸ਼ਵਤ ਲੈਣ ਦੀ ਰੁਚੀ ਨੂੰ ਵੀ ਬਹੁਤ ਵਧਾਇਆ ਹੈ । ਹਉਮੈ ਦੀ ਬਿਰਤੀ ਨੇ ਦਿਖਲਾਵੇ ਨੂੰ ਭਾਰੀ ਬੜਾਵਾ ਦਿਤਾ ਹੈ ਜਿਸ ਕਾਰਨ ਦਾਜ ਦਾ ਦਿਖਲਾਵਾ, ਉੱਚੀ ਨੀਵੀਂ ਜ਼ਾਤ ਦਾ ਵਿਤਕਰਾ ਤੇ ਇਸ ਨਾਲ ਪੈਦਾ ਹੋਏ ਝਗੜੇ ਬਹੁਤ ਵਧੇ ਹਨ । ਦਿਖਲਾਵਏ ਦੀ ਰੁਚੀ ਅਰ ਲਾਲਚ ਨੇ ਫਜ਼ੂਲ ਖਰਚਾਂ ਨੂੰ ਇਸ ਕਦਰ ਵਧਾ ਦਿਤਾ ਹੈ ਕਿ ਧੀਆਂ ਵਾਲੇ ਗਰੀਬ ਮਾਪਿਆਂ ਦਾ ਹੀ ਨਹੀਂ, ਦਰਮਿਆਨੀ ਮਾਲੀ ਹੈਸੀਅਤ ਵਾਲੇ ਮਾਪਿਆਂ ਦਾ ਜੀਵਨ ਭੀ ਕੁੰਭੀ ਨਰਕ ਬਣ ਗਿਆ ਹੈ ।

ਵਿਆਹ ਮਨੁੱਖੀ ਜੀਵਨ ਦੀ ਇਕ ਜ਼ਰੂਰੀ ਅਰ ਪਵਿਤਰ ਸਮਾਜਕ ਲੋੜ ਹੈ । ਇਸ ਲਈ ਕੋਈ ਸਿਧਾ-ਪਧਰਾ, ਸਾਦਗੀ ਭਰਪੂਰ ਸਮਾਜਕ ਤਰੀਕਾ ਭੀ ਅਪਨਾਇਆ ਜਾ ਸਕਦਾ ਸੀ ਜਿਸ ਨਾਲ ਮਨੁਖੀ ਜੀਵਨ ਵਿਚ ਬੇਲੋੜਵੇਂ ਕਲੇਸ਼ ਅਰ ਦੁਖ ਨ ਪੈਦਾ ਹੁੰਦੇ, ਪਰ ਮਨੁਖ ਦੀ ਲਾਲਚ ਤੇ ਹਉਮੈ ਬਿਰਤੀਆਂ ਨੇ ਕਈ ਬੇ-ਮਤਲਬ ਦੀਆਂ ਨਿਰਰਥੱਕ ਥੋਥੀਆਂ ਅਤੇ ਪਾਪਾਂ ਭਰੀਆਂ ਰਸਮਾਂ ਰੀਤਾਂ ਨੂੰ ਜਨਮ ਦੇ ਕੇ ਜੀਵਨ ਲਈ ਦੁਖ ਸਹੇੜ ਦਿਤੇ ਹਨ । ਇਹਨਾਂ ਰੀਤਾਂ-ਰਸਮਾਂ ਵਿਚ ਬ੍ਰਹਿਮਣੀ ਮੱਤ ਨੇ ਵੀ ਆਪਣੀ ਆਦਤ ਅਰ

ਸੁਭਾਉ ਮੂਜਬ ਭਰਵਾਂ ਯੋਗ-ਦਾਨ ਪਾਇਆ ਹੈ । ਪੁਰਾਣੇ ਸਮਿਆਂ ਵਿਚ ਰਿਸ਼ਤਾ-ਨਾਤਾ ਤਹਿ ਕਰਾਉਣ, ਰਾਸ਼ੀਆਂ, ਜ਼ਾਤਾਂ ਆਦਿ ਨੂੰ ਮੁਖ ਰੱਖ ਕੇ ਅਜਿਹੇ ਜੋੜਾਂ ਨੂੰ ਸ਼ੁਭ-ਅਸ਼ੁਭ ਅਤੇ ਜਾਇਜ਼ ਨਾਜਾਇਜ਼ ਐਲਾਨਣ ਅਤੇ ਵਿਆਹ ਪੜ੍ਹਾਉਣ ਲਈ ਬ੍ਰਾਹਮਣ ਜੈਸੇ ਅਦੁਤੀ ਪਦਾਰਥ ਦੀ ਬਹੁਤ ਲੋੜ ਸੀ ਅਤੇ ਇਸ ਸਭ ਕਾਸੇ ਲਈ ਉਸ ਨੇ ਭਾੜੇ (Charges) ਨਿਯਤ ਕਰ ਰਖੇ ਸਨ । ਅੱਜ ਵੀ ਵੇਖਾ-ਵੇਖੀ ਕਾਰਨ ਅਤੇ ਬ੍ਰਹਿਮਣੀ ਮਤ ਦੀ ਬੇ-ਆਵਾਜ਼ ਲਾਠੀ ਕਾਰਨ ਬੇ-ਸ਼ੁਮਾਰ ਬੰਦੇ ਮਨਮਤਾਂ ਅਰ ਪੋਪ-ਲੀਲਾਵਾਂ ਵੱਲ ਧਕੇ ਜਾ ਰਹੇ ਹਨ ।

" ਸਿੱਖ ਰਹਿਤ ਮਰਯਾਦਾ " ਵਿਚ ਅਨੰਦ ਸੰਸਕਾਰ ਕਈ ਗੱਲਾਂ ਦਾ ਵੇਰਵਾ ਦਿਤਾ ਗਿਆ ਹੈ, ਜਿਹਨਾਂ ਵਿਚੋਂ ਕੁਝ ਕੁ ਗੱਲਾਂ ਸਿੱਖ ਮੁਖੀਆਂ ਤੇ ਧਾਰਮਕ ਲੀਡਰਾਂ ਨੂੰ ਉਚੇਚੇ ਧਿਆਨ ਦੇਣ ਦੀ ਲੋੜ ਹੈ । ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਲੜਕੇ ਲੜਕੀ ਦਾ ਵਿਆਹ ਜ਼ਾਤ-ਪਾਤ ਗੋਤ ਆਦਿਕਾਂ ਨੂੰ ਪੂਰਨ ਤੌਰ ਤੇ ਨਜ਼ਰ-ਅੰਦਾਜ਼ ਕਰਕੇ ਹੋਣਾ ਚਾਹੀਦਾ ਹੈ ਅਰ ਸਿੱਖ ਲੜਕੀ ਦਾ ਵਿਆਹ ਕੇਵਲ ਸਿੱਖ ਲੜਕੇ ਨਾਲ ਹੀ ਹੋ ਸਕਦਾ । ਸਫਲ ਜੋੜ ਲਈ ਇਕੋ ਜਿਹੇ ਵਿਚਾਰਾਂ ਦਾ ਹੋਣਾ ਸਦਾ ਸੁਖਦਾਈ ਹੁੰਦਾ ਹੈ । ਰਿਸ਼ਤਾ ਪੱਕਾ ਕਰਨ ਲਈ ਸੰਗਤ ਦੀ ਹਜ਼ੂਰੀ ਵਿਚ ਸਿਰਫ ਅਰਦਾਸ ਦੀ ਰਸਮ ਚਾਹੀਦੀ ਹੈ । ਅਨੰਦ ਦਾ ਦਿਨ ਮੁਕਰਰ ਕਰਨ ਲਈ ਪਤ੍ਰੀ ਵਾਚਣਾ, ਜਾਂ ਚੰਗੇ ਮੰਦੇ ਦਿਨ ਜਾਂਚਣ ਲਈ ਥਿਤਾਂ ਵਾਰਾਂ ਦੀ ਵਿਚਾਰ ਨਿਰੋਲ ਮਨਮਤ ਹੈ । ਸਿਹਰਾ, ਮੁਕਟ, ਗਾਨਾ ਆਦਿ ਬੰਨ੍ਹਣਾ ਪਿਤਰ ਪੂਜਾ ਕਰਨੀ , ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ-ਜੰਡੀ ਵਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ , ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿਕ ਸਭ ਮਨਮਤੀ ਕਰਮ ਹਨ । ਲੜਕੇ -ਲੜਕੀ ਦਾ ਵਿਆਹ ਪੈਸੇ ਜਾਂ ਭੇਟਾ ਲੈ ਕੇ ਕਰਵਾਣਾ ਵੀ ਪਾਪ ਕਰਮ ਹੀ ਹੈ ।

ਅੱਜ ਦੇ ਸਮੇਂ ਅਨੇਕਾਂ ਪੁਰਾਣੀਆਂ ਬੋਸੀਦਾ ਰਸਮਾਂ ਨੂੰ ਨਵਾਂ ਰੂਪ ਦਿਤਾ ਜਾ ਚੁਕਾ ਹੈ ਅਤੇ ਕਈ ਨਵੀਆਂ ਸਮਾਜਕ ਬੁਰਾਈਆਂ ਹੋਰ ਪੈਦਾ ਹੋ ਰਹੀਆਂ ਹਨ । ਇਹਨਾਂ ਵੱਲ ਵੀ ਪੰਥ-ਦਰਦੀਆਂ ਅਤੇ ਧਾਰਮਕ ਆਗੂਆਂ ਨੂੰ ਫੌਰੀ ਧਿਆਨ ਦੇਣਾ ਚਾਹੀਦਾ ਹੈ । ਜੈਮਾਲਾ ਦੀ ਰਸਮ ਵਿਪ੍ਰਨੀ (ਬ੍ਰਹਿਮਣੀ) ਰੀਤ ਦੀ ਛਾਂ ਹੋਣ ਕਾਰਨ ਤਿਆਗਣ -ਯੋਗ ਹੈ । ਸ਼ਰਾਬ ਪੀਣੀ ਸਿੱਖੀ ਜੀਵਨ ਦੇ ਖਿਲਾਫ ਜਾਣ ਵਾਲਾ ਕੁਕਰਮ ਹੈ ਅਤੇ ਫਜ਼ੂਲ-ਖਰਚੀ ਦੇ ਅਲਾਵਾ ਹੋਰ ਕਈ ਸਮਾਜਕ ਬੁਰਾਈਆਂ ਨੂੰ ਜਨਮ ਦੇਣ ਵਾਲੀ ਚੀਜ਼ ਹੈ । ਰੀਸੇਪਸ਼ਨ (Reception) ਪ੍ਰੋਗਰਾਮਾਂ ਦੇ ਨਾਮ ਹੇਠਾਂ ਹੋਣ ਵਾਲੇ ਲਚਰ ਇਕੱਠ ਮਨੋਰੰਜਨ ਦੀ ਥਾਵੇਂ ਭਾਈਚਾਰਕ ਮਰਯਾਦਾ ਨੂੰ ਤੋੜ ਕੇ ਸ਼ਰਾਬ ਅਤੇ ਕਾਮ-ਕੁਕਰਮਾਂ ਦੀ ਹੌਂਸਲਾ-ਅਫਜ਼ਾਈ ਕਰ ਰਹੇ ਹਨ । ਸਜਾਵਟ ਅਤੇ ਰੋਸ਼ਨੀ ਪ੍ਰਬੰਧਾ (Decoration & Lighting) ਦੇ ਨਾਮ ਹੇਠਾਂ ਫਜ਼ੂਲ-ਖਰਚੀਆਂ ਇਸ ਹੱਦ ਤਕ ਵੱਧ ਚੁਕੀਆਂ ਹਨ, ਕਿ ਧੀਆਂ ਵਾਲਿਆਂ ਦਾ ਤਾਂ ਜਾਣੋ, ਲੱਕ ਤੋੜਨ ਵਾਲੀ ਗੱਲ ਬਣੀ ਪਈ ਹੈ । ਦੇਖਾ-ਦੇਖੀ ਬਹਾਨੇ ਇਹ ਫਜ਼ੂਲ ਦੇ ਦਿਖਲਾਵੇ ਦਿਨੋ-ਦਿਨ ਪਾਟੇ ਛਿੱਤਰ ਦੀ ਤਰ੍ਹਾਂ ਵੱਧਦੇ ਜਾ ਰਹੇ ਹਨ । ਬੈਂਡ-ਵਾਜਿਆਂ ਦੀ ਧੁੰਠ ਕਿਸੇ ਨੂੰ ਪਿਆਰੀ ਲਗੇ ਜਾਂ ਨ ਲਗੇ ਐਸੀ ਲਾਜ਼ਮੀ ਬੁਰਾਈ ਦੀ ਸ਼ਕਲ ਅਖਤਿਆਰ

ਕਰ ਚੁਕੀ ਹੈ, ਜੈਸੇ ਪੁਰਾਣੇ ਸਨਾਤਨੀ ਮੱਤ ਦੇ ਧਾਰਨੀ ਲਈ ਬ੍ਰਾਹਮਣ ਜਾਂ ਪੁਰੋਹਿਤ । ਸ਼ਹਿਰਾਂ–ਨਗਰਾਂ ਦੀਆਂ ਬਰਾਤਾਂ ਵਿਚ ਇਕ ਹੋਰ ਨਵੀਂ ਬੀਮਾਰੀ ਖਈ ਰੋਗ (T.B.) ਬਣ ਕੇ ਸਿੱਖ ਜਨਤਾ ਨੂੰ ਟਕਰ ਚੁਕੀ ਹੈ । ਕੋਈ ਟਾਵਾਂ-ਟਾਵਾਂ ਖਾਨਦਾਨ ਇਸ ਬੀਮਾਰੀ ਤੋਂ ਬੱਚ ਸਕਿਆ ਹੋਵੇ ਤਾਂ ਭਾਵੇਂ ਹੋਵੇ, ਆਮ ਸਿੱਖ ਪਰਵਾਰ ਇਸ ਜਾਲ ਵਿਚ ਬੁਰੀ ਤਰ੍ਹਾਂ ਫਾਥੇ ਜਾ ਚੁਕੇ ਹਨ । ਲਾੜੇ ਦਾ ਸੜਕਾਂ ਬਜ਼ਾਰਾਂ ਵਿਚ ਜੋ ਜਲੂਸ ਜਿਹਾ ਬਰਾਤ ਨਾਲ ਕਢਿਆ ਜਾਂਦਾ ਹੈ, ਉਸ ਵਿਚ ਸਿੱਖ ਨੌਜੁਆਨ ਮੁੰਡੇ ਕੁੜੀਆਂ ਹੀ ਨਹੀਂ, ਬਿਰਧ ਦੇ ਖਾਂਘੜ ਜਿਹੇ ਸਰੀਰ ਵੀ ਬੇਸੁਰੇ ਭੰਗੜੇ ਨਾਲ ਨੱਚ ਕੇ (ਜੋ ਡਾਂਸਰ ਨਹੀਂ ਹੁੰਦੇ) ਸਿੱਖ ਕਲਚਰ ਨੂੰ ਜਿਸ ਨੂੰ ਜਿਸ ਤਰ੍ਹਾਂ ਹੋਲਾ ਕਰਨ ਦਾ ਮਹਾਂ-ਅਪਰਾਧ ਅਨਜਾਣੇ ਵਿਚ ਕਰ ਰਹੇ ਹਨ, ਉਹ ਬੰਦ ਹੋਣਾ ਚਾਹੀਦਾ ਹੈ । ਸਾਡਾ ਇਹ ਭਾਵ ਕਿਤੇ ਨਹੀਂ ਕਿ ਦੁਨੀਆਦਾਰਾਂ ਨੂੰ ਆਪਣੇ ਅਜਿਹੇ ਖ਼ੁਸ਼ੀ ਦੇ ਮੌਕਿਆਂ ਨੂੰ ਮਾਨਣ ਤੋਂ ਵਰਜਿਆ ਜਾਵੇ । ਸਾਡਾ ਇਹ ਸਭ ਕੁਝ ਲਿਖਣ ਦਾ ਮਨੋਰਥ ਕੇਵਲ ਇਤਨਾ ਹੀ ਹੈ, ਕਿ ਅਸੀਂ ਹੋਛੇ ਬਣਨ ਤੋਂ ਬਚੀਏ ਅਤੇ ਸਿੱਖੀ-ਵਿਰੁਧ ਰਿਵਾਜਾ ਨੂੰ ਅਪਨਾ ਕੇ ਗੁਰਮਤ ਕਲਚਰ ਜਾਂ ਸਿੱਖ ਸਭਿਆਚਾਰ ਨੂੰ ਹੋਲਾ-ਹਲਕਾ ਬਣਾਉਣ ਦੇ ਬੱਜਰ ਪਾਪ ਤੋਂ ਤੋਬਾ ਕਰੀਏ । ਖੁਸ਼ੀ ਮਨਾਉਣ ਲਈ ਕਈ ਸੁੱਚਜੇ ਤੇ ਨਰੋਏ ਤਰੀਕੇ ਅਪਨਾਏ ਜਾ ਸਕਦੇ ਹਨ । ਹਾਂ, ਜੇ ਮੱਖੀ ਦੀ ਤਰ੍ਹਾਂ ਗੰਦਗੀ ਪਸੰਦ ਕਰਨ ਦੀ ਬਿਰਤੀ ਨੂੰ ਅਪਨਾਉਣਾ ਹੀ ਸਾਡਾ ਅਭੀਸ਼ਟ ਹੋਵੇ, ਤਾਂ ਐਮਰਜੈਂਸੀ ਸਮੇਂ ਦਾ ਪ੍ਰਧਾਨ ਮੰਤਰੀ ਵੀ ਸਾਨੂੰ ਰੋਕਣ ਦੀ ਸਮਰਥਾ ਨਹੀਂ ਰਖਦਾ। ਅਜਿਹੀ ਬਿਰਤੀ ਦੀ ਵਿਆਖਿਆ ਗੁਰਬਾਣੀ ਵਿਚ ਇਸ ਭਾਂਤ ਕੀਤੀ ਗਈ :-

" ਕਬੀਰ ਪਾਪੀ ਭਗਤਿ ਨ ਭਾਵਈ, ਹਰਿ ਪੂਜਾ ਨ ਸੁਹਾਇ ॥
ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥ ੧੩੬੮ ॥

ਸੱਚ ਪੁਛੋ ਤਾਂ ਵਿਆਹ ਸ਼ਾਦੀ ਸਬੰਧੀ ਸਾਡੀਆਂ ਰਸਮਾਂ ਫੌਰੀ ਧਿਆਨ ਮੰਗਦੀਆਂ ਹਨ । ਸਮੂਹੇ ਪੰਥ ਨੂੰ ਆਪਣੀ ਰਹਿਤ ਮਰਯਾਦਾ ਉਤੇ ਕੁਝ ਬਰਸਾਂ ਪਿਛੋਂ ਨਜ਼ਰ-ਸਾਨੀ ਜ਼ਰੂਰੀ ਤੌਰ ਤੇ ਕਰਨੀ ਚਾਹੀਦੀ ਹੈ, ਤਾਂ ਕਿ ਮਨਮਤੀ ਕਰਮਾਂ ਰੂਪੀ ਢੱਗਿਆ ਨੂੰ ਗੁਰਮਤ ਦੇ ਖ਼ੂਬਸੂਰਤ ਮਹੱਲ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ । ਸਾਡੀ ਜਾਚੇ ਦੁਧ ਪਿਆਣ, ਠਾਕਾ ਕਰਨ ਤੇ ਕੁੜਮਾਈ, ਆਦਿਕ ਸਭ ਰਸਮਾਂ ਵਾਧੂ ਅਰ ਫਜ਼ੂਲ (Superfluous) ਗਰਦਾਨ ਦੇਣੀਆਂ ਚਾਹੀਦੀਆਂ ਹਨ। ਇਹਨਾਂ ਸਭਨਾਂ ਦੀ ਥਾਂ ਕੇਵਲ ਅਰਦਾਸ ਦੀ ਰਸਮ ਨੂੰ ਮਹੱਤਤਾ ਦੇਣੀ ਚਾਹੀਦੀ ਹੈ, ਜੋ ਕੜ੍ਹਾਹ ਪ੍ਰਸ਼ਾਦ ਦੀ ਦੇਗ ਨਾਲ ਜਾ ਬਿਨਾ ਵੀ ਹੋ ਸਕਦੀ ਹੈ । ਹੋਰ ਕੋਈ ਲੈਣ-ਦੇਣ ਦੀ ਗਲ ਪੇਪ ਲੀਲਾ ਦੇ ਤੌਰ ਤੇ ਇਸ ਸਮੇਂ ਨਹੀਂ ਹੋਣੀ ਚਾਹੀਦੀ । ਵਿਆਹ ਸਬੰਧੀ ਰਸਮਾਂ ਦਾ ਨਿਰਨਾ ਕਰਨ ਸਮੇਂ ਇਹ ਧਿਆਨ ਰਖਣਾ ਚਾਹੀਦਾ ਹੈ ਕਿ ਇਹ ਰਸਮਾਂ ਐਸੀਆਂ ਹੋਣ ਜਿਹਨਾ ਨਾਲ ਸਾਡਾ ਆਲਮਗੀਰੀ (Universal) ਸਰਬ-ਉਤਮ ਸਿੱਖ ਸਭਿਆਚਾਰ ਨਿਖਰ ਸਕੇ ਅਰ ਇਸ ਸਭ ਕਾਸੇ ਲਈ ਪੂਰਬੀ ਅਤੇ ਪੱਛਮੀ ਸਭਿਆਚਾਰਾਂ ਦੀਆਂ ਸਭ ਫ਼ਜ਼ੂਲ ਅਰ ਗਲਤ ਚੀਜਾਂ ਤਿਆਗਣੀਆਂ ਬਹੁਤ ਜ਼ਰੂਰੀ ਹਨ ।

ਗੁਰਮਤ ਵਿਚ ਇਸਤਰੀ ਪੁਰਖ ਦੇ ਬਰਾਬਰ ਦੇ ਦਰਜੇ ਨੂੰ ਮੁਖ ਰਖਕੇ ਧੇਤਿਆਂ ਨੂੰ ਪੁਤੇਤਿਆਂ ਸਾਹਮਣੇ ਹਰ ਮੁਆਮਲੇ ਵਿਚ ਜ਼ਲੀਲ ਜਿਹੀ ਪੋਜ਼ੀਸ਼ਨ ਦੇਣ ਦਾ ਸਮੁਚਾ ਵਿਰੋਧ ਹੋਣਾ ਚਾਹੀਦਾ ਹੈ ਤੇ ਇਸਦੀ ਥਾਵੇਂ ਨਰੋਈ ਗੁਰਮਤ ਸੇਧ ਕਢਕੇ ਬ੍ਰਹਿਮਣੀ ਮੱਤ ਦੀ ਇਸ ਗਲਤ ਛਾਂ ਤੋਂ ਸਿੱਖੀ ਨੂੰ ਬਚਾਣਾ ਚਾਹੀਦਾ ਹੈ । ਸਾਡਾ ਪੰਥ ਪ੍ਰਤੀ ਸਨਿਮਰ ਸੁਝਾਅ ਹੈ ਕਿ ਧੇਤੇ ਪੁਤੇਤੇ ਮਿਲਣੀ ਦਾ ਡਰਾਮਾ ਕਰਨ ਦੀ ਥਾਂ ਸਿਧੇ ਗੁਰੂ ਦਰਬਾਰ ਵਿਚ ਹਾਜ਼ਰ ਹੋਣ ਅਤੇ ਉਥੇ ਸਾਦੇ ਦੀਵਾਨ ਵਿਚ ਅਨੰਦ ਪੜਾ ਕੇ ਇਹ ਰਸਮ ਪੂਰੀ ਕਰ ਲਈ ਜਾਏ, ਅਤੇ ਫਿਰ ਸਾਂਝੇ ਤੌਰ ਤੇ ਉਚੇਚੇ ਕਿਸਮ ਦੇ ਲੰਗਰ ਦਾ ਪ੍ਰਬੰਧ ਕਰ ਲਿਆ ਜਾਵੇ । ਸਬੰਧਤ ਵਿਸ਼ਾ ਸਭ ਪੱਖਾਂ ਤੇ ਖੁਲ੍ਹੀ ਵੀਚਾਰ ਮੰਗਦਾ ਹੈ ਅਤੇ ਇਸ ਸਬੰਧ ਵਿਚ ਨਿਰਨਾ ਕਰਨਾ ਪੰਥ ਦੇ ਅਖਤਿਆਰ-ਖੇਤਰ ਵਿਚ ਹੈ । ਇਹਨਾਂ ਸਤਰਾਂ ਦੇ ਲਿਖਾਰੀ ਕੋਲ ਤਾਂ ਵਧ ਤੋਂ ਵਧ ਸੁਝਾਅ ਦੇ ਸੱਕਣ ਦਾ ਅਖਤਿਆਰ ਹੈ । ਕੁਝ ਵੀ ਹੋਵੇ, ਸਾਨੂੰ ਆਪਣੇ ਸਮਾਜ ਵਿਚੋਂ ਵਿਆਹ ਸ਼ਾਦੀਆਂ ਦੇ ਸਿਲਸਲੇ ਵਿਚ ਵਾਪਰ ਰਹੀਆਂ ਮਨਮਤਾਂ ਤੇ ਅਨਮਤਾਂ ਨੂੰ ਕੱਢ ਦੇਣ ਦਾ ਨਿਰਨਾ ਤਾਂ ਕਰ ਹੀ ਲੈਣਾ ਚਾਹੀਦਾ ਹੈ ।

ਇਸ ਸਬੰਧ ਵਿਚ ਗੁਰੂ ਅਮਰਦਾਸ ਜੀ ਨੇ ਆਪਣੇ ਜੀਵਨ ਵਿਚ ਕਈ ਇਨਕਲਾਬੀ ਅਰ ਅਮਲੀ ਕਦਮ ਚੁਕੇ ਸਨ । ਜਿਵੇਂ ਕਿ ਇਸ ਲੇਖ ਦੇ ਸ਼ੁਰੂ ਵਿਚ ਗੁਰੂ ਅਮਰਦਾਸ ਜੀ ਦੇ ਵਿਚਾਰ ਦੱਸੇ ਜਾ ਚੁਕੇ ਹਨ ਕਿ ਰਿਸ਼ਤਾ ਨਾਤਾ ਟੋਲਣ ਲਈ ਜਾਤ, ਪਾਤ, ਗੋਤ, ਮਾਇਆ ਆਦਿਕ ਦੇ ਆਧਾਰ ਹੋਛੇ ਆਧਾਰ ਹਨ । ਸਰੀਰਕ ਮੇਲ, ਸੁਭਾਅ ਦਾ ਮੇਲ, ਗੁਣਾਂ ਦਾ ਮੇਲ, ਉਮਰ ਤੇ ਸ਼ਖਸੀਅਤਾਂ ਦਾ ਮੇਲ ਅਤੇ ਸਭ ਤੋਂ ਵਧ ਜ਼ਰੂਰੀ ਗੁਰਮਤ ਧਾਰਨ ਸਬੰਧੀ ਮੇਲ ਨੂੰ ਨਜ਼ਰ-ਗੋਚਰੇ ਕਰਨਾ ਚਾਹੀਦਾ ਹੈ । ਇਹਨਾਂ ਅਧਾਰਾਂ ਤੇ ਹੀ ਗੁਰੂ ਅਮਰਦਾਸ ਜੀ ਨੇ ਆਪਣੀ ਬੇਟੀ ਬੀਬੀ ਦਾਨੀ ਜੀ ਦਾ ਆਨੰਦ ਕਾਰਜ ਰਾਮਾ ਜੀ ਨਾਮ ਦੇ ਅਤੀ ਸਾਧਾਰਨ ਸਿਖ ਨਾਲ ਕੀਤਾ । ਬੀਬੀ ਭਾਨੀ ਜੀ ਲਈ ਯੋਗ ਵਰ ਚੁਣਨ ਸਮੇਂ ਤਾਂ ਉਹਨਾਂ ਨੇ ਹੱਦ ਹੀ ਮੁਕਾ ਦਿਤੀ । ਜੇਠਾ ਜੀ (ਜਿਹਨਾਂ ਨੂੰ ਚੌਥੀ ਥਾਵੇਂ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਦੀ ਜ਼ਿੰਮੇਵਾਰੀ ਸੌਂਪੀ ਗਈ) ਅਜੇ ਛੋਟੀ ਉਮਰ ਦੇ ਹੀ ਸਨ, ਮਾਤਾ ਜੀ ਚੜ੍ਹਾਈ ਕਰ ਗਏ। ਸਤਾਂ ਸਾਲਾਂ ਦੀ ਉਮਰ ਸਮੇਂ ਪਿਤਾ ਜੀ ਵੀ ਗੁਜਰ ਗਏ । ਨਾਨੀ ਯਤੀਮ ਜੇਠਾ ਜੀ ਨੂੰ ਬਾਸਰਕੇ ਲੈ ਆਈ ਸੀ । ਨਾਨੀ ਵੀ ਮਾਲੀ ਤੌਰ ਤੇ ਬਹੁਤ ਕਮਜ਼ੋਰ ਸੀ । ਇਸੇ ਕਾਰਨ ਛੋਟੀ ਉਮਰ ਵਿਚ ਹੀ ਉਦਰ ਪੂਰਤੀ ਲਈ ਜੇਠਾ ਜੀ ਨੂੰ ਘੁੰਙਣੀਆਂ ਵੇਚਣ ਤਾ ਕੰਮ ਕਰਨਾ ਪੈਂਦਾ ਸੀ । ਗੁਰੂ ਅਮਰਦਾਸ ਜੀ ਦੀ ਮਾਲੀ ਹਾਲਤ ਕਦੀ ਕਮਜ਼ੋਰ ਨਹੀਂ ਰਹੀ ਸੀ । ਸਮਾਜਕ ਰੁਤਬਾ ਭੀ ਆਤਮਕ ਗੁਣਾਂ ਕਰਕੇ ਬਹੁਤ ਉੱਚਾ ਹੋ ਚੁਕਾ ਸੀ । ਜੇ ਦੁਨੀਆਦਾਰੀ ਨਜ਼ਰ ਨਾਲ ਪਰਖੀਏ ਤਾਂ ਗੁਰੂ ਅਮਰਦਾਸ ਜੀ ਆਪਣੀ ਸਪੁਤਰੀ ਬੀਬੀ ਭਾਨੀ ਦਾ ਰਿਸ਼ਤਾ ਇਕ ਅਤੀ ਗਰੀਬ ਤੇ ਯਤੀਮ ਲੜਕੇ ਨਾਲ ਨਹੀ ਕਰ ਸਕਦੇ ਸਨ । ਪਰ ਆਪ ਨੇ ਤਾਂ ਇਸ ਸਿਲਸਿਲੇ ਵਿਚ ਸਾਨੂੰ ਅਮਲੀ ਸਿਖਿਆ ਦੇਣ ਹਿੱਤ ਕੰਮ ਕਰਨਾ ਸੀ । ਗੁਰਮਤ ਮਾਇਆ ਪ੍ਰਾਪਤੀ ਦੇ ਆਧਾਰ ਤੇ ਕਿਸੇ ਨੂੰ ਵੱਡਾ ਜਾਂ ਕਿਸੇ ਨੂੰ ਛੋਟਾ ਨਹੀਂ

ਮੰਨਦੀ । ਉਮਰ, ਗੁਣਾਂ, ਸਿੱਖੀ ਪਿਆਰ, ਸੁਭਾਅ, ਆਚਰਨ ਆਦਿਕਾਂ ਦੀ ਸਾਂਝ ਕਾਰਨ ਬੀਬੀ ਭਾਨੀ ਜੀ ਲਈ ਜੇਠਾ ਜੀ ਦਾ ਜੋੜ ਸਭ ਤੋਂ ਵਧ ਢੁਕਵਾਂ ਸੀ । ਮਾਇਕ ਪੋਜ਼ੀਸ਼ਨ ਨੂੰ ਪੂਰੀ ਤਰ੍ਹਾਂ ਅਮਲੀ ਰੂਪ ਵਿਚ ਨਜ਼ਰ-ਅੰਦਾਜ਼ ਕਰ ਕੇ ਬੀਬੀ ਜੀ ਦਾ ਰਿਸ਼ਤਾ ਜੇਠਾ ਜੀ ਨਾਲ ਕਰ ਦਿੱਤਾ ਗਿਆ । ਇਸ ਆਧਾਰ ਤੇ ਹੋਏ ਰਿਸ਼ਤੇ ਦੀ ਸਫਲਤਾ ਕਿਤਨੀ ਕੁ ਹੋਈ, ਮਗਰਲਾ ਸਾਰਾ ਇਤਿਹਾਸ ਸੁਹਣੀ ਗਵਾਹੀ ਭਰਦਾ ਹੈ ।

ਠੀਕ ਹੈ ਜੇਠਾ ਜੀ ਆਪਣੇ ਮਹਾਨ ਗੁਣਾਂ ਅਰ ਰੱਬੀ ਬਖਸ਼ਸ਼ ਕਾਰਨ ਗੁਰੂ ਅਮਰਦਾਸ ਜੀ ਤੋਂ ਪਿਛੋਂ ਰਾਮਦਾਸ ਜੀ ਦੇ ਨਾਮ ਨਾਲ ਚੌਥੀ ਥਾਵੇਂ ਗੁਰਤਾ ਗੱਦੀ ਦੇ ਅਧਿਕਾਰੀ ਬਣੇ, ਪਰ ਸ਼ੁਰੂ ਵਿਚ ਆਪ ਜਿਸ ਕਮਜ਼ੋਰ ਮਾਲੀ ਹਾਲਤ ਵਾਲੇ ਅਤੇ ਸੰਸਾਰਕ ਨੁਕਤਾ-ਨਿਗਾਹ ਨਾਲ ਹੀਣੀ ਜਿਹੇ ਪੱਧਰ ਵਾਲੇ ਸਨ, ਅਤੇ ਜਿਸ ਤਰ੍ਹਾਂ ਉਹਨਾਂ ਨੂੰ ਗੁਰੂ ਅਮਰਦਾਸ ਜੀ ਨੇ ਕਬੂਲ ਕੀਤਾ ਸੀ, ਉਸ ਦਾ ਜ਼ਿਕਰ ਆਪਨੇ ਆਪਣੀ ਬਾਣੀ ਵਿਚ ਇਹਨਾਂ ਲਫਜ਼ਾਂ ਨਾਲ ਕੀਤਾ ਹੈ :

**" ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ,**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ ।।**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ।। "** (੧੬੭)

'ਪ੍ਰੇਮਾ' ਜੋ ਆਪਣੇ ਕੁਕਰਮਾਂ ਕਰਕੇ ਕੁਸ਼ਟੀ ਹੋ ਗਿਆ ਸੀ, ਸਤਿਗੁਰੂ ਅਮਰਦਾਸ ਜੀ ਦੀ ਬਖਸ਼ਸ਼ ਨਾਲ ਅਰੋਗ ਹੋ ਗਿਆ ਸੀ । ਉਹ ਸਿੱਖੀ ਦੀ ਕਮਾਈ ਕਰਨ ਲੱਗ ਗਿਆ। ਗੁਰੂ ਅਮਰਦਾਸ ਜੀ ਨੇ ਉਸਦਾ ਨਾਮ ਵੀ ਮੁਰਾਰੀ ਰੱਖ ਦਿਤਾ । ਉਸ ਨੂੰ ਆਪਣਾ ਬੇਟਾ ਕਹਿ ਕੇ ਨਿਵਾਜਣ ਸਮੇਂ ਸੰਗਤ ਵਿਚ ਮੰਗ ਕੀਤੀ ਕਿ ਕੋਈ ਸੱਜਣ ਮੁਰਾਰੀ ਨਾਲ ਆਪਣੀ ਵਰ-ਯੋਗ ਕੰਨਿਆ ਵਿਆਹ ਦੇਵੇ । ਸ਼ੀਹਾਂ ਉਪਲ ਨੇ ਆਪਣੀ ਲੜਕੀ ਮਥੋ ਦਾ ਸਾਕ ਕਰਨਾ ਮੰਨਿਆ । ਸ਼ੀਹੇ ਦੀ ਪਤਨੀ ਨੂੰ ਇਹ ਤਜਵੀਜ਼ ਚੰਗੀ ਨਾ ਲੱਗੀ । ਜੋੜੀ ਗੁਣਾਂ, ਸੁਭਾਅ, ਉਮਰ, ਸ਼ਖਸੀਅਤ ਆਦਿਕ ਪੱਖੋ ਠੀਕ ਬਣਦੀ ਸੀ, ਪਰ ਬੀਬੀ ਮਥੋ ਦੀ ਮਾਂ ਦਾ ਵੱਡਾ ਇਤਰਾਜ਼ ਇਹੋ ਸੀ ਕਿ ਮੁਰਾਰੀ ਦੇ ਮਾਂ ਬਾਪ, ਖਾਨਦਾਨ ਆਦਿਕ ਦਾ ਕੁਝ ਪਤਾ ਨਹੀਂ ਅਤੇ ਪੁਰਾਣਾ ਰਿਕਾਰਡ ਵੀ ਚੰਗਾ ਨਹੀਂ ਸੁਣੀਦਾ । ਗੁਰੂ ਅਮਰਦਾਸ ਜੀ ਨੇ ਗੁਰਮਤ ਗਿਆਨ ਨਾਲ ਮਥੋ ਦੇ ਮਾਤਾ ਦੇ ਇਸ ਬਾਰੇ ਭੁਲੇਖੇ ਦੂਰ ਕੀਤੇ ਅਤੇ ਅੰਤ ਮਾਤਾ ਨੇ ਬੀਬੀ ਮਥੋ ਦਾ ਅਨੰਦ ਕਾਰਜ ਮੁਰਾਰੀ ਨਾਲ ਕਰਵਾਉਣਾ ਮੰਨ ਲਿਆ । ਮਥੋ ਮੁਰਾਰੀ ਦੀ ਸੁਭਾਗ ਜੋੜੀ ਆਪਣੇ ਨਿਜੀ ਜੀਵਨ ਲਈ ਹੀ ਚੰਗੀ ਨਹੀਂ ਸਾਬਤ ਹੋਈ ਬਲਕਿ ਸਿੱਖੀ ਦਾ ਇਸ ਜੋੜੀ ਨੇ ਇਤਨੀ ਲਗਨ ਅਤੇ ਉਤਸ਼ਾਹ ਨਾਲ ਪ੍ਰਚਾਰ ਕੀਤਾ, ਕਿ ਸਤਿਗੁਰੂ ਅਮਰਦਾਸ ਜੀ ਨੇ 'ਮਥੋ ਮੁਰਾਰੀ' ਨੂੰ ਰਲਵੇਂ ਤੌਰ ਤੇ ਪ੍ਰਚਾਰਕ ਦੀ ਮੰਜੀ ਬਖਸ਼ ਦਿਤੀ ਸੀ ।

ਮੰਦਰ ਪਿੰਡ (ਜ਼ਿਲਾ ਲਾਹੌਰ) ਦਾ ਇਕ ਬ੍ਰਾਹਮਣ 'ਸਚਨ ਸਚੁ' ਗੁਰੂ ਘਰ ਦਾ ਕਮਾਈ ਵਾਲਾ ਸਿੱਖ ਬਣ ਗਿਆ ਸੀ । ਹਰੀਪੁਰ ਕਾਂਗੜੇ ਦੀ ਘੁੰਡ ਕੱਢਣ ਵਾਲੀ ਰਾਣੀ ਜੋ ਜੰਗਲਾਂ ਵੱਲ ਦੌੜ ਗਈ ਸੀ ਤੇ ਪਾਗਲ ਹੋ ਗਈ ਸੀ ਨੂੰ ਸਤਿਗੁਰਾਂ ਨੇ ਅਰੋਗ ਕਰਕੇ ਸਚਨ ਸੱਚ ਨਾਲ ਵਿਆਹ ਦਿਤੀ ਸੀ । ਇਹ ਵਿਆਹ ਜ਼ਾਤ-ਪਾਤ ਆਦਿ ਦੇ ਬੰਧਨ ਤੋੜ ਕੇ ਨਹੀਂ ਸੀ ਹੋਇਆ, ਬਲਕਿ ਇਹ ਪੁਨਰ ਵਿਆਹ ਭੀ ਸੀ । ਹਰੀਪੁਰ ਦੀ ਇਸ ਰਾਣੀ ਨੂੰ ਰਾਜਾ ਸਦਾ ਲਈ ਛੱਡ ਚੁਕਾ ਸੀ ਕਿਉਂਕਿ ਇਹ ਪਾਗਲ ਹੋ ਕੇ ਜੰਗਲਾਂ ਵੱਲ ਦੌੜ ਗਈ ਸੀ । ਇਹ ਵਿਆਹ ਭੀ ਬੜਾ ਸਫਲ ਰਿਹਾ ਤੇ ਇਸ ਜੋੜੇ ਨੇ ਭੀ ਗੁਰਮਤ ਦਾ ਬਹੁਤ ਪ੍ਰਚਾਰ ਕੀਤਾ ।

ਵਿਆਹ ਸ਼ਾਦੀਆਂ ਸਬੰਧੀ ਰਸਮਾਂ ਅਰ ਵਿਚਾਰਧਾਰਾ ਵਿਚ ਸਿੱਖ ਕੌਮ ਨੂੰ ਫ਼ੌਰੀ ਧਿਆਨ ਦੇ ਕੇ ਆਪਣੀ ਨਿਰਾਲੀ ਰਹਿਤ ਮਰਯਾਦਾ ਅਸਥਾਪਤ ਕਰਨੀ ਚਾਹੀਦੀ ਹੈ, ਅਰ ਇਸ ਸਬੰਧੀ ਬ੍ਰਾਹਮਣੀ ਮੱਤਾਂ ਦੇ ਜ਼ਾਤਾਂ-ਗੋਤਾਂ ਦੇ ਪ੍ਰਭਾਵਾਂ ਅਤੇ ਅਜੋਕੇ ਨਾਸਤਕ ਅਰ ਮਾਇਆ-ਵਾਦੀ ਲੱਚਰ ਪ੍ਰਭਾਵ ਤੋਂ ਛੁਟਕਾਰਾ ਹਾਸਲ ਕਰਨਾ ਚਾਹੀਦਾ ਹੈ ।

(4) ਸਿੱਖੀ ਦੀ ਨਿਆਰੀ ਹੋਂਦ ਦਾ ਉਪਦੇਸ਼ :

"ਭਗਤਾ ਕੀ ਚਾਲ ਨਿਰਾਲੀ।।
ਚਾਲਾ ਨਿਰਾਲੀ ਭਗਤਾਹ ਕੇਰੀ, ਬਿਖਮ ਮਾਰਗਿ ਚਲਣਾ ।।
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ।।
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ।।
ਗੁਰਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ।।
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ।।

(ਰਾਮਕਲੀ,ਮ: ੩,ਪੰਨਾ ੯੧੮ ਅਨੰਦੁ)

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ।।
ਨਾਰਦਿ ਕਹਿਆ ਸਿ ਪੂਜ ਕਰਾਂਹੀ ।।
ਅੰਧੇ ਗੁੰਗੇ ਅੰਧ ਅੰਧਾਰੁ ।। ਪਾਥਰੁ ਲੇ ਪੂਜਹਿ ਮੁਗਧ ਗਵਾਰ ।।

(ਵਾਰ ਬਿਹਾਗੜਾ, ਮ: ੧,ਪੰਨਾ ੫੫੬)

ਗੁਰੂ ਅਮਰਦਾਸ ਜੀ ਨੇ ਸਿਖੀ ਦਾ ਇਹ ਪਹਿਲੂ ਆਰੰਭ ਵਿਚ ਹੀ ਦ੍ਰਿੜ੍ਹਤਾ ਨਾਲ ਸਿੱਖਾਂ ਨੂੰ ਸਮਝਾ ਦਿਤਾ ਸੀ, ਕਿ ਗੁਰਮਤ ਦੀ ਜੀਵਨ-ਜੁਗਤੀ ਅਨਮੱਤਾ ਨਾਲੋਂ ਬਿਲਕੁਲ ਵੱਖਰੀ ਅਰ ਸੁਤੰਤਰ ਹੈ । ਇਹ ਵੀ ਗੱਲ ਸਪਸ਼ਟ ਕਰ ਦਿਤੀ ਕਿ ਅਰਸੇ ਤੋਂ ਅਨਮੱਤਾ ਅਤੇ ਮਨਮੱਤਾਂ ਦੀਆਂ ਜੋ ਛੱਟਾਂ ਅਸੀਂ ਆਪਣੇ ਉਤੇ ਲਦੀ ਤੁਰੇ ਚਲਦੇ ਜਾ ਰਹੇ ਹਾਂ ਉਹਨਾਂ ਦਾ ਤਿਆਗਣਾ ਕੋਈ ਸੌਖੀ ਖੇਡ ਨਹੀਂ । ਇਹਨਾਂ ਛੱਟਾਂ ਵਿਚ ਬੇਸ਼ੁਮਾਰ ਚਿਗਲੇ-ਚਿਥੇ ਅਸੂਲ ਹਨ, ਜੋ ਸਾਡੇ ਆਤਮਕ ਜੀਵਨ ਲਈ ਥੋਥ-ਤੁੱਲ ਹਨ, ਪਰ ਅਰਸੇ ਤਕ ਇਹਨਾਂ ਉਤੇ ਚੱਲਣ ਕਾਰਨ ਸਾਡਾ ਇਹਨਾ ਨਾਲ ਇਤਨਾ ਮੋਹ ਪੈ ਗਿਆ ਕਿ ਅਸੀਂ

ਇਹਨਾਂ ਨੂੰ ਤਿਆਗ ਵੀ ਨਹੀ ਸਕਦੇ । ਸੱਪਸ਼ਟ ਮਹਿਸੂਸ ਕਰਦੇ ਹੋਏ ਭੀ, ਕਿ ਇਹਨਾਂ ਨਾਲ ਸਾਡੇ ਜੀਵਨ ਵਿਚ ਅਸ਼ਾਤੀ ਕਲਹ ਕਲਸ਼ ਆਦਿਕ ਹੀ ਪੈਦਾ ਹੋ ਰਹੇ ਹਨ, ਅਸੀ ਇਹਨਾਂ ਨੂੰ ਛਡੱਣ ਦੀ ਹਿੰਮਤ ਕਰਨ ਵਿਚ ਬਾਹਲਾ ਔਖ ਮਹਿਸੂਸ ਕਰਦੇ ਹਾਂ । ਗੁਰੂ ਅਮਰਦਾਸ ਜੀ ਨੇ ਸਿੱਖੀ ਵਿਚ ਦਾਖਲ ਹੋਣ ਤੋਂ ਪਹਿਲੇ ਬਰਸਾਂ ਤਕ ਬ੍ਰਹਿਮਣੀ ਮੱਤ ਦੇ ਅਸੂਲਾਂ ਦੀ ਬਹੁਤ ਕਰੜਾਈ ਨਾਲ ਪਾਲਣਾ ਕੀਤੀ ਸੀ । ਤੀਰਥ ਯਾਤਰਾਵਾਂ, ਗੰਗਾ ਇਸ਼ਨਾਨਾਂ, ਵਰਣ-ਆਸ਼ਰਮੀ ਜ਼ਾਤ-ਪਾਤ ਦੇ ਵਿਤਕਰਿਆਂ ਵਾਲੇ ਵਿਸ਼ਵਾਸਾਂ ਅਤੇ ਕਰਮ ਕਾਂਡਾਂ ਨੂੰ ਰੱਜ ਕੇ ਨਿਭਾਇਆ ਸੀ । ਚਾਹੇ ਇਹਨਾਂ ਸਾਧਨਾ ਨਾਲ ਅਜ ਤਕ ਕਿਸੇ ਨੂੰ ਭੀ ਆਤਮਕ ਸ਼ਾਂਤੀ ਹਾਸਲ ਨਹੀਂ ਸੀ ਹੋਈ, ਪਰ ਫਿਰ ਭੀ ਇਹਨਾਂ ਸਭਨਾਂ ਨਿਯਮਾਂ ਨੂੰ ਜਗਿਆਸੂ ਆਪਣੀ ਛਾਤੀ ਨਾਲ ਇਸੇ ਤਰ੍ਹਾਂ ਲਗਾਈ ਤੁਰਦਾ ਜਾਂਦਾ ਸੀ, ਜਿਵੇਂ ਬਾਂਦਰੀ ਆਪਣੇ ਮੋਏ ਬੱਚੇ ਨੂੰ ਅਰਸੇ ਤਕ ਹਿੱਕ ਨਾਲ ਚਮੇੜੀ ਰੱਖਣ ਦਾ ਨਿਰਰਥੱਕ ਜਤਨ ਕਰਦੀ ਹੈ । ਚਾਨਣਾ ਹੋ ਜਾਣ ਪੁਰ ਭੀ ਇਹਨਾਂ ਗਲਤ ਅਸੂਲਾਂ ਤੇ ਜੀਵਨ-ਜੁਗਤੀਆਂ ਨੂੰ ਤਿਆਗਣਾ ਆਮ ਜਗਿਆਸੂ ਲਈ ਕਿਤਨਾ ਮੁਸ਼ਕਲ ਹੁੰਦਾ ਹੈ, ਇਸ ਗੱਲ ਤੋਂ ਗੁਰਦੇਵ ਭਲੀ ਭਾਂਤ ਜਾਣੂ ਸਨ।

ਦੂਜੇ ਪਾਸੇ ਇਹ ਗੱਲ ਸਮਝਣੀ ਵੀ ਬਹੁਤ ਜ਼ਰੂਰੀ ਹੈ ਕਿ ਅਨਮੱਤਾਂ ਅਤੇ ਮਨਮੱਤਾਂ ਦੀ ਛੱਟ ਉਤਾਰ ਕੇ ਵਗਾਹ ਮਾਰੇ ਬਿਨਾਂ ਗੁਰਮੱਤ ਗਿਆਨ ਦਾ ਜਲਵਾ ਭੀ ਪਰਤੱਖ ਨਹੀ ਹੋ ਸਕਦਾ ।

ਇਸ ਸਬੰਧ ਵਿਚ ਗੁਰੂ ਅਮਰਦਾਸ ਜੀ ਦੀ ਦੀਰਘ-ਦ੍ਰਿਸ਼ਟੀ, ਆਪ ਜੀ ਦੀਆਂ ਇਤਿਹਾਸਕ ਸਾਖੀਆਂ ਅਰ ਆਪ ਦੀ ਬਾਣੀ ਵਿਚੋਂ ਛਲਕ ਛਲਕ ਪੈਂਦੀ ਪ੍ਰਤੀਤ ਹੁੰਦੀ ਹੈ। ਆਰੰਭ ਤੋਂ ਲੈ ਕੇ ਇਸ ਚਾਲੂ ਦਹਾਕੇ ਤਕ ਦੇ ਬੁਧੀ-ਜੀਵੀਆਂ ਤੇ ਵਿਦਵਾਨ ਪੰਥ-ਦਰਦੀਆਂ ਨੂੰ ਵਿਕੋਲਿਤਰੇ ਰੂਪਾਂ ਵਿਚ ਅਨੇਕਾਂ ਅਜਿਹੇ ਜਤਨ ਕਰਨੇ ਪੈਂਦੇ ਰਹੇ ਹਨ, ਜਿਹਨਾਂ ਨਾਲ ਉਹ ਆਮ ਲੋਕਾਂ ਦਾ ਭੁਲੇਖਾ ਦੂਰ ਕਰਕੇ ਸਮਝ ਸਕਣ ਕਿ ਸਿੱਖ ਮੱਤ ਇਕ ਨਿਰੋਲ ਨਿਆਰਾ, ਸੁਤੰਤਰ ਅਰ ਸੰਪੂਰਨ ਮੱਤ ਹੈ ਅਤੇ ਕਿਸੇ ਭਾਂਤ ਭੀ ਇਸਨੂੰ ਹਿੰਦੂ ਮੱਤ ਦੀ ਇਕ ਸ਼ਾਖ ਜਾਂ ਟਹਿਣੀ ਨਹੀਂ ਗਰਦਾਨਿਆ ਜਾ ਸਕਦਾ । ਇਸ ਭੁਲੇਖੇ ਨੂੰ ਦੂਰ ਕਰਨ ਲਈ ਭਾਈ ਸਾਹਿਬ ਕਾਹਨ ਸਿੰਘ ਨਾਭਾ ਆਦਿਕ ਅਨੇਕਾਂ ਵਿਦਵਾਨਾਂ ਨੂੰ 'ਹਮ ਹਿੰਦੂ ਨਹੀਂ' ਆਦਿਕ ਪੁਸਤਕ ਰਚਣੇ ਪਏ ਹਨ । ਗੁਰਬਾਣੀ ਵਿਚ ਦਰਸਾਏ ਵਿਚਾਰਾਂ, ਸਿੱਖ ਫਲਸਫੇ ਅਰ ਸਿੱਖ ਇਤਿਹਾਸ ਵਿਚੋਂ ਇਹ ਭੁਲੇਖਾ ਪੈਣ ਦੀ ਗੁੰਜਾਇਸ਼ ਤਾਂ ਨਹੀ, ਪਰ ਪ੍ਰਚਾਰ ਦੀ ਘਾਟ ਕਾਰਨ ਅਤੇ ਬ੍ਰਾਹਮਣ ਭਾਉ ਦੀ ਸ਼ਾਤਰ ਅਰ ਚਾਤਰ ਚਾਲਾਂ ਕਾਰਨ ਅਨੇਕਾਂ ਲੋਕੀ ਇਸ ਦੁਬਿਧਾ ਅਰ ਭੁਲੇਖੇ ਦਾ ਸ਼ਿਕਾਰ ਬਣਦੇ ਰਹੇ ਹਨ ਅਤੇ ਅਜੇ ਵੀ ਬਣ ਰਹੇ ਹਨ ਕਿ ਸਿੱਖ ਮੱਤ ਸ਼ਾਇਦ ਹਿੰਦੂ ਮੱਤ ਦੀ ਇਕ ਸ਼ਾਖ ਮਾਤਰ ਹੀ ਹੈ । ਬਾਣੀ ਵਿਚ ਸਤਿਗੁਰੂਆਂ ਨੇ ਹੀ ਨਹੀਂ, ਭਗਤਾਂ ਨੇ ਭੀ ਇਸ ਮਜ਼ਮੂਨ ਪਰਥਾਏਂ ਬੜੇ ਸਖਤ ਸਟੈਂਡ ਲਏ ਹਨ । ਯਥਾ:

– "ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥
ਸਾਂਕਲ ਜੇਵਰੀ ਲੈ ਹੈ ਆਈ ॥
. . . . . .
ਕਟੀ ਨ ਕਟੈ, ਤੂਟਿ ਨਹ ਜਾਈ ॥
ਸਾ ਸਾਪਨਿ ਹੋਇ, ਜਗ ਕਉ ਖਾਈ ॥ ੩੨੯" ॥ (ਗਉੜੀ, ਕਬੀਰ ਜੀ)
–ਨਾ ਹਮ ਹਿੰਦੂ ਨ ਮੁਸਲਮਾਨ ॥
ਅਲਹ ਰਾਮ ਕੇ ਪਿੰਡੁ ਪਰਾਨ ॥ (ਪੰਨਾ ੧੧੩੬)
–"ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁਲਾਂ ਛਾਡੇ ਦੋਊ ॥ ੧ ॥ ਰਹਾਉ ॥
ਪੰਡਿਤ ਮੁਲਾਂ ਜੋ ਲਿਖ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥ (ਭੈਰਉ, ਕਬੀਰ ਜੀ ੧੧੫੮)
"ਬੁਤ ਪੂਜਿ ਪੂਜਿ ਹਿੰਦੂ ਮੂਏ, ਤੁਰਕ ਮੂਏ ਸਿਰੁ ਨਾਈ ॥
ਓਇ ਲੇ ਜਾਰੇ, ਓਇ ਲੇ ਗਾਡੇ, ਤੇਰੀ ਗਤਿ ਦੁਹੂ ਨ ਪਾਈ ॥
(ਸੋਰਠਿ, ਕਬੀਰ ਜੀ ੬੫੪)
–"ਬੇਦ ਕਤੇਬ ਇਫਤਰਾ ਭਾਈ, ਦਿਲ ਕਾ ਫਿਕਰੁ ਨ ਜਾਇ ॥"
(ਤਿਲੰਗ, ਕਬੀਰ ਜੀ ੭੨੭)
"ਪੜੀਆ, ਕਵਨ ਕੁਮਤਿ ਤੁਮ ਲਾਗੇ ॥
ਬੂਡਹੁਗੇ ਪਰਵਾਰ ਸਕਲ ਸਿਉ, ਰਾਮ ਨ ਜਪਹੁ ਅਭਾਗੇ ॥"
(ਮਾਰੂ, ਕਬੀਰ ਜੀ ੧੧੦੨)
"–ਹਿੰਦੂ ਅੰਨ੍ਹਾਂ ਤੁਰਕੂ ਕਾਣਾ ॥ ਦੁਹਾ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹਰਾ ਮੁਸਲਮਾਣੁ ਮਸੀਤ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥
(ਬਿਲਾਵਲ, ਗੋਂਡ, ਨਾਮਦੇਵ ਜੀ ੮੭੫)
– "ਬੇਦ ਪੁਰਾਨ ਸਾਸਤ੍ਰ ਆਨੰਤਾ, ਗੀਤ ਕਬਿਤ ਨ ਗਾਵਉਗੋ ॥"
(ਰਾਮਕਲੀ, ਨਾਮਦੇਵ ਜੀ ੯੭੨)
– "ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥
ਮੁਖਿ ਬੇਦ ਚਤੁਰ ਪੜਤਾ । ਸਗਲ ਧਰਮ ਅਛਿਤਾ ॥
ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥ ਖਟੁ ਕਰਮ ਸਹਿਤ ਰਹਤਾ ॥
ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥"
(ਗੋਂਡ, ਨਾਮਦੇਵ ਜੀ ੮੭੩)
– "ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥

ਹਉ ਤਉ ਏਕ ਰਮਈਆ ਲੈਹਉ ।। ਆਨ ਦੇਵ ਬਦਲਾਵਨਿ ਦੇਹਉ ।।"

(ਗੋਂਡ,ਨਾਮਦੇਵ ਜੀ, ੮੭੪)

– "ਪਾਂਡੇ ਤੁਮਰੀ ਗਾਇਤ੍ਰੀ , ਲੋਧੇ ਕਾ ਖੇਤ ਖਾਤੀ ਥੀ ।।

ਲੈ ਕਰਿ ਠੇਗਾ ਟਗਰੀ ਤੋਰੀ, ਲਾਂਗਤ ਲਾਂਗਤ ਜਾਤੀ ਥੀ ।।"

(ਬਿਲਾਵਲ, ਗੋਂਡ, ਨਾਮਦੇਵ ਜੀ,੮੭੪)

ਗੁਰਮਤ ਦੀ ਸਿਧਾਂਤਕ ਪਖੋਂ ਅਤੇ ਸਭਿਆਚਾਰਕ ਪਖੋਂ ਸਾਦੀ ਜਿਹੀ ਸਟਡੀ ਕਰਨ ਨਾਲ ਭੀ ਸੱਪਸ਼ਟ ਦਿਸ ਪੈਂਦਾ ਕਿ ਸਿਖ ਮੱਤ ਆਪਣੇ ਆਪ ਵਿਚ ਇਕ ਆਜ਼ਾਦ ਸੰਪੂਰਨ ਤੇ ਹਿੰਦੂ-ਮੁਸਲਮਾਨ ਤੋਂ ਬਿਲਕੁਲ ਨਿਆਰਾ ਅਰ ਸੁਤੰਤਰ ਮੱਤ ਹੈ । ਦਰਅਸਲ ਮੁਸਲਮਾਨਾਂ ਵਲੋਂ ਗੁਰਮਤ ਨੂੰ ਇਸਲਾਮ ਵਾਲੇ ਪਾਸੇ ਧੂਹਣ ਦਾ ਨ ਦੇ ਬਰਾਬਰ ਜਤਨ ਹੋਇਆ ਹੈ ਅਰ ਇਸ ਬਾਰੇ ਆਮ ਲੋਕਾਂ ਭੁਲੇਖਾ ਵੀ ਕੋਈ ਨਹੀਂ ਪਿਆ, ਜਦ ਕਿ ਧਰਮਾਂ ਦਾ ਤੁਲਨਾਤਮਕ ਅਧਿਐਨ ਸਿਖ ਮੱਤ ਅਤੇ ਇਸਲਾਮ ਵਿਚ ਇਤਨੀ ਨੇੜਤਾ ਦਰਸਾਉਂਦਾ ਹੈ, ਜਿਸਦਾ ਪਾਸੰਗ ਵੀ ਸਿਖ ਮੱਤ ਅਤੇ ਬ੍ਰਹਿਮਣੀ ਮੱਤ ਦੇ ਆਪਸੀ ਸਬੰਧਾਂ ਵਿਚ ਨਹੀਂ ਮਿਲ ਸਕਦਾ, ਪਰ ਚੂੰਕਿ ਸਿੱਖਾਂ ਦੀ ਬਹੁਗਿਣਤੀ ਹਿੰਦੂਆਂ ਵਿਚੋਂ ਸਿੱਖ ਬਣੀ ਹੈ ਅਤੇ ਅਜ ਤਕ ਅਨੇਕਾਂ ਹਿੰਦੂ ਖਾਨਦਾਨਾਂ ਵਿਚ ਕੁਝ ਬੰਦੇ ਸਿੱਖੀ ਰੂਪ ਵਿਚ ਮਿਲ ਜਾਂਦੇ ਹਨ, ਇਸ ਬਾਰੇ ਗਲਤ-ਫਹਿਮੀ ਪੈ ਜਾਣੀ ਕੁਦਰਤੀ ਜਿਹੀ ਗੱਲ ਸੀ । ਚੂੰਕਿ ਸਿੱਖੀ ਦਾ ਨਿਤਰ ਕੇ ਪ੍ਰਚਾਰ ਕਰਨ ਦੀ ਸਾਡੇ ਬੰਦਿਆਂ ਨੇ ਅਜੇ ਤਕ ਲੋੜ ਨਹੀਂ ਸਮਝੀ ਅਤੇ ਅਰਸੇ ਤਕ ਮੁਸਲਮਾਨਾਂ ਦੇ ਅਤਿਆਚਾਰਾਂ ਤੋਂ ਹਿੰਦੂਆਂ ਨੂੰ ਬਚਾਉਣ ਲਈ ਸਿੱਖਾਂ ਨੇ ਜੋ ਬੇ-ਬਹਾ ਕੁਰਬਾਨੀਆਂ ਦਿਤੀਆਂ, ਸਿਰ ਧੜ ਦੀ ਬਾਜ਼ੀ ਲਗਾ ਕੇ ਹਿੰਦੂਆਂ ਦੀ ਰਾਖੀ ਲਈ ਦਹਾਕਿਆਂ ਬੱਧੀ ਜਿਹਨਾਂ ਲੰਮੀਆਂ ਜਦੋ-ਜਹਿਦਾਂ ਵਿਚ ਸਿੱਖ ਕੌਮ ਨੂੰ ਪੈਣਾ ਪੈਂਦਾ ਰਿਹਾ ਹੈ, ਉਸ ਨੇ ਭੀ ਇਹ ਭੁਲੇਖਾ ਪੈਦਾ ਕਰਨ ਵਿਚ ਬੜੀ ਮਦਦ ਦਿਤੀ ਕਿ ਹਿੰਦੂ ਤੇ ਸਿੱਖ ਤਾਂ ਇਕ ਹਨ ਅਤੇ ਇਸ ਕਾਰਨ ਸਿੱਖੀ ਦਾ ਕੇਵਲ ਇਸਲਾਮ ਮਾਤਰ ਨਾਲ ਵੈਰ ਹੈ । ਦਰਅਸਲ ਗੱਲ ਐਸੀ ਹੈ ਨਹੀਂ। ਜਿਤਨੀਆਂ ਕੁਰਬਾਨੀਆਂ ਸਿੱਖ ਕੌਮ ਦੇ ਬਜ਼ੁਰਗਾਂ ਨੂੰ ਹਿੰਦੂਆ ਲਈ ਦੇਣੀਆਂ ਪਈਆਂ, ਇਤਨੀਆਂ ਤਾਂ ਕੋਈ ਕੌਮ ਆਪਣੀ ਹੋਂਦ ਲਈ ਵੀ ਦੇ ਸਕਣ ਦਾ ਹੀਆ ਨਹੀਂ ਕਰ ਸਕਦੀ। ਮੁਦਾ ਇਹ ਕਿ ਭੁਲੇਖਾ ਪੈ ਜਾਣਾ ਕੁਦਰਤੀ ਤੇ ਸਾਧਾਰਨ ਗੱਲ ਸੀ । ਉਂਝ ਸਿਧਾਂਤਕ ਪੱਖਾਂ ਤੋਂ ਵਾਚਣ ਨਾਲ ਦੋਨੋਂ ਮੱਤ ਬਿਲਕੁਲ ਅੱਡ ਅੱਡ ਵਿਰੋਧੀ ਥਾਵਾਂ ਤੇ ਖੜੇ ਪ੍ਰਤੀਤ ਹੁੰਦੇ ਹਨ । ਬ੍ਰਹਿਮਣੀ ਮੱਤ ਲੱਖ ਹੱਥ-ਪੈਰ ਪਿਆ ਮਾਰੇ, ਸੂਤਕ ਪਾਤਕ, ਚੌਕੇ, ਕਾਰਾਂ ਆਦਿਕ ਦੇ ਵਹਿਮਾਂ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕਦਾ, ਇਧਰ ਸਿੱਖ-ਮੱਤ ਵਿਚ ਇਸ ਸੁਨਹਿਰੀ ਧੁੰਧ ਨਾਲ ਭਰੇ ਸਿਧਾਂਤਾ ਨੂੰ ਲਗਪਗ ਮੂਰਖਤਾ ਦੇ ਨੇੜੇ-ਤੇੜੇ ਗਿਣਿਆ ਗਿਆ ਹੈ । ਸਰਾਧਾਂ, ਪ੍ਰੇਤ-ਕਿਰਿਆਵਾਂ ਮੰਤਰਾਂ-ਜੰਤਰਾਂ, ਗ੍ਰਹਿ-ਚੱਕਰਾਂ, ਥਿਤਾਂ-ਵਾਰਾਂ-ਜੁਗਾਂ ਦੇ ਭੈੜੇ ਚੰਗੇ ਹੋਣ ਵਾਲੇ ਵਿਸ਼ਵਾਸਾਂ, ਸਗਣਾਂ-ਅਪਸਗਣਾਂ ਤੇ ਸ਼ੁਭ-ਅਸ਼ੁਭ ਮਹੂਰਤਾਂ ਦੀ ਪੁਰਜ਼ੋਰ ਤਾਈਦ ਕੀਤੇ ਬਿਨਾਂ ਬ੍ਰਹਿਮਣੀ ਮੱਤ ਆਪਣੀ ਚਮਕ ਦਮਕ ਗੁਆ

ਬੈਠੇਗਾ, ਜਦਕਿ ਇਹਨਾਂ ਵਹਿਮਾਂ ਵਿਚ ਰਾਈ ਮਾਤਰ ਯਕੀਨ ਰੱਖਣ ਵਾਲਾ ਪੁਰਖ ਭੀ ਸਿੱਖੀ ਦੇ ਅਸੂਲਾਂ ਮੁਤਾਬਕ ਸਿੱਖੀ ਤੋਂ ਬੇਮੁਖ ਸਮਝਿਆ ਜਾਂਦਾ ਹੈ । ਬ੍ਰਹਿਮਣੀ ਮੱਤ ਵਾਲੇ ਲਈ ਦੇਵੀ ਦੇਵਤਿਆਂ ਦੇ ਅਵਤਾਰਾਂ ਵਿਚ ਵਿਸ਼ਵਾਸ਼ ਰੱਖਣਾ ਹੀ ਨਹੀਂ, ਉਹਨਾਂ ਦੀਆਂ ਮੂਰਤਾਂ ਤੇ ਮੂਰਤੀਆਂ ਦੀ ਪੂਜਾ, ਅਰਚਨਾ, ਤਰਪਣ, ਭੋਗ ਆਦਿ ਨੂੰ ਵੀ ਜ਼ਰੂਰੀ ਅੰਗ ਮੰਨਿਆ ਗਿਆ ਹੈ , ਪਰ ਸਿੱਖ ਮੱਤ ਵਿਚ ਵਾਹਿਦ ਇਕ ਪ੍ਰਮੇਸ਼ਰ ਨੂੰ ਛੱਡ ਕੇ ਹੋਰ ਕਿਸੇ ਹਸਤੀ ਵਿਚ ਵਿਸ਼ਵਾਸ ਕਰਨਾ ਅਰ ਕਰਮ-ਕਾਂਡਾਂ ਦੇ ਖਲ-ਜਗਨ ਵਿਚ ਆਪਣੇ ਆਪ ਨੂੰ ਫਸਾਉਣਾ ਧਰਮ ਤੋਂ ਬਾਗੀ ਹੋਣ ਤੁਲ ਸਮਝਿਆ ਜਾਂਦਾ ਹੈ । ਬ੍ਰਹਿਮਣੀ ਮੱਤ ਅਨੁਸਾਰ ਜ਼ਾਤ-ਵਰਣ ਦੇ ਵਿਤਕਰੇ ਨੂੰ ਤੋੜਨਾ ਆਪਣਾ ਲਚਕਦਾਰ ਲੱਕ ਤੋੜ ਲੈਣਾ ਹੈ, ਜਦ ਕਿ ਸਿੱਖੀ ਅਨੁਸਾਰ ਇਸ ਕੁੱਜੇ ਲੱਕ ਨੂੰ ਤੋੜੇ ਬਿਨਾਂ ਧਰਮ ਦੇ ਸੁੱਚੇ ਤੇ ਸੁੰਦਰ ਮਹੱਲ ਦੀ ਉਸਾਰੀ ਸੰਭਵ ਹੀ ਨਹੀਂ । ਵਰਤਾਂ (ਬ੍ਰਹਿਮਣ ਗਿਆਸ ਕਰੇ ਚੌਬੀਸਾ) ਦੇ ਮਹਾਨ ਧਾਰਮਕ ਅਸੂਲ ਨੂੰ ਅਪਨਾਏ ਬਿਨਾਂ ਬ੍ਰਹਿਮਣੀ ਮੱਤ ਦਾ ਹਾਜ਼ਮਾ 'ਹਮਦਰਦ' ਵਾਲਿਆਂ ਦੀ ਪਚਨੋਲ ਅਤੇ ਹਬ-ਕਬਿਦ-ਨੌਸ਼ਾਦਰੀ ਆਦਿਕ ਔਖਧੀਆਂ ਨਾਲ ਭੀ ਠੀਕ ਨਹੀਂ ਹੋ ਸਕਦਾ, ਪਰ ਗੁਰਮਤ ਵਿਚ ਅਜਿਹੇ ਕੁਕੁਰਮਾਂ ਅਤੇ ਕੁ-ਕਾਂਡਾਂ ਲਈ ਕਬੀਰ ਸਾਹਿਬ ਨੇ 'ਗਦਹੀ ਹੋਇ ਕੈ ਅਉਤਰੈ ਭਾਰ ਸਹੈ ਮਨ ਚਾਰ " ਦਾ ਦੰਡ ਵਿਧਾਨ ਨਿਯਤ ਕੀਤਾ ਹੈ ਹਿੰਦੂ ਮੱਤ ਵੇਦ-ਵਿਸ਼ਵਾਸੀ ਮੱਤ ਹੈ ਅਤੇ ਫਿਰ ਹਿੰਦੂ ਮੱਤ ਪੂਜਾ-ਅਰਚਾ ਵਿਚ ਵਿਸ਼ਨੂੰ ਦੇ ਅਵਤਾਰਾਂ ਨੂੰ ਮਹਾਨ ਅਸਥਾਨ ਹਾਸਲ ਹੈ, ਜਦਕਿ ਵੇਦਾਂ ਅਤੇ ਅਵਤਾਰਾਂ ਨੂੰ ਸਿੱਖ ਮੱਤ ਵਿਚ ਹੇਠ ਲਿਖੇ ਗੁਰਬਾਣੀ ਵਾਕਾਂ ਅਨੁਸਾਰ ਟਿਚ ਸਮਝਿਆ ਗਿਆ ਹੈ, ਕਿਉਕਿ ਸਿੱਖ ਮੱਤ ਦਾ ਆਧਾਰ ਕੇਵਲ ਗੁਰਬਾਣੀ ਅਤੇ ਅਕਾਲ ਪੁਰਖ ਹੀ ਹਨ, ਵੇਦ ਅਤੇ ਅਵਤਾਰ ਨਹੀਂ । ਯਥਾ :

"ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ।।
ਹਰਿਨਾਮੁ ਚਿਤ ਨ ਆਵਈ, ਨਹਿ ਨਿੱਜ ਘਰ ਹੋਵੈ ਵਾਸੁ ।। "
(ਮਲਾਰ,ਮ: ੩,ਪੰਨਾ:੧੨੭੭)

ਬੇਦ ਪੜਹਿ, ਹਰਿਨਾਮੁ ਨ ਬੂਝਹਿ ।।
ਮਾਇਆ ਕਾਰਣਿ ਪੜਿ ਪੜਿ ਲੂਝਹਿ ।। " (ਮਾਰੂ,ਮ: ੩,ਪੰਨਾ:੧੦੫੦)

'ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ, ਜੁਗ ਚਾਰਿ ।।" (ਸੋਰਠਿ,ਮ: ੩ ੬੪੭)

"ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ।। "
(ਰਾਮਕਲੀ,ਮ: ੩ ,ਅਨੰਦੁ,ਪੰਨਾ ੯੨੦)

"ਬੇਦ ਬਾਣੀ ਜਗੁ ਵਰਤਦਾ ਤ੍ਰੈਗੁਣ ਕਰੇ ਬੀਚਾਰੁ ।।
ਬਿਨੁ ਨਾਵੈ ਜਮਡੰਡੁ ਸਹੇ, ਮਰਿ ਜਨਮੈ ਵਾਰੋ ਵਾਰ ।। (ਮਲਾਰ,ਮ: ੩,੧੨੭੬)

"ਬ੍ਰਹਮਾ ਮੂਲੁ ਵੇਦ ਅਭਿਆਸਾ ।।
ਤਿਸ ਤੇ ਉਪਜੇ ਦੇਵ ਮੋਹ ਪਿਆਸਾ ।।

ਤ੍ਰੈਗੁਣ ਭਰਮੇ ਨਾਹੀਂ ਨਿਜ ਘਰਿ ਵਾਸਾ ।।" (ਗਉੜੀ,ਮ: ੩, ਪੰਨਾ੨੩੦)

" ਤ੍ਰੈਗੁਣ ਬਾਣੀ ਬੇਦ ਬੀਚਾਰੁ ।।
ਬਿਖਿਆ ਮੈਲੁ ਬਿਖਿਆ ਵਾਪਾਰੁ ।।" (ਮਲਾਰ,ਮ: ੩, ਪੰਨਾ:੧੨੬੨)

" ਗੁਰਬਾਣੀ ਵਰਤੀ ਜਗ ਅੰਤਰਿ
ਇਸੁ ਬਾਣੀ ਤੇ ਹਰਿਨਾਮੁ ਪਾਇਦਾ ।।" (ਮਾਰੂ,ਮ: ੩,ਪੰਨਾ:੧੦੬੬)

" ਗੁਰਬਾਣੀ ਇਸ ਜਗ ਮਹਿ ਚਾਨਣ "

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ।।
ਕਹਦੇ ਕਚੇ ਸੁਣਦੇ ਕਚੇ, ਕਚੀਂ ਆਖਿ ਵਖਾਣੀ ।।" (ਰਾਮਕਲੀ,ਮ:,੩-੯੨੦)

ਅਵਤਾਰਾਂ ਬਾਰੇ:

"ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰਿ ਅਵਤਾਰੀ ।।
ਤਿਨ ਭੀ ਅੰਤੁ ਨ ਪਾਇਆ ਤਾਕਾ, ਕਿਆ ਕਰਿ ਆਖ ਵੀਚਾਰੀ ।।"
(ਆਸਾ, ਮ: ੩, ਪੰਨਾ-੪੨੩)

" ਅਵਤਾਰ ਨ ਜਾਨਹਿ ਅੰਤੁ ।।
ਪਰਮੇਸਰੁ ਪਾਰਬ੍ਰਹਮ ਬੇਅੰਤੁ ।।" (ਰਾਮਕਲੀ, ਮ: ੫, ੮੯੪)

" ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ।।
ਤਿਨ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ।।"
(ਸੂਹੀ,ਮ: ੫,-੭੪੭)

" ਪਾਂਡੇ ਤੁਮਰਾ ਰਾਮ ਚੰਦੁ, ਸੋ ਭੀ ਅਵਤੁ ਦੇਖਿਆ ਥਾ ।।
ਰਾਵਨ ਸੇਤੀ ਸਰਬਰ ਹੋਈ; ਘਰ ਕੀ ਜੋਇ ਗਵਾਈ ਥੀ ।।"
(ਬਿਲਾਵਲ ਗੋਂਡ, ਨਾਮਦੇਵ ਜੀ-੮੭੫)

" ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ
ਕਾਨ੍ਹ ਕ੍ਰਿਸਨੁ ਜਾਦਮੁ ਭਇਆ ।।" (ਆਸਾ,ਮ: ੧, ੪੭੦)

ਬ੍ਰਹਿਮਣੀ ਮਤ ਲਈ ਇਹ ਜ਼ਰੂਰੀ ਸੀ ਕਿ ਦੇਵੀ ਦੇਵਤਿਆਂ, ਬ੍ਰਹਮਾ, ਵਿਸ਼ਨੂੰ ਮਹੇਸ਼ ਆਦਿ ਸਭ ਨੂੰ ਬਹੁਤ ਉੱਚਾ ਥਾਂ ਦਿਤਾ ਜਾਵੇ ਪਰ ਸਿਖ ਧਰਮ ਅਨੁਸਾਰ ਇਕੋ-ਇਕ ਵਾਹਿਦ ਪ੍ਰਮੇਸ਼ਰ ਦੀ ਭਗਤੀ ਨੂੰ ਦ੍ਰਿੜ ਕਰਨ ਲਈ ਇਹਨਾਂ ਵਸਤਾਂ ਨੂੰ ਭੀ ਟਿਚ ਸਮਝਣਾ ਜ਼ਰੂਰੀ ਹੈ । ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਇਸ ਐਂਕੜ ਦਾ ਚੰਗੀ ਤਰ੍ਹਾਂ ਫਸਤਾ ਵਢਿਆ ਹੈ ਅਤੇ ਗੁਰਮਤ ਸਿਧਾਂਤਾਂ ਨੂੰ ਖੁਲ੍ਹੇ ਸ਼ਬਦਾਂ ਵਿਚ ਨਿਖਾਰ ਕੇ ਪ੍ਰਗਟ ਕਰ ਦਿਤਾ ਹੈ । ਯਥਾ :

" ਮਹਾਦੇਉ ਗਿਆਨੀ ਵਰਤੇ,
ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ।।" (ਵਡਹੰਸ,ਮ: ੩, ੫੫੯)

"ਮਾਇਆ ਮੋਹੇ ਦੇਵੀ ਸਭਿ ਦੇਵਾ ।।" (ਗਉੜੀ,ਮ: ੩, ੨੨੭)

"ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ,
ਹਉਮੈ ਮੋਹੁ ਵਧਾਇਆ ।।" (ਵਾਰ ਬਿਲਾਵਲ, ਮ: ੩-੮੫੨)
"ਬ੍ਰਹਮਾ ਬਿਸਨੁ ਮਹੇਸੁ ਨ ਕੋਈ ।।
ਅਵਰੁ ਨ ਦੀਸੈ, ਏਕੋ ਸੋਈ ।। ੧੦੩੫ ।।
ਬ੍ਰਹਮਾ ਬਿਸਨੁ ਰੁਦ੍ਰ ਤਿਸਕੀ ਸੇਵਾ ।।
ਅੰਤੁ ਨ ਪਾਵਹਿ, ਅਲਖ ਅਭੇਵਾ ।।" (ਮਾਰੂ, ਮ: ੩-੧੦੫੪)
"ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ।।
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ।।
ਨਿਹਫਲ, ਤਿਨਕਾ ਜੀਵਿਆ, ਜਿ ਖਸਮੁ ਨ ਜਾਣਹਿ ਆਪਣਾ,
ਅਵਰੀ ਕਉ ਚਿਤੁ ਲਾਇ ।।
ਨਾਨਕ ਏਵ ਨ ਜਾਪਈ, ਕਰਤਾ ਕੇਤੀ ਦੇਇ ਸਜਾਇ ।।
(ਵਾਰ ਗੂਜਰੀ, ਮ: ੩-੫੦੯)

ਸਿਖ ਸਤਿਗੁਰੂਆਂ ਨੇ ਸ਼ੁਰੂ ਤੋਂ ਹੀ ਇਸ ਪਾਸੇ ਲੋੜੀਦਾ ਧਿਆਨ ਦਿਤਾ ਸੀ, ਤਾਂ ਕਿ ਸਿੱਖ ਮਤ ਇਕ ਸੁਤੰਤਰ, ਸੰਪੂਰਨ ਤੇ ਆਲਮਗੀਰੀ ਮਤ ਦੀ ਸ਼ਕਲ ਅਖਤਿਆਰ ਕਰ ਸਕੇ। ਸਮੇਂ ਅਨੁਸਾਰ ਹਿੰਦੂ ਮਤ ਦੇ ਅਨੇਕਾਂ ਸੰਸਕਾਰ ਆਦਿਕਾਂ ਤੋਂ ਸਿੱਖ ਮਤ ਦੇ ਮੰਨਣਹਾਰਿਆਂ ਦੀ ਖਲਾਸੀ ਕਰਵਾਈ ਗਈ । ਗੁਰੂ ਗੋਬਿੰਦ ਸਿੰਘ ਜੀ ਦੇ ਜ਼ਮਾਨੇ ਤਕ ਤਾਂ ਅੰਮ੍ਰਿਤ ਸ਼ੰਚਾਰ ਸਮੇਂ ਸਿੱਖਾਂ ਦੀ ਜਾਨ ਸਮੂਹ ਬ੍ਰਹਿਮਣੀ ਸੰਸਕਾਰਾਂ ਤੋਂ ਸਦਾ ਲਈ ਛਡਾ ਦਿਤੀ ਗਈ ਅਤੇ ਇਸ ਸਬੰਧੀ ਗੁਰਮਤ ਸੰਸਕਾਰਾਂ ਨੂੰ ਉਘਾੜ ਕੇ ਲਾਗੂ ਕਰ ਦਿਤਾ ਗਿਆ । ਜਿਸ ਦੇ ਨਤੀਜੇ ਦੇ ਤੌਰ ਤੇ ਆਜ਼ਾਦ ਤੇ ਨਰੋਏ ਸਿੱਖ ਸਭਿਆਚਾਰ ਦੀ ਨੀਹ ਰਖੀ ਗਈ । ਇਸ ਵੇਲੇ ਤਕ ਅਨਮਤਾਂ ਦੇ ਸਭ ਚਿਨ੍ਹਾਂ ਦਾ ਭੀ ਪੂਰਨ ਤੌਰ ਤੇ ਪਰਿਤਿਆਗ ਕਰ ਦਿਤਾ ਗਿਆ ਅਤੇ ਕੇਸ, ਕੜਾ, ਕੰਘਾ, ਕਛਹਿਰਾ, ਕਿਰਪਾਨ ਆਦਿਕ ਖਾਲਸਾ ਸਭਿਆਚਾਰ ਦੇ ਚਿੰਨ ਹੋਂਦ ਵਿਚ ਆਏ ।

ਸਿੱਖ ਵਿਚਾਰਧਾਰਾ, ਸਿੱਖ ਸਭਿਆਚਾਰ ਤੇ ਸਿੱਖ ਜੀਵਨ ਜੁਗਤੀ ਦਾ ਨਿਆਰਾ-ਪਨ ਕਾਇਮ ਕਰਨ ਵਿਚ ਗੁਰੂ ਅਮਰਦਾਸ ਜੀ ਦਾ ਮਹਾਨ ਯੋਗਦਾਨ ਹੈ । ਇਸ ਸਬੰਧੀ ਆਪ ਨੇ ਆਪਣੀ ਰਚੀ ਬਾਣੀ ਰਾਹੀਂ ਸਦਾ ਕਾਇਮ ਰਹਿਣ ਵਾਲਾ ਆਪਣਾ ਯੋਗਦਾਨ ਪਾਉਣ ਦੀ ਕਿਰਪਾਲਤਾ ਕੀਤੀ ਹੈ । ਆਪ ਦੀ ਬਾਣੀ ਵਿਚੋਂ ਅਨੇਕਾਂ ਵੰਨਗੀਆਂ ਇਸ ਮੰਤਵ ਲਈ ਉਪਰ ਦਿਤੀਆਂ ਜਾ ਚੁਕੀਆਂ ਹਨ । ਹੁਣ ਹੇਠ ਲਿਖੇ ਅਨੁਸਾਰ ਕੁਝ ਕੁ ਹਵਾਲੇ ਆਪ ਜੀ ਦੀ ਜੀਵਨ ਗਾਥਾ ਵਿਚੋਂ ਦਿਤੇ ਜਾਂਦੇ ਹਨ ।

ਲੰਗਰ ਦੀ ਮਰਯਾਦਾ ਆਪਣੇ ਆਪ ਵਿਚ ਸਿੱਖੀ ਦੀ ਨਿਆਰੀ ਹੋਂਦ ਨੂੰ ਦ੍ਰਿੜ ਕਰਾਉਂਦੀ ਸੀ । ਹਰ ਜਾਤ-ਪਾਤ ਨਾਲ ਸਬੰਧ ਰਖਣ ਵਾਲਾ ਬੰਦਾ ਸੇਵਾ ਕਰਨ ਦੇ ਵਿਚਾਰ ਨਾਲ ਕੇਵਲ ਸਫਾਈ ਆਦਿ ਦੇ ਨਿਯਮਾਂ ਨੂੰ ਪਾਲਦਿਆਂ ਹੋਇਆਂ ਲੰਗਰ ਪਕਾਉਣ ਵਿਚ

ਸ਼ਾਮਲ ਹੋ ਸਕਦਾ ਸੀ । ਮਨੁਖ-ਮਨੁਖ ਵਿਚ ਪਏ ਸਭ ਪ੍ਰਕਾਰ ਦੇ ਵਿਤਕਰੇ ਦੂਰ ਕਰ ਦਿਤੇ ਗਏ ਸਨ । ਇਹਨਾਂ ਛੂਤ-ਛਾਤ ਦੇ ਵਿਤਕਰਿਆਂ ਨੂੰ ਜੜ੍ਹੋਂ ਕੱਟਣ ਲਈ ਸਤਿਗੁਰਾਂ ਨੇ ਹਰ ਸਤਿਸੰਗੀ ਲਈ ਲੰਗਰ ਵਿਚੋਂ ਸ਼ਰਧਾ ਸਹਿਤ ਪਰਸ਼ਾਦਾ ਛਕਣਾ ਲਾਜ਼ਮੀ ਬਣਾ ਦਿਤਾ ਸੀ। ਸਾਂਝੀ ਬਾਉਲੀ ਦੀ ਉਸਾਰੀ ਨੇ ਭੀ ਸਿਖ ਮੱਤ ਦੇ ਨਿਆਰੇ ਸਭਿਆਚਾਰਾਂ ਦੀ ਘਾੜਤ ਵਿਚ ਬਹੁਤ ਅਹਿਮ ਰੋਲ ਅਦਾ ਕੀਤਾ ਸੀ । ਠੀਕ ਹੈ ਅਜ ਦੇ ਸਮੇਂ ਵਿਚ ਸ਼ਾਇਦ ਇਸ ਗਲ ਦੀ ਮਹਾਨਤਾ ਸਾਨੂੰ ਆਸਾਨੀ ਨਾਲ ਨ ਸਮਝ ਪੈ ਸਕੇ, ਪਰ ਜ਼ਾਤ-ਪਾਤ ਦੇ ਵਿਤਕਰਿਆਂ ਦੇ ਛੂਤ-ਛਾਤ ਦੇ ਭਾਵਾਂ ਨਾਲ ਭਰੇ ਸਮਾਜ ਵਿਚੋਂ ਸਿਖ ਮੱਤ ਦੇ ਮੰਨਣ ਵਾਲਿਆਂ ਨੂੰ ਉਘਾੜ ਕੇ ਕੱਢ ਲੈਣ ਤੇ ਫਿਰ ਉਹਨਾਂ ਵਿਚ ਭਾਈਚਾਰਕ ਏਕਤਾ ਪੈਦਾ ਕਰ ਦੇਣ ਵਿਚ ਸਤਿਗੁਰਾਂ ਵਲੋਂ ਬਣਵਾਈ ਬਾਉਲੀ ਨੇ ਮਹਾਨ ਹਿੱਸਾ ਪਾਇਆ ਸੀ ।

ਭਾਈ ਪਾਰੋ ਦੀ ਸਲਾਹ ਅਰ ਬੇਨਤੀ ਤੇ ਗੁਰੂ ਅਮਰਦਾਸ ਜੀ ਨੇ ਸੰਮਤ 1624 ਬਿਕ੍ਰਮੀ ਦੀ ਵਿਸਾਖੀ ਤੋਂ ਸਿੱਖ ਮਤ ਦੇ ਮੰਨਣ ਵਾਲਿਆਂ ਦਾ ਉਚੇਚਾ ਸਾਲਾਨਾ ਜੋੜ ਮੇਲ ਕਰਵਾਣਾ ਸ਼ੁਰੂ ਕੀਤਾ । ਇਸ ਨਾਲ ਸਿੱਖ ਸਭਿਆਚਾਰ ਨੂੰ ਨਿਖਾਰਨ ਵਿਚ ਬੜੀ ਮਦਦ ਮਿਲੀ । ਸਭ ਸਿੱਖ ਸੰਗਤਾਂ ਦਾ ਇਕੋ ਥਾਂ ਇੱਕਠਾ ਹੋਣਾ, ਸਾਂਝੇ ਪ੍ਰੋਗਰਾਮ ਬਾਰੇ ਵਿਚਾਰਾਂ ਕਰਨੀਆਂ, ਗੁਰਮਤ ਸਿਧਾਤਾਂ ਦਾ ਵਿਸਥਾਰ ਸਹਿਤ ਪ੍ਰਚਾਰ ਕਰਨਾ ਸਮਾਂ ਪੈ ਕੇ ਬਹੁਤ ਫਾਇਦੇਮੰਦ ਸਾਬਤ ਹੋਇਆ । ਸਿੱਖੀ ਪ੍ਰਚਾਰ ਦੇ ਨਾਲ ਨਾਲ ਇਸ ਸਲਾਨਾ ਸਮਾਗਮ ਨੇ ਸਿੱਖਾਂ ਵਿਚ ਇਖ ਕੌਮ ਹੋਣ ਦਾ ਅਹਿਸਾਸ ਪੈਦਾ ਕਰ ਦਿਤਾ ।

ਗੁਰੂ ਅਮਰਦਾਸ ਜੀ ਨੇ ਆਪਣੇ ਮੁਖੀ ਪ੍ਰਚਾਰਕਾਂ ਦਾ ਜੀਵਨ ਐਸਾ ਸਾਧਿਆ ਸੀ ਕਿ ਉਹ ਆਪਣੀ ਨਿਆਰੀ ਰਹਿਤ ਮਰਯਾਦਾ ਨਾਲ ਹੀ ਹਰ ਥਾਂ ਵਿਚਰਦੇ ਸਨ, ਜਿਸ ਨਾਲ ਸਿੱਖੀ ਸੁਤੰਤਰ ਠੁਕ ਬਝਣੀ ਸ਼ੁਰੂ ਹੋ ਗਈ । ਆਪ ਨੇ ਆਪਣੇ ਭਤੀਜੇ ਬਾਬਾ ਸਾਵਣ ਮਲ ਨੂੰ ਕੁਲੂ, ਕਾਂਗੜਾ, ਸੁਕੇਤ ਆਦਿ ਪਹਾੜੀ ਇਲਾਕਿਆਂ ਵਿਚ ਪ੍ਰਚਾਰ ਕਰਨ ਲਈ ਭੇਜਿਆ ਸੀ । ਹਰੀਪੁਰ ਵਿਚ ਠਹਿਰਨ ਸਮੇਂ ਇਕਾਦਸ਼ੀ ਵਰਤ ਵਾਲਾ ਦਿਨ ਆ ਟਪਕਿਆ । ਸਾਵਣ ਮਲ ਜੀ ਨੇ ਵਰਤ ਰੱਖਣ ਦੀ ਹਿੰਦਵਾਣੀ ਮਰਯਾਦਾ ਪਾਲਣ ਦੀ ਥਾਵੇਂ ਲੰਗਰ ਸਜਾਇਆ ਅਤੇ ਆਪ ਛਕੱਣ ਦੇ ਨਾਲ ਨਾਲ ਹੋਰਨਾ ਨੂੰ ਵੀ ਹਿਸਾ ਵੰਡਾਉਣ ਲਈ ਸੱਦਾ ਦਿਤਾ । ਸਾਵਣ ਮਲ ਜੀ ਨੂੰ ਰਾਜੇ ਦੇ ਪੇਸ਼ ਹੋਣਾ ਪਿਆ ਪਰ ਸਿੱਖੀ ਦੀ ਨਿਆਰੀ ਅਤੇ ਸਿਧ-ਪਧਰੀ ਰਹਿਤ ਅਤੇ ਗੁਰਬਾਣੀ ਵਿਚਾਰਾਂ ਨਾਲ ਰਾਜਾ ਇਤਨਾ ਪ੍ਰਭਾਵਤ ਹੋਇਆ ਕਿ ਉਸਨੇ ਪ੍ਰਵਾਰ ਸਹਿਤ ਅਤੇ ਆਪਣੇ ਅਮੀਰਾਂ ਵਜ਼ੀਰਾਂ ਸਮੇਤ ਸਿੱਖੀ ਧਾਰਨ ਕਰ ਲਈ ।

ਅਲਾਯਾਰ ਪਠਾਣ ਤੇ ਮਥੋ ਵਰਗੀਆਂ ਬੀਬੀਆਂ ਨੂੰ ਸਿੱਖ ਧਰਮ ਦੇ ਪ੍ਰਚਾਰ ਦੇ ਕੰਮ ਤੇ ਲਗਾਉਣਾ ਇਕ ਇਨਕਲਾਬੀ ਕਦਮ ਹੀ ਸੀ । ਸੱਪਸ਼ਟ ਸੀ ਕਿ ਸਿੱਖੀ ਦੇ ਨਿਆਰੇ ਭਾਈਚਾਰੇ ਵਿਚ ਹਿੰਦੂ ਮੁਸਲਮਾਨ ਆਦਿ ਸਭ ਜਾਤਾਂ ਕੌਮਾਂ ਦੇ ਬੰਦੇ ਸ਼ਾਮਲ ਹੋ ਸਕਦੇ ਹਨ । ਬੀਬੀਆਂ ਨੂੰ ਵੀ ਪ੍ਰਚਾਰ ਦੇ ਕੰਮ ਤੇ ਲਗਾਕੇ ਪੁਰਖਾਂ ਦੇ ਬਰਾਬਰ ਅਖਤਿਆਰ ਅਰ

ਹਕ ਇਸ ਨਵੇਂ ਤੇ ਨਿਆਰੇ ਭਾਈਚਾਰੇ ਵਿਚ ਦਿਤੇ ਜਾ ਚੁਕੇ ਸਨ, ਜਿਸਦਾ ਇਸ ਤੋਂ ਪਹਿਲਾਂ ਸੁਫਨਾ ਲੈਣਾ ਵੀ ਨੀਂਦ ਖਰਾਬ ਕਰਨ ਤੁਲ ਸੀ ।

ਭਾਈ ਪ੍ਰੇਮੇ ਨਾਲ ਮਥੋ ਦਾ, ਅਤੇ ਹਰੀਪੁਰ ਦੀ ਰਾਣੀ ਨਾਲ ਸਚਨ-ਸਚ ਦਾ ਅੰਤਰ-ਜਾਤੀ ਵਿਆਹ ਵੀ ਸਿਖੀ ਦੀ ਨਿਆਰੀ ਤੇ ਆਲਮਗੀਰੀ (Universal) ਮਰਯਾਦਾ ਦਾ ਲਖਾਇਕ ਹੈ ।

(5) ਮਨੁੱਖਾ ਜੀਵਨ ਦਾ ਮਨੋਰਥ :–

ਮਨੁਖਾ ਜੀਵਨ ਦਾ ਮਨੋਰਥ ਕੀ ਹੈ, ਇਸ ਬਾਰੇ ਗੁਰੂ ਅਮਰਦਾਸ ਜੀ ਨੇ ਬੜੇ ਸਾਫ ਸਾਫ ਵਿਚਾਰ ਦਿਤੇ ਹਨ । ਕਈ ਤਰੀਕਿਆਂ ਨਾਲ ਇਹ ਦ੍ਰਿੜ ਕਰਵਾਇਆ ਹੈ ਕਿ ਮਨੁਖਾ ਜਨਮ ਵਿਸ਼ਿਆਂ ਵਿਕਾਰਾਂ ਵਿਚ ਬਰਬਾਦ ਕਰਨ ਲਈ ਨਹੀਂ, ਕਿਸੇ ਉਚੇ ਪ੍ਰਯੋਜਨ ਲਈ ਹੈ।

ਗੁਰੂ ਜੀ ਨੇ ਮਨੁਖ ਨੂੰ ਸੰਬੋਧਨ ਕਰਕੇ ਬਹੁਤ ਬੁਲੰਦ ਆਵਾਜ਼ ਨਾਲ ਕਿਹਾ ਹੈ, ਕਿ ਹੇ ਇਨਸਾਨ ! ਤੂੰ ਇਹ ਤਾਂ ਸੋਚ, ਕਿ ਸੰਸਾਰ ਵਿਚ ਜਨਮ ਲੈਕੇ ਤੂੰ ਅਜ ਤਕ ਕਿਹੜਾ ਚੰਗਾ ਕੰਮ ਕਮਾਇਆ ਹੈ । ਜਿਸ ਹਰੀ ਨੇ ਤੇਰੇ ਸਰੀਰ ਦੀ ਸਿਰਜਨਾ ਕੀਤੀ ਹੈ, ਉਸਨੂੰ ਤੂੰ ਆਪਣੇ ਮਨ ਵਿਚ ਨਹੀਂ ਵਸਾਇਆ । ਪ੍ਰਮੇਸ਼ਰ, ਗੁਰੂ ਦੀ ਕਿਰਪਾ ਨਾਲ ਹੀ ਮਨੁਖ ਦੇ ਹਿਰਦੇ ਵਿਚ ਵਸ ਸਕਦਾ ਹੈ ਤੇ ਇਸ ਲਈ ਸਤਿਗੁਰੂ ਦੀ ਸਿਖਿਆ ਨਾਲ ਚਿਤ ਜੋੜਨ ਨਾਲ ਹੀ ਸਾਡਾ ਮਨੁਖਾ ਜਨਮ ਸਫਲ ਅਖਵਾ ਸਕਦਾ ਹੈ । ਜਿਹੜੇ ਮਨੁਖਾਂ ਨੇ ਸਤਿਗੁਰੂ ਦੇ ਉਪਦੇਸ਼ ਵਿਚ ਚਿਤ ਲਗਾ ਕੇ ਪ੍ਰਮੇਸ਼ਰ ਨੂੰ ਆਪਣੇ ਮਨ ਵਿਚ ਨਹੀਂ ਵਸਾਇਆ ਉਹਨਾਂ ਦੇ ਜੀਵਨ ਤੇ ਸਤਿਗੁਰੂ ਧ੍ਰਿਕਾਰ ਪਾਂਦੇ ਹਨ ਤੇ ਉਹਨਾਂ ਦੇ ਖਾਣ, ਪੀਣ, ਚੰਗੇ ਬਸਤਰ ਪਹਿਨਣ, ਸੌਣ ਅਤੇ ਭਾਂਤ-ਸੁਭਾਂਤੇ ਭੋਗ ਭੋਗਣ ਉਤੇ ਧ੍ਰਿਕਾਰਾਂ ਪਾਂਦੇ ਹਨ, ਕਿਉਂਕਿ ਇਸ ਤਰ੍ਹਾਂ ਉਹ ਮਨੁਖਾ ਜਨਮ ਨੂੰ ਬੇ-ਅਰਥ ਗੁਆ ਰਹੇ ਹਨ ।

**' ਏ ਸਰੀਰਾ ਮੇਰਿਆ, ਇਸੁ ਜਗ ਮਹਿ ਆਇ ਕੈ,**
**ਕਿਆ ਤੁਧੁ ਕਰਮ ਕਮਾਇਆ ॥**
**ਕਿ ਕਰਮ ਕਮਾਇਆ ਤੁਧੁ ਸਰੀਰਾ,**
**ਜਾਂ ਤੂ ਜਗ ਮਹਿ ਆਇਆ ॥**
**ਜਿਨਿ ਹਰਿ ਤੇਰਾ ਰਚਨੁ ਰਚਿਆ,**
**ਸੋ ਹਰਿ ਮਨਿ ਨ ਵਸਾਇਆ ॥**
**ਗੁਰਪਰਸਾਦੀ ਹਰਿ ਮੰਨਿ ਵਸਿਆ,**
**ਪੂਰਬਿ ਲਿਖਿਆ ਪਾਇਆ ॥**
**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਇਆ,**
**ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥**

**(ਰਾਮਕਲੀ, ਮ: ੩, ਅਨੰਦੁ-੯੨੧)**

ਭਾਈ ਰੇ, ਭਗਤਿਹੀਣੁ ਕਾਹੇ ਜਗਿ ਆਇਆ
ਪੂਰੇ ਗੁਰ ਕੀ ਸੇਵ ਨ ਕੀਨੀ, ਬਿਰਥਾ ਜਨਮੁ ਗਵਾਇਆ ।। (੬੪)
ਸਤਿਗੁਰੁ ਜਿਨਾ ਨ ਸੇਵਿਓ, ਸਬਦਿ ਨ ਲਗੋ ਪਿਆਰੁ ।।
ਸਹਜੇ ਨਾਮੁ ਨ ਧਿਆਇਆ, ਕਿਤੁ ਆਇਆ ਸੰਸਾਰਿ ।।

(ਗੂਜਰੀ ਕੀ ਵਾਰ, ਮ: ੩-੫੧੨)

" ਸਫਲੁ ਜਨਮੁ ਜਿਨ੍ਹੀ ਗੁਰਮੁਖਿ ਜਾਤਾ ਹਰਿ ਜੀਉ ਰਿਦੈ ਵਸਾਏ ।।
ਬਾਝੁ ਗੁਰੂ ਫਿਰੈ ਬਿਲਲਾਦੀ ਦੂਜੈ ਭਾਇ ਖੁਆਏ ।। "

(ਗੂਜਰੀ ਕੀ ਵਾਰ, ਮ: ੩-੫੧੩)

" ਸਤਿਗੁਰ ਸਿਉ ਚਿਤੁ ਨ ਲਾਇਓ ਨਾਮੁ ਨ ਵਸਿਓ ਮਨਿ ਆਇ ।।
ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ ।। "

(ਗੂਜਰੀ ਕੀ ਵਾਰ, ਮ : ੩-੫੧੦)

ਧ੍ਰਿਗੁ ਧ੍ਰਿਗੁ ਖਾਇਆ, ਧ੍ਰਿਗ ਧ੍ਰਿਗ ਸੋਇਆ ।।
ਧ੍ਰਿਗੁ ਧ੍ਰਿਗੁ ਕਾਪੜ ਅੰਗਿ ਚੜ੍ਹਾਇਆ ।।
ਧ੍ਰਿਗੁ ਸਰੀਰ ਕੁਟੰਬ ਸਹਿਤ ਸਿਉ, ਜਿਤ ਹੁਣਿ ਖਸਮ ਨ ਪਾਇਆ ।।
ਪਉੜੀ ਛੁਟਕੀ ਫਿਰਿ ਹਾਥਿ ਨ ਆਵੈ, ਅਹਿਲਾ ਜਨਮੁ ਗਵਾਇਆ ।।

(ਬਿਲਾਵਲ, ਮ: ੩, ਪੰਨਾ ੭੯੬)

ਗੁਰਮੁਖਿ ਹਰਿ ਜੀਉ ਸਦਾ ਧਿਆਵਹੁ ਜਬ ਲਗੁ ਜੀਅ ਪਰਾਨ ।।
ਗੁਰ ਸਬਦੀ ਮਨੁ ਨਿਰਮਲੁ ਹੋਆ ਚੂਕਾ ਮਨਿ ਅਭਿਮਾਨੁ ।।
ਸਫਲ ਜਨਮੁ ਤਿਸੁ ਪ੍ਰਾਨੀ ਕੇਰਾ ਹਰਿ ਕੈ ਨਾਮਿ ਸਮਾਨ ।।

(ਪ੍ਰਭਾਤੀ, ਮ: ੩, ਪੰਨਾ ੧੩੩੪)

ਮਾਨਸ ਜਨਮਿ ਸਤਿਗੁਰੂ ਨ ਸੇਵਿਆ, ਬਿਰਥਾ ਜਨਮੁ ਗਵਾਇਆ ।।
ਨਦਰਿ ਕਰੇ ਤਾ ਸਤਿਗੁਰੁ ਮੇਲੇ, ਸਹਜੇ ਸਹਜਿ ਸਮਾਇਆ ।।

(ਪ੍ਰਭਾਤੀ, ਮ: ੩, ਪੰਨਾ ੧੩੩੪)

### (6) ਸਤਿਗੁਰੂ ਦੀ ਸਿਖਿਆ ਦੀ ਲੋੜ :–

ਗੁਰੂ ਅਮਰਦਾਸ ਜੀ ਨੇ ਉਚੀ ਆਤਮਕ ਅਵਸਥਾ ਹਾਸਲ ਕਰਨ ਲਈ ਕੇਵਲ ਮਾਤਰ ਸਚੇ ਸਤਿਗੁਰੂ ਦੀ ਸਿਖਿਆ ਸੁਣਨ ਤੇ ਉਸ ਅਨੁਸਾਰ ਜੀਵਨ ਢਾਲਣ ਦੀ ਤਾਕੀਦ ਕੀਤੀ ਹੈ । ਮਨੁਖਾ ਜੀਵਨ ਦੀ ਸਫਲਤਾ ਲਈ ਇਕੋ ਇਕ ਸਫ਼ਲ ਸਾਧਨ ਗੁਰੂ ਦਾ ਉਪਦੇਸ਼ ਕਮਾਉਣਾ ਹੈ । ਯਥਾ :

ਮੇਰੇ ਮਨ ਗੁਰ ਕੀ ਸਿਖ ਸੁਣੀਜੈ ।।
ਹਰਿ ਕਾ ਨਾਮ ਸਦਾ ਸੁਖਦਾਤਾ, ਸਹਜੇ ਹਰਿ ਰਸੁ ਪੀਜੈ ।।

(ਪੰਨਾ ੧੩੩੪)

ਗੁਰੂ ਅਮਰਦਾਸ ਜੀ ਨੇ ਆਪਣੇ ਨਿਜੀ ਤਜਰਬੇ ਦੇ ਆਧਾਰ ਤੇ ਭਲੀ ਭਾਂਤ ਇਹ ਸਚਾਈ ਸਮਝਾ ਦਿਤੀ ਹੈ ਕਿ ਹਰੀ ਪ੍ਰਮੇਸ਼ਰ ਕੇਵਲ ਸਤਿਗੁਰੂ ਦੇ ਉਪਦੇਸ਼ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ । ਪ੍ਰਮੇਸ਼ਰ ਦੇ ਨਾਮ ਦਾ ਖਜ਼ਾਨਾ ਤਾਂ ਸਾਡੇ ਆਪਣੇ ਹਿਰਦੇ ਵਿਚ ਹੀ ਹੈ, ਪਰ ਇਹ ਖਜ਼ਾਨਾ ਸਚੇ ਸਤਿਗੁਰੂ ਬਿਨਾ ਨਜ਼ਰ ਨਹੀਂ ਪੈਂਦਾ ।

**" ਸਤਿਗੁਰ ਤੇ ਹਰਿ ਪਾਈਐ ਭਾਈ ॥**
**ਅੰਤਰਿ ਨਾਮ ਨਿਧਾਨੁ ਹੈ, ਪੂਰੇ ਸਤਿਗੁਰਿ ਦੀਆ ਦਿਖਾਈ ॥ "**

(ਪੰਨਾ ੪੨੫)

ਸਚੇ ਵਾਹਿਦ ਪਰਮੇਸ਼ਰ ਨੂੰ ਜੋ ਪੂਰੀ ਤਰ੍ਹਾਂ ਮਲ ਰਹਿਤ ਹੈ, ਗੁਰੂ ਦੇ ਉਪਦੇਸ਼ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ । ਯਥਾ :

**" ਸਚਾ ਸਾਹਿਬੁ ਏਕੁ ਹੈ, ਮਤੁ ਮਨ ਭਰਮਿ ਭੁਲਾਹਿ ॥**
**ਗੁਰ ਪੂਛਿ ਸੇਵਾ ਕਰਹਿ, ਸਚੁ ਨਿਰਮਲੁ ਮੰਨਿ ਵਸਾਹਿ ॥ "**

(ਪੰਨਾ ੪੨੮)

ਸਤਿਗੁਰੂ ਦੀ ਸੇਵਾ ਆਪਣੇ ਆਪ ਵਿਚ ਬੜੀ ਵੱਡੀ ਘਾਲ ਹੈ । ਸਤਿਗੁਰੂ ਦੀ ਸੇਵਾ ਨਾਲ ਸਭ ਦੁਖਾਂ ਦਾ ਨਾਸ ਕਰਨ ਵਾਲਾ ਪ੍ਰਮੇਸ਼ਰ ਸਾਡੇ ਚਿਤ ਵਿਚ ਵਸ ਜਾਂਦਾ ਹੈ । ਯਥਾ:

**ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥**
**ਹਰਿ ਜੀਉ ਮਨਿ ਵਸੈ, ਸਭ ਦੂਖ ਵਿਸਾਰਣ ਹਾਰੁ ।** (ਪੰਨਾ ੪੨੩)

ਉਹ ਮਨੁਖ ਆਤਮਕ ਸੁਖ ਦੀ ਅਣਹੋਂਦ ਕਾਰਨ ਸਦਾ ਦੁਖੀ ਰਹਿੰਦੇ ਹੋਣ , ਜੋ ਸਤਿਗੁਰੂ ਦੇ ਉਪਦੇਸ਼ ਦੀ ਕਮਾਈ ਰੂਪੀ ਸੇਵਾ ਨਹੀਂ ਕਰਦੇ । ਯਥਾ :

**ਜਿਨੀ ਪੁਰਖੀ ਸਤਗੁਰੁ ਨ ਸੇਵਿਓ,**
**ਸੇ ਦੁਖੀਏ ਜੁਗ ਚਾਰਿ ॥** (ਪੰਨਾ ੩੪)

ਗੁਰੂ-ਹੀਣੇ ਮਨੁਖ ਆਤਮਕ ਤੌਰ ਤੇ ਸਦਾ ਅਚੇਤ ਰਹਿੰਦੇ ਹਨ ਅਤੇ ਮੌਤ ਦੇ ਸਹਿਮ ਵਿਚ ਹੀ ਬਧੇ ਰਹਿੰਦੇ ਹਨ । ਸਚਾ ਆਤਮਕ ਕਲਿਆਣ ਗੁਰੂ ਉਪਦੇਸ਼ ਨਾਲ ਹੀ ਹੋ ਸਕਦਾ ਹੈ । ਯਥਾ:

**" ਬਾਝਹੁ ਗੁਰੂ ਅਚੇਤ ਹੈ ਸਭ ਬਧੀ ਜਮ ਕਾਲਿ ॥**
**ਨਾਨਕ ਗੁਰਮਤਿ ਉਬਰੇ, ਸਚਾ ਨਾਮੁ ਸਮਾਲਿ ॥ "** (ਪੰਨਾ ੩੦)

ਗੁਰੂ ਅਮਰਦਾਸ ਜੀ ਨੇ ਬੜੇ ਸਿਧੇ ਲਫ਼ਜ਼ਾਂ ਵਿਚ ਇਹ ਗਲ ਸਮਝਾਈ ਹੈ ਕਿ ਗੁਰੂ ਤੋਂ ਬਿਨਾਂ ਪਰਮੇਸ਼ਰ ਦੀ ਭਗਤੀ ਹੋ ਹੀ ਨਹੀਂ ਸਕਦੀ । ਗੁਰੂ ਹੀ ਪਰਮੇਸ਼ਰ ਦੀ ਸੱਚੀ ਭਗਤੀ ਕਰਨ ਦਾ ਵਲ ਸਿਖਾਲਣ ਦੀ ਸਮਰੱਥਾ ਰਖਦਾ ਹੈ । ਯਥਾ :-

**" ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥**
**ਬਿਨੁ ਗੁਰ ਭਗਤਿ ਨ ਪਾਈਐ, ਜੇ ਲੋਚੈ ਸਭੁ ਕੋਇ ॥ "** (ਪੰਨਾ : ੩੧)

### (7) ਸਾਧੂ ਦੇ ਲੱਛਣ ਤੇ ਪਖੰਡ ਕਰਮ :

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਜੋ ਮਨੁਖ ਆਪਣੇ ਪੇਟ ਅਥਵਾ ਸੁਆਰਥ ਖਾਤਰ ਅਨੇਕਾਂ ਭੇਖ ਧਾਰਦੇ ਹਨ ਅਤੇ ਜੋ ਕਿਰਤ ਕਾਰ ਛਡ ਕੇ ਹੋਰਨਾ ਉਤੇ ਭਾਰ ਬਣ ਕੇ ਉਹਨਾਂ ਦੇ ਘਰੋਂ ਉਦਰ-ਪੂਰਤੀ ਕਰਦੇ ਹਨ ਉਨ੍ਹਾਂ ਨੂੰ ਸਾਧੂ ਅਥਵਾ ਧਰਮੀ ਮਨੁਖ ਨਹੀਂ ਸਮਝਿਆ ਜਾ ਸਕਦਾ । ਆਤਮਕ ਮੰਡਲਾ ਦੀ ਸੈਰ ਕਰਨ ਵਾਲੇ ਹੀ ਸਾਧੂ ਜਾਂ ਧਰਮੀ ਪੁਰਖ ਅਖਵਾ ਸਕਦੇ ਹਨ ਜੋ ਆਪਣੇ ਮਾਲਕ ਪ੍ਰਭੂ ਨੂੰ ਲਭ ਲੈਂਦੇ ਹਨ ਅਤੇ ਆਪਣੇ ਹਿਰਦੇ-ਘਰ ਵਿਚ ਆਤਮਕ ਅਡੋਲਤਾ ਪੈਦਾ ਕਰ ਲੈਂਦੇ ਹਨ । ਯਥਾ :-

**ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥**
**ਉਦਰੈ ਕਾਰਣਿ ਆਪਣੇ ਬਾਹਲੇ ਭੇਖਿ ਕਰੇਨਿ ॥**
**ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥**
**ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ ॥**

**(ਰਾਮਕਲੀ ਕੀ ਵਾਰ੍ ਮ: ੩-੯੪੯)**

ਗੁਰੂ ਅਮਰਦਾਸ ਜੀ ਨੇ ਬੜੇ ਸਾਫ ਲਫਜ਼ਾਂ ਵਿਚ ਮੰਗ ਖਾਣ ਦਾ ਅਰ ਵਿਹਲੜ ਤੇ ਮਖੱਟੂ ਬਣਕੇ ਸਮਾਜ ਤੇ ਭਾਰ ਪਾਣ ਦਾ ਵਿਰੋਧ ਕੀਤਾ । ਯਥਾ:-

**" ਜੋਗੀ ਹੋਵਾਂ ਜਗਿ ਭਵਾਂ, ਘਰਿ ਘਰਿ ਭੀਖਿਆ ਲੇਉ ॥**
**ਦਰਗਹ ਲੇਖਾ ਮੰਗੀਐ, ਕਿਸੁ ਕਿਸੁ ਉਤਰੁ ਦੇਉ ॥ "**

**(ਮਾਰੂ੍ ਮ: ੩-੧੦੮੯)**

ਹਰੀ ਰਾਮ ਤਪੇ ਦਾ ਪਾਜ ਉਘਾੜਕੇ ਗੁਰੂ ਅਮਰਦਾਸ ਜੀ ਨੇ ਗੁਰਮਤ ਦਾ ਉਪਰੋਕਤ ਸਿਧਾਂਤ ਸਿੱਖਾਂ ਪ੍ਰਤੀ ਦ੍ਰਿੜ ਕਰਵਾਇਆ ਸੀ । ਝੂਠੇ ਤਿਆਗ ਤੇਪਖੰਡਾਂ ਨੂੰ ਤਜ ਕੇ " ਘਾਲ ਖਾਇ ਕਿਛੁ ਹਥਹੁ ਦੇਇ ਨਾਨਕ ਰਾਹ ਪਛਾਣੈ ਸੇਇ " ਵਾਲੀ ਗੁਰਮਤਿ ਰਹਿਣੀ ਹੀ ਯਾਂਤੇ ਸਰਬ ਉਤਮ ਹੈ । ਸਤਿਗੁਰਾਂ ਨੇ ਸੱਪਸ਼ਟ ਕਰਕੇ ਸਮਝਾ ਦਿਤਾ ਕਿ ਭਗਵਾ ਆਦਿ ਵੇਸ ਕਰਨ ਨਾਲ ਮਨੁਖ ਸਾਧੂ ਜਾਂ ਜੋਗੀ ਨਹੀਂ ਬਣਦਾ । ਪਰਮੇਸ਼ਰ ਦਾ ਮਿਲਾਪ ਤਾਂ ਸਤਿਗੁਰਾਂ ਦੀ ਸਿਖਿਆ ਉਤੇ ਚਲਕੇ ਹੀ ਹੋ ਸਕਦਾ ਹੈ । ਯਥਾ :-

**" ਜੋਗੁ ਨ ਭਗਵੀ ਕਪੜੀਂ, ਜੋਗੁ ਨ ਮੈਲੇ ਵੇਸਿ ॥**
**ਨਾਨਕ ਘਰਿ ਬੈਠਿਆਂ ਜੋਗੁ ਪਾਈਐ, ਸਤਿਗੁਰ ਕੈ ਉਪਦੇਸਿ ॥ "**

**(ਸਲੋਕ ਵਾਰਾਂ ਤੇ ਵਧੀਕ, ਮ:੩ – ੧੪੨੦ )**

ਗੁਰੂ ਅਮਰਦਾਸ ਜੀ ਨੇ ਇਹ ਗਲ ਚੰਗੀ ਤਰ੍ਹਾਂ ਦ੍ਰਿੜ ਕਰਵਾਈ ਕਿ ਪ੍ਰਮੇਸ਼ਰ ਨੂੰ ਪ੍ਰਾਪਤ ਕਰਨ ਲਈ ਭੇਖ ਧਾਰਨੇ ਤੇ ਆਡੰਬਰ ਕਰਨੇ ਫਜ਼ੂਲ ਹਨ, ਕੇਵਲ ਸਾਫ ਨੀਅਤ ਕਰ ਲੈਣ ਨਾਲ ਬਿਨਾ ਘਰ ਘਾਟ ਤਿਆਗਿਆਂ ਪ੍ਰਮੇਸ਼ਰ ਮਿਲ ਸਕਦਾ ਹੈ । ਯਥਾ :-

" ਕਾਇ ਪਟੋਲਾ ਪਾੜਤੀ, ਕੰਬਲੜੀ ਪਹਿਰੇਇ ।
ਨਾਨਕ ਘਰ ਹੀ ਬੈਠਿਆ ਸਹੁ ਮਿਲੈ, ਜੇ ਨੀਅਤਿ ਰਾਸਿ ਕਰੇਇ" ।।
(ਪੰਨਾ ੧੩੮੩)

ਗੁਰੂ ਅਮਰਦਾਸ ਜੀ ਨੇ ਸਿਧੇ ਤੇ ਸਰਲ ਢੰਗ ਨਾਲ ਮਿਸਾਲ ਦੇ ਕੇ ਸੱਚ ਦੇ ਮੁਤਲਾਸ਼ੀ ਜਗਿਆਸੂ ਨੂੰ ਇਹ ਗਲ ਚੰਗੀ ਤਰ੍ਹਾਂ ਸਮਝਾ ਦਿਤੀ ਹੈ ਕਿ ਮਾਲਕ ਪ੍ਰਭੂ ਨੂੰ ਰੀਝਾਣ ਤੋਂ ਬਿਨਾ ਐਵੇਂ ਬਾਹਰਲੇ ਆਚਾਰ-ਵਿਹਾਰ ਤੇ ਭੇਖਾਂ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ । ਇਸਤਰੀ ਦੇ ਉਸ ਸ਼ਿੰਗਾਰ ਦੀ ਕੋਈ ਕੀਮਤ ਨਹੀਂ ਹੈ, ਜਦ ਤਕ ਇਸਤ੍ਰੀ ਨੇ ਆਪਣੇ ਪਤੀ ਦੇ ਮਨ ਵਿਚ ਆਪਣੇ ਲਈ ਪਿਆਰ ਜਾਂ ਪ੍ਰਵਾਨਗੀ ਨਹੀਂ ਪੈਦਾ ਕੀਤੀ । ਯਥਾ :-

" ਕਾਮਣਿ ਤਉ ਸੀਗਾਰੁ ਕਰਿ, ਜਾਂ ਪਹਿਲਾਂ ਕੰਤੁ ਮਨਾਇ ।।
ਮਤੁ ਸੇਜੈ ਕੰਤੁ ਨ ਆਵਈ, ਏਵੈ ਬਿਰਥਾ ਜਾਇ ।। " (ਪੰਨਾ ੭੮੮)

## (8) ਕੇਵਲ ਗੁਰਬਾਣੀ ਤੋਂ ਰਹਿਨੁਮਾਈ ਲੈਣ ਦੀ ਲੋੜ :

ਗੁਰਬਾਣੀ ਹੀ ਇਸ ਸੰਸਾਰ ਵਿਚ ਆਤਮਕ ਮਾਰਗ ਦਾ ਰਾਹ ਰੋਸ਼ਨ ਕਰਨ ਲਈ ਚਾਨਣੇ ਦਾ ਕੰਮ ਕਰਦੀ ਹੈ । ਸਤਿਗੁਰ ਦੇ ਸੱਚੇ ਮਤ ਦੇ ਉਲਟ ਜਾਣ ਵਾਲੀ ਹਰ ਬਾਣੀ ਨਿਸ਼ਚੇ ਤੌਰ ਤੇ ਕੱਚੀ ਸਮਝਣੀ ਚਾਹੀਦੀ ਹੈ ਅਤੇ ਇਹਨਾਂ ਨੂੰ ਕਹਿਣ, ਸੁਣਨ ਤੇ ਮੰਨਣ-ਮੰਨਾਣ ਵਾਲੇ ਸਭ ਬੰਦੇ ਕੱਚੇ ਹੁੰਦੇ ਹਨ । ਯਥਾ :-

" ਗੁਰਬਾਣੀ ਇਸੁ ਜਗ ਮਹਿ ਚਾਨਣੁ,
ਕਰਮਿ ਵਸੈ ਮਨਿ ਆਏ ।। (ਪੰਨਾ ੬੭)
ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ।।
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ।।
ਕਹਦੇ ਕਚੇ ਸੁਣਦੇ ਕਚੇ, ਕਚੀ ਆਖਿ ਵਖਾਣੀ ।।
(ਰਾਮਕਲੀ, ਮ: ੩, ਪੰਨਾ, ੯੨੦, ਅਨੰਦੁ)
ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ।।
ਨਾਨਕ ਨਾਮੁ ਤਿਨਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ ।।
(ਆਸਾ ਮ: ੩, ਪੰਨਾ, ੪੨੯)

## (9) ਮਾਇਆ :

ਮਨੁਖ ਦੇ ਪ੍ਰਭੂ ਮਿਲਣ ਦੇ ਰਸਤੇ ਵਿਚ ਮਾਇਆ ਬੜੀ ਵੱਡੀ ਰੁਕਾਵਟ ਹੈ । ਪੁਰਾਤਨ ਸਮੇਂ ਦੇ ਗਰੰਥਾਂ ਸ਼ਾਸ਼ਤਰਾਂ ਵਿਚ ਮਾਇਆ ਦੇ ਕਈ ਰੂਪਾਂ ਦਾ ਬਿਆਨ ਕੀਤਾ ਗਿਆ ਹੈ । ਜਿਵੇਂ ਜੜ ਮਾਇਆ ਤੇ ਚੇਤਨ ਮਾਇਆ, ਜਾਂ ਕੰਚਨ ਮਾਇਆ ਤੇ ਕਾਮਿਨੀ ਮਾਇਆ, ਅਰਥਾਤ ਧਨ, ਜ਼ਮੀਨ, ਜਾਇਦਾਦ ਤੇ ਇਸਤਰੀ, ਬੱਚੇ, ਰਿਸ਼ਤੇਦਾਰ ਸਬੰਧੀ ਆਦਿਕਾਂ ਨੂੰ ਮਾਇਆ ਕਿਹਾ ਗਿਆ ਹੈ । ਗੁਰਮਤ ਵਿਚ ਘਰ-ਘਾਟ, ਜ਼ਮੀਨ-ਜਾਇਦਾਦ,

ਧਨ-ਦੌਲਤ, ਇਸਤਰੀ-ਬੱਚਿਆਂ ਆਦਿਕਾਂ ਨੂੰ ਤਿਆਗ ਦੇਣ ਦਾ ਉਪਦੇਸ਼ ਨਹੀਂ ਬਲਕਿ ਇਹਨਾਂ ਦੇ ਮੋਹ ਵਿਚ ਫੱਸਣ ਨੂੰ ਮਾਇਆ ਕਿਹਾ ਹੈ ।ਅਤੇ ਇਸ ਮੋਹ ਤੋਂ ਬਚਣ ਦਾ ਉਪਦੇਸ਼ ਦਿਤਾ ਗਿਆ ਹੈ । ਕੋਈ ਵੀ ਚੀਜ਼ ਜਿਸਦੇ ਸੰਪਰਕ ਵਿਚ ਆਕੇ ਸਾਡਾ ਪ੍ਰਮੇਸ਼ਰ ਨਾਲ ਪਿਆਰ ਟੁਟ ਜਾਏ ਤ੍ਰਿਸ਼ਨਾ ਦਾ ਵਿਕਾਰ ਪੈਦਾ ਹੋ ਜਾਏ, ਹਰੀ ਭੁਲ ਜਾਏ ਤੇ ਹਰੀ ਨੂੰ ਛੱਡ ਕੇ ਅਨਾਤਮਕ ਤੱਤਾਂ ਨਾਲ ਮੋਹ ਪੈ ਜਾਏ, ਮਾਇਆ ਅਖਵਾ ਸਕਦੀ ਹੈ ।ਮਾਇਆ ਦੇ ਇਸ ਸੇਕ ਤੋਂ ਮਨੁਖ ਨੂੰ ਬੇਹਦ ਦੁਖੀ ਹੋਣਾ ਪੈਂਦਾ ਹੈ । ਜਿਵੇਂ ਸ਼ਾਸਤਰਾਂ ਵਿਚ ਜਠਰਾਗਨੀ ਦਾ ਬਹੁਤ ਭਿਅੰਕਰ ਦੁਖ ਦਸਿਆ ਗਿਆ ਹੈ, ਸੰਸਾਰ ਵਿਚ ਵਿਚਰਦਿਆਂ ਹੋਇਆ ਮਾਇਆ ਦਾ ਦੁਖ ਭੀ ਉਸੇ ਤਰ੍ਹਾਂ ਬਹੁਤ ਤਿੱਖਾ ਹੈ । ਜਿਹੜੇ ਮਨੁਖ ਗੁਰੂ ਦੀ ਬਖਸ਼ਸ਼ ਨਾਲ ਪ੍ਰਭੂ ਨਾਲ ਲਿਵ ਜੋੜ ਲੈਂਦੇ ਹਨ, ਉਹ ਮਾਇਆ ਵਿਚ ਰਹਿੰਦਿਆਂ ਹੋਇਆਂ ਭੀ ਪ੍ਰਭੂ ਨੂੰ ਪਾ ਲੈਂਦੇ ਹਨ ।

ਮਾਇਆ ਦੇ ਦੁੱਖਾਂ ਤੋਂ ਕੇਵਲ ਗੁਰੂ ਦੇ ਸ਼ਬਦ-ਉਪਦੇਸ਼ ਦੁਆਰਾ ਹੀ ਬਚਿਆ ਜਾ ਸਕਦਾ ਹੈ । ਮਾਇਆ ਦੀ ਪਾਂਇਆ ਖਿਨ-ਭੰਗੁਰ (Transitory) ਹੈ, ਤੇ ਕਿਸੇ ਵੇਲੇ ਵੀ ਇਹ ਮਨੁਖ ਦਾ ਅਚਾਨਕ ਸਾਥ ਛੱਡ ਦਿੰਦੀ ਹੈ, ਜਿਸ ਕਾਰਨ ਮਾਇਕ ਰੁਚੀ ਵਾਲਾ ਮਨੁਖ ਉਸਦੇ ਵਿਛੋੜੇ ਵਿਚ ਦੁਖੀ ਹੋਕੇ ਕਲਪਦਾ ਹੈ । ਮਾਇਆ ਨਾਗਣੀ ਦੀ ਤਰ੍ਹਾਂ ਹਰੇਕ ਜੀਵ ਨੂੰ ਚੰਬੜੀ ਹੋਈ ਹੈ ਅਤੇ ਜੋ ਮਨੁਖ ਵੀ ਇਸਦਾ ਗੁਲਾਮ ਬਣ ਕੇ ਇਸਦੀ ਸੇਵਾ ਕਰਦਾ ਹੈ, ਇਹ ਉਸੇ ਮਨੁਖ ਨੂੰ ਡਸ ਦਿੰਦੀ ਹੈ । ਮਾਇਆ ਦਾ ਮੋਹ, ਕਾਮ-ਕ੍ਰੋਧ ਤੇ ਅਹੰਕਾਰ ਜਾਣੋ ਭੂਤ ਹਨ, ਇਹ ਸਭ ਜਮ ਦੀ ਰਈਅਤ ਹਨ ਤੇ ਇਹਨਾਂ ਉਤੇ ਜਮ ਦਾ ਜ਼ੋਰ ਹੀ ਚਲਦਾ ਹੈ ਅਤੇ ਇਹਨਾਂ ਦੇ ਰਾਹੇ ਚਲਣ ਵਾਲੇ ਬੰਦੇ ਅੰਤ ਜਮ ਦੇ ਵੱਸ ਹੀ ਪੈਂਦੇ ਹਨ । ਮਾਇਆ ਦਾ ਮੋਹ ਅਗਿਆਨ ਵਿਚੋਂ ਪੈਦਾ ਹੁੰਦਾ ਹੈ ਤੇ ਇਸ ਉਤੇ ਜਿੱਤ ਹਾਸਲ ਕਰਨੀ ਬੜੀ ਮੁਸ਼ਕਲ ਕਾਰ ਹੈ । ਮਾਇਆ ਦੇ ਸੱਪ ਦਾ ਜ਼ਹਿਰ ਪ੍ਰਮੇਸ਼ਰ ਦੇ ਨਾਮ ਨਾਲ ਮਾਰਿਆ ਜਾ ਸਕਦਾ ਹੈ, ਜੋ ਕੇਵਲ ਗੁਰੂ ਕੋਲੋਂ ਹਾਸਲ ਕੀਤਾ ਜਾ ਸਕਦਾ ਹੈ ।

ਮੂਰਖ ਤੇ ਅਗਿਆਨੀ ਪੁਰਖ ਉਸ ਧਨ ਨੂੰ ਇੱਕਤਰ ਕਰਦੇ ਹਨ, ਜੋ ਸਦਾ ਨਾਲ ਨਹੀਂ ਨਿਭ ਸਕਦਾ । ਇਸ ਕੱਚੇ ਧਨ ਨਾਲ ਦੁਖ ਹੀ ਦੁਖ ਪੈਦਾ ਹੁੰਦਾ ਹੈ । ਇਹ ਧਨ ਕਰਤਾਰ ਦਾ ਇਕ ਖੇਲ ਮਾਤਰ ਹੈ, ਕਦੀ ਮਨੁਖ ਨੂੰ ਹਾਸਲ ਹੋ ਜਾਂਦਾ ਹੈ ਤੇ ਕਦੀ ਇਸ ਤੋਂ ਖੁਸ ਜਾਂਦਾ ਹੈ ।ਗੁਰੂ-ਗਿਆਨ ਦਾ ਧਾਰਨੀ ਪ੍ਰਮੇਸ਼ਰ ਦੇ ਨਾਮ ਤੇ ਪਿਆਰ ਨੂੰ ਅਸਲੀ ਤੇ ਸਦਾ ਨਿੱਭਣ ਵਾਲਾ ਧਨ ਸਮਝਦਾ ਹੈ । ਉੱਝ ਦੁਨੀਆਵੀ ਧਨ ਦਾ ਮੋਹ ਆਪਣੇ ਆਪ ਵਿਚ ਇਕ ਵਿਸ਼ਾਲ ਔਖੇ ਸਾਗਰ ਮਾਨਿੰਦ ਹੈ, ਜਿਸ ਨੂੰ ਤੈਰਨਾ ਬੜਾ ਮੁਸ਼ਕਲ ਹੈ । ਮੈਂ ਮੇਰੀ ਦੀ ਹਉਮੈ ਭਾਵਨਾ ਵਿਚ ਮਨੁਖ ਦਾ ਆਤਮਕ ਜੀਵਨ ਤਬਾਹ ਹੋ ਰਿਹਾ ਹੈ ।

ਗੁਰੂ ਅਮਰਦਾਸ ਜੀ ਨੇ ਬੜੇ ਕਰੜੇ ਲਫ਼ਜ਼ਾਂ ਵਿਚ ਮਨੁਖ ਨੂੰ ਚੇਤਾਵਨੀ ਦਿਤੀ ਹੈ ਤੇ ਕਿਹਾ ਹੈ, ਹੇ ਮਨ ਦੀ ਅਗਵਾਈ ਹੇਠ ਚਲਣ ਵਾਲੇ ਮੂਰਖ ਮਨੁੱਖ ! ਤੂੰ ਮਾਇਕ ਪਦਾਰਥਾਂ ਨੂੰ ਕਾਬੂ ਕਰ ਤੇ ਵੇਖ ਵੇਖ ਕੇ ਇਹਨਾਂ ਵਿਚ ਨ ਭੁੱਲ । ਅੰਤ ਸੰਸਾਰ ਤੋਂ ਜਾਣ

ਸਮੇਂ ਇਹਨਾਂ ਪਦਾਰਥਾਂ ਨੇ ਤੇਰੇ ਨਾਲ ਨਹੀਂ ਜਾਣਾ ਤੇ ਇਹ ਇਥੇ ਹੀ ਰਹਿ ਜਾਣੇ ਹਨ। ਮਾਇਆ ਦਾ ਮੋਹ ਪਾਗਲਪਨ ਤੋਂ ਵਧ ਹੋਰ ਕੁਝ ਨਹੀਂ। ਮਨੁਖ ਇਸ ਪਾਗਲਪਨ ਵਿਚ ਆਪਨੇ ਆਪ ਨੂੰ ਖੁਆਰ ਕਰ ਰਿਹਾ ਹੈ। ਮਾਇਆ ਦਾ ਮੋਹ ਆਪਣੇ ਆਪ ਵਿਚ ਇਕ ਭਿਆਨਕ ਗੁਬਾਰ ਹੈ, ਜੋ ਇਤਨਾ ਵਿਆਪਕ ਰੂਪ ਵਿਚ ਪਸਰਿਆ ਹੈ ਕਿ ਉਸ ਦੇ ਉਰਲੇ ਪਰਲੇ ਬੰਨਿਆਂ ਦਾ ਪਤਾ ਨਹੀ ਚਲਦਾ। ਮਨ ਦੀ ਅਗਵਾਈ ਹੇਠ ਚਲਣ ਵਾਲੇ ਪੁਰਖ, ਪ੍ਰਮੇਸ਼ਰ ਨੂੰ ਵਿਸਾਰ ਕੇ ਬਹੁਤ ਦੁਖ ਭੋਗ ਰਹੇ ਹਨ। ਇਸ ਮਜ਼ਮੂਨ ਪਰਥਾਏ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਹੇਠ ਲਿਖੇ ਅਨੁਸਾਰ ਬਚਨ ਆਏ ਹਨ :

"ਜੇਸੀ ਅਗਨਿ ਉਦਰ ਮਹਿ ਤੇਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
ਜਾ ਤਿਸੁ ਭਾਣਾ ਤਾ ਜੰਮਿਆ, ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ,
ਤਿਨੀ ਵਿਚੇ ਮਾਇਆ ਪਾਇਆ ॥ (ਰਾਮਕਲੀ, ਮਃ ੩, ਅਨੰਦੁ-ਪੰਨਾ ੯੨੧)

"ਨਾਨਕ ਮਾਇਆ ਕਾ ਮਾਰਣੁ ਸਬਦੁ ਹੈ,
ਗੁਰਮੁਖਿ ਪਾਇਆ ਜਾਇ ॥ (ਪੰਨਾ ੮੫੩)

"ਮਾਇਆ ਖੋਟੀ ਰਾਸਿ ਹੈ, ਏਕ ਚਸੇ ਮਹਿ ਪਾਜੁ ਲਹਿ ਜਾਇ ॥
ਹਥਹੁ ਛੁੜਕੀ ਤਨੁ ਸਿਆਹੁ ਹੋਇ, ਬਦਨ ਜਾਇ ਕੁਮਲਾਇ ॥"
(ਗੂਜਰੀ ਕੀ ਵਾਰ, ਮਃ ੩, ਪੰਨਾ ੫੧੦)

"ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸਹੀ ਕਉ ਫਿਰਿ ਖਾਇ ॥"
(ਗੂਜਰੀ ਕੀ ਵਾਰ, ਮਃ ੩, ਪੰਨਾ ੫੧੦)

"ਮਾਇਆ ਮੋਹ ਪਰੇਤੁ ਹੈ, ਕਾਮੁ ਕ੍ਰੋਧੁ ਅਹੰਕਾਰਾ ॥
ਏਹ ਜਮ ਕੀ ਸਿਰਕਾਰ ਹੈ, ਏਨ੍ਹਾਂ ਉਪਰਿ ਜਮ ਕਾ ਡੰਡੁ ਕਰਾਰਾ ॥"
(ਗੂਜਰੀ ਕੀ ਵਾਰ, ਮਃ ੩, ਪੰਨਾ ੫੧੩)

"ਮਾਇਆ ਮੋਹੁ ਅਗਿਆਨੁ ਹੈ ਬਿਖਮੁ ਅਤਿ ਭਾਰੀ ॥
(ਗੂਜਰੀ ਕੀ ਵਾਰ, ਮਃ ੩, ਪੰਨਾ ੫੧੦)

"ਮਾਇਆ ਭੁਇਅੰਗਮੁ ਸਰਪੁ ਹੈ ਜਗ ਘੇਰਿਆ ਬਿਖੁ ਮਾਇ ॥
ਬਿਖੁ ਕਾ ਮਾਰਣੁ ਹਰਿਨਾਮੁ ਹੈ, ਗੁਰ ਗਰੁੜ ਸਬਦੁ ਮੁਖਿ ਪਾਇ ॥"
(ਸਲੋਕਾ ਵਾਰਾਂ ਤੇ ਵਧੀਕ, ਮਃ ੩, ਪੰਨਾ ੧੪੧੫)

"ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥

ਮਨਮੁਖ ਭੂਲੇ ਅੰਧ ਗਾਵਾਰ ॥
ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥
ਨ ਸਾਥਿ ਜਾਇ ਨ ਪਰਾਪਤਿ ਹੋਇ ॥"

(ਧਨਾਸਰੀ, ਮ: ੩, ਪੰਨਾ ੬੬੫)

"ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥
ਗਿਆਨੀਆਂ ਕਾ ਧਨੁ ਨਾਮੁ ਹੈ, ਸਦ ਹੀ ਰਹੈ ਸਮਾਇ ॥"

(ਵਾਰ ਮਲਾਰ, ਮ: ੩, ਪੰਨਾ ੧੨੮੨)

"ਮਾਇਆ ਮੋਹੁ ਦੁਖੁ ਸਾਗਰੁ ਹੈ, ਬਿਖੁ ਦੁਤਰੁ ਤਰਿਆ ਨ ਜਾਇ ॥
ਮੇਰਾ ਮੇਰਾ ਕਰਦੇ ਪਚਿ ਮੁਏ, ਹਉਮੈ ਕਰਤ ਵਿਹਾਇ ॥"

(ਸਲੋਕ, ਮ: ੩, ਪੰਨਾ ੧੪੧੬)

" ਮਾਇਆ ਵੇਖਿ ਨਾ ਭੁਲੁ ਤੂ ਮਨਮੁਖ ਮੂਰਖਾ ॥
ਚਲਦਿਆ ਨਾਲਿ ਨ ਚਲਦੀ, ਸਭੁ ਝੂਠੁ ਦਰਬੁ ਲਖਾ ॥"

(ਮਾਰੂ ਕੀ ਵਾਰ, ਮ: ੩, ਪੰਨਾ ੧੦੮੭)

"ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ ॥
ਮਾਤਾ ਪਿਤਾ ਸਭੁ ਹੇਤੁ ਹੈ, ਹੇਤੇ ਪਲਚਾਈ ਰਾਮ ॥

(ਵਡਹੰਸ, ਮ: ੩, ਪੰਨਾ ੫੭੧)

"ਮਾਇਆ ਮੋਹੁ ਗੁਬਾਰੁ ਹੈ, ਤਿਸਦਾ ਨ ਦਿਸੈ ਉਰਵਾਰੁ ਨ ਪਾਰੁ ॥
ਮਨਮੁਖ ਗਿਆਨੀ ਮਹਾ ਦੁਖੁ ਪਾਇਦੇ, ਡੁਬੇ ਹਰਿਨਾਮੁ ਵਿਸਾਰਿ ॥"

(ਸਿਰੀਰਾਗੁ ਕੀ ਵਾਰ, ਮ: ੩, ਪੰਨਾ-੮੯)

## (10) ਅਕਾਲ ਪੁਰਖ ਉਤੇ ਦ੍ਰਿੜ ਵਿਸ਼ਵਾਸ :

ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਕੇਵਲ ਮਾਤਰ ਇਕੋ-ਇਕ ਪਰਮੇਸ਼ਰ ਦਾ ਓਟ ਆਸਰਾ ਲੈਣ ਦੀ ਤਾਕੀਦ ਕੀਤੀ ਹੈ । ਪ੍ਰਮੇਸ਼ਰ ਸਰਬ ਸ਼ਕਤੀਮਾਨ ਹੈ ਅਤੇ ਉਸ ਜਿਤਨੀ ਵੱਡੀ ਹੋਰ ਕੋਈ ਹਸਤੀ ਨਹੀਂ । ਯਥਾ :

"ਜੋ ਤੇਰੀ ਸਰਣਾਈ ਹਰਿ ਜੀਉ, ਤਿਨ ਤੂ ਰਾਖਨ ਜੋਗੁ ॥
ਤੁਧੁ ਜੇਵਡੁ ਮੈ ਅਵਰੁ ਨ ਸੂਝੈ, ਨ ਕੋ ਹੋਆ ਨ ਹੋਗੁ ॥

( ਪੰਨਾ ੧੩੩੩ )

"ਹਰਿ ਸਰਣਾਈ ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ ॥
ਨਾਨਕ ਨਾਮੁ ਨ ਵੀਸਰੈ, ਜੋ ਕਿਛੁ ਕਰੈ ਸੁ ਹੋਗੁ ॥"

( ਪੰਨਾ ੧੩੪੭ )

ਸਾਡੀ ਅਕਾਲ ਪੁਰਖ ਉਤੇ ਕੇਵਲ ਰਸਮੀ ਟੇਕ ਨਹੀ ਹੋਣੀ ਚਾਹੀਦੀ । ਸਾਡਾ ਅਕਾਲ ਪੁਰਖ ਨਾਲ ਐਸਾ ਅਨੰਨ ਤੇ ਪੱਕਾ ਪਿਆਰ ਹੋਣਾ ਚਾਹੀਦਾ ਹੈ, ਜਿਸ ਤਰ੍ਹਾਂ ਇਕ

ਆਦਰਸ਼ਕ ਪਤੀ-ਪਤਨੀ ਵਿਚ ਹੁੰਦਾ ਹੈ ਜੋ ਸ਼ਕਲੋਂ ਤਾਂ ਅੱਡ ਅੱਡ ਹਨ, ਪਰ ਦੋਹਾਂ ਦੀ ਜੋਤਿ ਇਕ ਹੁੰਦੀ ਹੈ । ਯਥਾ :

"ਧਨ ਪਿਰੁ ਏਹਿ ਨ ਆਖੀਅਨਿ, ਬਹਨਿ ਇਕਠੇ ਹੋਇ ।।
ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ ।।"

(ਪੰਨਾ ੭੮੮)

ਪ੍ਰਭੂ ਪ੍ਰਮੇਸ਼ਰ ਨੂੰ ਸਦਾ ਆਪਣੇ ਨੇੜੇ ਜਾਣਨ ਦੀ ਤਾਕੀਦ ਹੈ, ਪਰ ਉਹ ਨੇੜੇ ਕੇਵਲ ਗੁਰੂ ਦੀ ਮਿਹਰ ਨਾਲ ਹੀ ਪ੍ਰਤੀਤ ਹੁੰਦਾ ਹੈ । ਯਥਾ :

"ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ, ਗੁਰਮੁਖਿ ਵਿਰਲੇ ਜਾਤਾ ।।
ਨਾਨਕ ਨਾਮੁ ਮਿਲੈ ਵਡਿਆਈ, ਗੁਰ ਕੈ ਸਬਦਿ ਪਛਾਤਾ ।।"

(ਪੰਨਾ ੬੮)

ਪ੍ਰਮੇਸ਼ਰ ਨਿਰਭਉ ਅਰ ਸਰਬ ਸ਼ਕਤੀਮਾਨ ਹੈ ਇਸ ਲਈ ਪ੍ਰਮੇਸ਼ਰ ਤੇ ਯਕੀਨ ਜਾਂ ਸ਼ਰਧਾ ਰੱਖਣ ਵਾਲਾ ਜੀਵ ਨਿਰਭਉ ਹੋ ਕੇ ਵਿਚਰਦਾ ਹੈ ।

"ਜਿਸ ਦਾ ਸਾਹਿਬੁ ਡਾਢਾ ਹੋਇ ।। ਤਿਸ ਨੋ ਮਾਰਿ ਨ ਸਾਕੈ ਕੋਇ ।।
ਸਾਹਿਬ ਕੀ ਸੇਵਕੁ ਰਹੈ ਸਰਣਾਈ ।। ਆਪੇ ਬਖਸੇ ਦੇ ਵਡਿਆਈ ।।
ਤਿਸ ਤੇ ਊਪਰਿ ਨਾਹੀ ਕੋਇ ।। ਕਉਣ ਡਰੈ, ਡਰੁ ਕਿਸ ਕਾ ਹੋਇ ।।

(ਬਿਲਾਵਲ, ਮ: ੩, ਪੰਨਾ ੮੪੨)

ਜਨਮ ਮਰਨ ਦੇ ਗੇੜ ਵਿਚ ਪਏ ਕਿਸੇ ਵਿਅਕਤੀ ਦੀ ਸੇਵਾ ਜਾਂ ਸਿਮਰਨ ਦੀ ਥਾਵੇਂ ਹਰ ਘਟ ਤੇ ਹਰ ਥਾਈ ਰਮੇ ਪ੍ਰਮੇਸ਼ਰ ਦਾ ਓਟ ਆਸਰਾ ਲੈਣਾ ਚਾਹੀਦਾ ਹੈ । ਯਥਾ

"ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ।।
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ।।"

(ਪੰਨਾ ੫੦੯)

## (11) ਪ੍ਰਮੇਸ਼ਰ ਪ੍ਰਾਪਤੀ ਦੇ ਸਾਧਨਾਂ ਬਾਰੇ :

ਗੁਰੂ ਅਮਰਦਾਸ ਜੀ ਨੇ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਸਿਧਾ ਤੇ ਸਰਲ ਉਪਾਅ ਦਸਿਆ ਹੈ ਤੇ ਹੋਰ ਹੋਰ ਸਭ ਮਨਮਤੀ ਤੇ ਅਨਮਤੀ ਸਾਧਨਾਂ ਦਾ ਖੰਡਨ ਕੀਤਾ ਹੈ, ਪ੍ਰਭੂ, ਗੁਰੂ ਦੇ ਸ਼ਬਦ ਦੀ ਕਮਾਈ ਅਤੇ ਸਤਿਸੰਗ ਰਾਹੀ ਹੀ ਮਿਲ ਸਕਦਾ ਹੈ । ਮਨ ਹਠ ਨਾਲ ਨਹੀਂ । ਛੇ ਦਰਸ਼ਨਾਂ, ਜੋਗਾਂ, ਸੰਨਿਆਸਾਂ ਤੇ ਧਾਰਮਕ ਗਰੰਥਾਂ ਦੇ ਬਹਿਸ-ਮੁਬਾਹਸਿਆਂ ਰਾਹੀਂ ਪ੍ਰਮੇਸ਼ਰ ਨਹੀਂ ਮਿਲਦਾ । ਜਦ ਕਿ ਅਸੀ ਮਨ ਵਿਚ ਸੱਚਾ ਪਿਆਰ ਤੇ ਨਾਮ ਨਹੀਂ ਵਸਾਂਦੇ, ਸਾਡੇ ਆਡੰਬਰ, ਲੋਕ ਦਿਖਾਵੇ ਵਾਲੀਆਂ ਘਾਲਾਂ ਬੇਅਰਥ ਹਨ । ਯਥਾ:

"ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ।।
ਮਿਲਿ ਸੰਗਤਿ ਸਾਧੂ ਉਬਰੇ, ਗੁਰ ਕਾ ਸਬਦੁ ਕਮਾਇ ।" (ਪੰਨਾ ੬੫)

" ਖਟੁ ਦਰਸਨ ਜੋਗੀ ਸੰਨਿਆਸੀ, ਬਿਨੁ ਗੁਰ ਭਰਮਿ ਭੁਲਾਏ ।।
ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ।।
ਪੰਡਿਤ ਪੜਿ ਪੜਿ ਵਾਦੁ ਵਖਾਣਹਿ, ਬਿਨੁ ਗੁਰ ਭਰਮਿ ਭੁਲਾਏ ।।
ਲਖ ਚਉਰਾਸੀਹ ਫੇਰੁ ਪਾਇਆ, ਬਿਨੁ ਸਬਦੇ ਮੁਕਤਿ ਨ ਪਾਏ ।

(ਪੰਨਾ ੬੭)

"ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ।।
ਤਪੇ ਤਪੀਸਰ ਜੋਗੀਆ, ਤੀਰਥਿ ਗਵਨੁ ਕਰੇ ।।
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ।।
ਰੰਗੁ ਨ ਲਗੀ ਪਾਰਬ੍ਰਹਮ ਤ ਸਰਪਰ ਨਰਕੇ ਜਾਇ ।।
ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ।।
ਚਿਤਿ ਨ ਆਇਓ ਪਾਰਬ੍ਰਹਮ ਤਾ ਸਰਪ ਕੀ ਜੂਨਿ ਗਇਆ ।।

(ਪੰਨਾ ੭੦)

" ਪੜਿ ਪੜਿ ਪੰਡਿਤ ਮੋਨੀ ਥਕੇ, ਦੂਜੇ ਭਾਇ ਪਤਿ ਖੋਈ ।।
ਸਤਿਗੁਰਿ ਸਬਦੁ ਸੁਣਾਇਆ, ਬਿਨੁ ਸਚੇ ਅਵਰੁ ਨ ਕੋਈ ।। "

(ਪੰਨਾ ੭੦)

" ਸਭਨਾ ਕਾ ਸਹੁ ਏਕੁ ਹੈ, ਸਦ ਹੀ ਰਹੈ ਹਜੂਰਿ ।।
ਨਾਨਕ ਹੁਕਮੁ ਨ ਮੰਨਈ, ਤਾਂ ਘਰ ਹੀ ਅੰਦਿਰ ਦੂਰਿ ।। "

(ਪੰਨਾ ੫੧੦)

## (12) ਹਉਮੈ :

ਪ੍ਰਮੇਸ਼ਰ ਪ੍ਰਾਪਤੀ ਲਈ ਤੇ ਉੱਚਾ ਆਤਮਕ ਜੀਵਨ ਜੀਉਣ ਲਈ ਹਉਮੈ ਦਾ ਵਿਕਾਰ ਇਕ ਬੜੀ ਵੱਡੀ ਰੁਕਾਵਟ ਹੋ ਕੇ ਟਕਰਦਾ ਹੈ । ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਮਨੁਖ ਦਾ ਮਨ ਹਉਮੈ ਦੇ ਮੋਹ ਰੂਪੀ ਜ਼ਹਿਰ ਵਿਚ ਬੁਰੀ ਤਰ੍ਹਾਂ ਫਸਿਆ ਰਹਿੰਦਾ ਹੈ ਅਤੇ ਉਸਦਾ ਮਨ ਇਸ ਤਰ੍ਹਾਂ ਅਜਗਰ ਜਿੜੇ ਵਡੇ ਭਾਰ ਨਾਲ ਲਦਿਆ ਰਹਿੰਦਾ ਹੈ । ਕੇਵਲ ਗੁਰੂ ਦੇ ਸ਼ਬਦ ਨਾਲ ਇਸ ਜ਼ਹਿਰ ਨੂੰ ਮਾਰਿਆ ਜਾ ਸਕਦਾ ਹੈ। ਮਨੁਖ ਹਉਮੈ ਅਰ ਮਾਇਆ ਦੇ ਮੋਹ ਕਾਰਨ ਉਚੇ ਆਤਮਕ ਰਸਤੇ ਤੋਂ ਖੁੰਝਿਆ ਰਹਿੰਦਾ ਹੈ । ਉਸ ਦੇ ਮਨ ਵਿਚ ਲੋਭ ਦਾ ਦੁਖਦਾਈ ਹਲਕ ਉਠ ਖਲੋਂਦਾ ਹੈ ਤੇ ਵਿਵੇਕਹੀਣ ਹੋ ਕੇ ਮਨੁਖ ਮਾਇਆ ਖਾਤਰ ਭਟਕਦਾ ਰਹਿੰਦਾ ਹੈ । ਹਉਮੈ ਅਰ ਪ੍ਰਮੇਸ਼ਰ ਦਾ ਨਾਮ ਸਿਮਰਨ ਦੋ ਐਸੀਆਂ ਅੱਡ ਅੱਡ ਚੀਜ਼ਾਂ ਹਨ, ਜੋ ਇਕ ਥਾਵੇਂ ਨਹੀਂ ਵਸਦੀਆਂ । ਜਿਸ ਹਿਰਦੇ ਵਿਚ ਹਉਮੈ ਅੰਹਕਾਰ ਨਿਵਾਸ ਕਰੇ, ਉਸ ਵਿਚ ਪ੍ਰਮੇਸ਼ਰ ਦਾ ਪਿਆਰ ਨਹੀਂ ਟਿਕ ਸਕਦਾ । ਸੰਸਾਰ ਦੇ ਲੋਕ ਹਉਮੈ ਦੀ ਮੈਲ ਕਾਰਨ ਬਹੁਤ ਦੁਖ ਪ੍ਰਾਪਤ ਕਰ ਰਹੇ ਹਨ । ਪ੍ਰਭੂ ਨੂੰ ਛਡਕੇ ਮਾਇਆ ਨਾਲ ਪਿਆਰ ਕਰਨ ਕਾਰਨ ਉਹਨਾਂ ਨੂੰ ਵਿਕਾਰਾਂ ਦੀ ਮੈਲ ਚੰਬੜੀ

ਰਹਿੰਦੀ ਹੈ । ਹਉਮੈ ਦੀ ਮੈਲ ਐਸੀ ਚੀਜ਼ ਹੈ ਜੋ ਸੈਂਕੜੇ ਤੀਰਥਾਂ ਤੋਂ ਇਸ਼ਨਾਨ ਕਰਨ ਨਾਲ ਵੀ ਨਹੀਂ ਲਥਦੀ । ਯਥਾ :

ਹਉਮੈ ਬਿਖੁ ਮਨੁ ਮੋਹਿਆ, ਲਦਿਆ ਅਜਗਰ ਭਾਰੀ ।।
ਗੁਰੁੜ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ ।।
(ਮਲਾਰੁ,ਮ: ੩-੧੨੬੦)

–ਹਉਮੈ ਮਾਇਆ ਮੋਹਿ ਖੁਆਇਆ, ਦੁਖੁ ਖਟੇ ਦੁਖ ਖਾਇ ।।
ਅੰਤਰਿ ਲੋਭ ਹਲਕੁ ਦੁਖੁ ਭਾਰੀ, ਬਿਨੁ ਬਿਬੇਕ ਭਰਮਾਇ ।।
(ਭੈਰਉ,ਮ: ੩-੧੧੩੨)

–ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ।।
ਹਉਮੈ ਵਿਚਿ ਸੇਵਾ ਨ ਹੋਵਈ ਤਾਂ ਮਨੁ ਬਿਰਥਾ ਜਾਇ ।।
(ਵਡਹੰਸ,ਮ: ੩ –੫੬੦)

–ਜਗਿ ਹਉਮੈ ਮੈਲੁ ਦੁਖੁ ਪਾਇਆ, ਮਲੁ ਲਾਗੀ ਦੂਜੈ ਭਾਇ ।।
ਮਲ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ।।
(ਸਿਰੀਰਾਗ,ਮ: ੩-੩੯)

(13) ਮਨਮੁਖ :

ਗੁਰੂ ਅਮਰਦਾਸ ਜੀ ਨੇ ਬੜੇ ਸਾਫ ਲਫ਼ਜ਼ਾਂ ਵਿਚ ਮਨੁਖ ਨੂੰ ਮਨ ਦੀ ਅਗਵਾਈ ਦੀ ਥਾਵੇਂ ਗੁਰੂ ਦੀ ਅਗਵਾਈ ਵਿਚ ਜੀਵਨ ਚਲਾਉਣ ਦੀ ਪ੍ਰੇਰਨਾ ਦਿਤੀ ਹੈ, ਜਿਸ ਨਾਲ ਮਨੁਖ ਦਾ ਜਨਮ ਸਫਲ ਹੋ ਸਕੇ। ਮਨ ਦੀ ਅਗਵਾਈ ਵਿਚ ਚਲਣ ਵਾਲਾ ਮਨੁਖ ਨਿਤ ਝੂਠ ਬੋਲਦਾ ਤੇ ਵਿਕਾਰਾਂ ਦੀ ਜ਼ਹਿਰ ਹੀ ਬੀਜਦਾ ਤੇ ਖਾਂਦਾ ਹੈ । ਮਨਮੁਖ ਦਾ ਅੰਦਰਲਾ ਤ੍ਰਿਸ਼ਨਾ ਨਾਲ ਸੜਿਆ ਹੋਇਆ ਹੁੰਦਾ ਹੈ ।ਮਨਮੁਖ ਨਿਤ ਕਾਮ, ਕਰੋਧ , ਅਹੰਕਾਰ ਆਦਿਕ ਵਿਕਾਰਾਂ ਦੀ ਕਮਾਈ ਕਮਾਉਦਾ ਹੈ । ਥਾਂ-ਕੁਥਾਂ ਦੀ ਉਸਨੂੰ ਕੋਈ ਤਮੀਜ਼ ਨਹੀਂ ਹੁੰਦੀ, ਉਹ ਹਰ ਥਾਂ ਹਰ ਵੇਲੇ ਵਿਕਾਰਾਂ ਵਿਚ ਹੀ ਖਚਤ ਰਹਿੰਦਾ ਹੈ । ਪ੍ਰਮੇਸਰ ਦੇ ਦਰਬਾਰ ਵਿਚ ਆਪਣੇ ਜੀਵਨ ਦਾ ਲੇਖਾ ਦੇਣ ਸਮੇਂ ਉਹ ਕੂੜਿਆਰ ਗਰਦਾਨਿਆਂ ਜਾਂਦਾ ਹੈ ।

ਮਨਮੁਖ ਮਨੁਖ ਦੀ ਮੱਤ ਬੜੀ ਚੰਚਲ ਹੁੰਦੀ ਹੈ ਤੇ ਉਹ ਆਪਣੇ ਮਨ ਹੀ ਮਨ ਬਹੁਤ ਚਤੁਰਾਈਆਂ ਕਰਦਾ ਹੈ । ਇਹਨਾਂ ਚਤੁਰਾਈਆਂ ਦੇ ਆਧਾਰ ਤੇ ਕੀਤੀ ਉਸਦੀ ਸਭ ਮਿਹਨਤ ਬੇਕਾਰ ਜਾਂਦੀ ਹੈ । ਅਸਲ ਗੱਲ ਤਾਂ ਇਹ ਹੈ ਕਿ ਮਨਮੁਖ ਪ੍ਰਮੇਸ਼ਰ ਦਾ ਨਾਮ ਸਿਮਰਨ ਕਦੀ ਨਹੀਂ ਕਰਦਾ । ਪ੍ਰਮੇਸ਼ਰ ਦਾ ਨਾਮ ਤੋਂ ਟੁਟਕੇ ਮਨ ਨੂੰ ਮਾਇਆ ਵਿਚ ਫਸਾ ਕੇ ਰੱਖਣ ਨਾਲ ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ ? ਮਨਮੁਖ ਦੀ ਰਹਿਣੀ-ਰਹਿਤ ਹੀ ਐਸੀ ਹੈ ਕਿ ਉਹ ਕਦੀ ਵੀ ਗੁਰ-ਸ਼ਬਦ ਦੀ ਵਿਚਾਰ ਨਹੀਂ ਕਰਦਾ ।

ਗੁਰੂ ਅਮਰਦਾਸ ਜੀ ਉਸ ਜੀਵਨ ਨੂੰ ਧਿਕਾਰ ਪਾਂਦੇ ਹਨ, ਜੋ ਹਉਮੈ ਕਰਕੇ ਪਾਪ ਕਮਾਂਦਾ ਹੈ ਤੇ ਪ੍ਰਮੇਸ਼ਰ ਦੇ ਸਿਮਰਨ ਦਾ ਸਦਾ ਰਹਿਣ ਵਾਲਾ ਅਨੰਦ ਤਿਆਗ ਦਿੰਦਾ ਹੈ।

ਮਨਮੁਖ ਸਤਿਗੁਰੂ ਤੋਂ ਹੀਣਾ ਹੋਣ ਕਾਰਨ ਅਵਲ ਤਾਂ ਪ੍ਰਮੇਸ਼ਰ ਦੀ ਭਗਤੀ ਕਰਨ ਬਾਰੇ ਸੋਚਦਾ ਹੀ ਨਹੀਂ, ਪਰ ਜੇ ਕਦੀ ਐਸਾ ਸੋਚ ਹੀ ਲਵੇ ਤਾਂ ਭੀ ਸਤਿਗੁਰੂ ਤੋਂ ਬਿਨਾਂ ਉਸ ਪਾਸੋਂ ਭਗਤੀ ਨਹੀਂ ਹੋ ਸਕਦੀ । ਉਹ ਹਉਮੈ ਅਤੇ ਮਾਇਆ ਦੇ ਦੁਖਾਂ ਵਿਚ ਫਸਿਆ ਰਹਿ ਕੇ ਆਵਾਗਉਣ ਦੇ ਗੇੜ ਵਿਚ ਪਿਆ ਰਹਿੰਦਾ ਹੈ ।

ਮਨਮੁਖ ਸਦ ਹੀ ਕੂੜੋ ਬੋਲੈ,
ਬਿਖੁ ਬੀਜੈ ਬਿਖੁ ਖਾਏ ॥
ਜਮਕਾਲਿ ਬਾਧਾ ਤ੍ਰਿਸਨਾ ਦਾਧਾ,
ਬਿਨੁ ਗੁਰ ਕਵਣ ਛਡਾਏ ॥
ਮਨਮੁਖ ਬੋਲਿ ਨ ਜਾਣਨੀ, ਓਨਾ ਅੰਦਰਿ ਕਾਮੁ ਕ੍ਰੋਧ ਅਹੰਕਾਰੁ ॥
ਥਾਉ ਕੁਥਾਉ ਨਾ ਜਾਣਨੀ, ਸਦਾ ਚਿਤਵਹਿ ਬਿਕਾਰ ॥
ਦਰਗਹ ਲੇਖਾ ਮੰਗੀਐ, ਓਥੈ ਹੋਹਿ ਕੂੜਿਆਰ ॥
(ਸਾਰੰਗ ਕੀ ਵਾਰ, ਮ: ੩-੭੫੩)

ਮਨਮੁਖ ਚੰਚਲ ਅਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ, ਇਕੁ ਤਿਲ ਥਾਇ ਨ ਪਾਈ ॥
(ਸਲੋਕ ਵਾਰਾਂ ਤੇ ਵਧੀਕ, ਮ: ੩-੧੪੧੪)

ਮਨਮੁਖ ਨਾਮੁ ਨ ਚੇਤਨੀ, ਬਿਨੁ ਨਾਵੈ ਦੁਖ ਰੋਇ ॥
ਆਤਮਾ ਰਾਮ ਨ ਪੂਜਨੀ, ਦੂਜੇ ਕਿਉ ਸੁਖੁ ਹੋਇ ॥ (ਸਲੋਕ,ਮ: ੩-੧੪੧੪)
ਮਨਮੁਖ ਊਧਾ ਕਉਲੁ ਹੈ ਨ ਤਿਸੁ ਭਗਤਿ ਨ ਨਾਉ ॥
ਸਕਤੀ ਅੰਦਰਿ ਵਰਤਦਾ ਕੂੜ ਤਿਸਕਾ ਹੈ ਉਪਾਉ ॥ ੫੧੧ ॥
ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ, ਇਹੁ ਮਨਮੁਖ ਕਾ ਆਚਾਰ ॥
ਹਰਿ ਨਾਮ ਨ ਪਾਇਆ, ਜਨਮੁ ਬਿਰਥਾ ਗਵਾਇਆ,
ਨਾਨਕ ਜਮੁ ਮਾਰ ਕਰੇ ਖੁਆਰ ॥
ਧ੍ਰਿਗ ਤਿਨਾ ਕਾ ਜੀਵਿਆ, ਜੋ ਹਰਿ ਸੁਖੁ ਪਰਹਰਿ ਤਿਆਗਦੇ,
ਦੁਖ ਹਉਮੈ ਪਾਪ ਕਮਾਇ ॥
ਮਨਮੁਖਿ ਅਗਿਆਨ ਮਾਇਆ ਮੋਹ ਵਿਆਪੇ,
ਤਿਨ ਬੂਝ ਕਾਈ ਪਾਇ ॥

. . .

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ,
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥
ਹਉਮੈ ਮਾਇਆ ਰੋਗਿ ਵਿਆਪੇ,
ਮਰਿ ਜਨਮਹਿ ਦੁਖੁ ਹੋਈ ਰਾਮ ॥ (ਸੂਹੀ,ਮ: ੩-੭੬੮)

## (14) ਸੰਗਰਾਂਦ ਪੁੰਨਿਆ ਆਦਿਕ ਦਿਨਾਂ ਦੇ ਭਰਮ :

ਗੁਰੂ ਅਮਰਦਾਸ ਜੀ ਨੇ ਗੁਰਸਿਖਾਂ ਨੂੰ ਦ੍ਰਿੜਤਾ ਨਾਲ ਇਹ ਤਾਕੀਦ ਕੀਤੀ ਸੀ ਕਿ ਉਹ ਦਿਨਾਂ ਦੇ ਭਾਰੇ ਜਾਂ ਹਲਕੇ ਹੋਣ ਦੇ ਜਾਂ ਸ਼ੁਭ-ਅਸ਼ੁਭ ਦੇ ਵਹਿਮਾਂ ਵਿਚ ਨਾ ਪੈਣ । ਅਨਮੱਤਾਂ ਅੰਦਰ ਕੁਝ ਖਾਸ ਦਿਨਾਂ ਨੂੰ ਪਵਿਤਰ ਅਤੇ ਸ਼ੁਭ ਕਰਕੇ ਮੰਨਿਆ ਗਿਆ ਹੈ, ਜਦਕਿ ਦੂਜੇ ਦਿਨਾਂ ਬਾਰੇ ਉਹਨਾਂ ਦਾ ਵਿਸ਼ਵਾਸ ਹੋਰ ਤਰ੍ਹਾਂ ਹੈ । ਜਿਵੇਂ ਸੰਗਰਾਦ, ਪੁੰਨਿਆਂ, ਮਸਿਆ, ਏਕਾਦਸ਼ੀ, ਅਸ਼ਟਮੀ ਆਦਿਕ ਦਿਨਾਂ ਨੂੰ ਵਿਸ਼ੇਸ਼ ਅਹਿਮੀਅਤ ਦਿਤੀ ਗਈ ਹੈ । ਇਹਨਾਂ ਵਿਸ਼ੇਸ਼ ਦਿਨਾਂ ਵਿਚ ਕਈ ਧਾਰਮਕ ਪੁੰਨ ਦਾਨ ਤੇ ਕਰਮ-ਕਾਂਡ ਇਸ ਕਾਰਨ ਪੂਰੇ ਕੀਤੇ ਜਾਂਦੇ ਹਨ, ਕਿ ਇਹਨਾਂ ਦਾ ਉਹਨਾਂ ਖਾਸ ਦਿਨਾਂ ਨੂੰ ਕੀਤੇ ਜਾਣਾ ਵਿਸ਼ੇਸ਼ ਰੂਪ ਵਿਚ ਫਲ ਦਿੰਦਾ ਹੈ । ਸਤਿਗੁਰਾਂ ਨੇ ਥਿਤਾਂ-ਵਾਰਾਂ ਦੇ ਸ਼ੁਭ-ਅਸ਼ੁਭ ਹੋਣ ਦੇ ਭਰਮ ਵਹਿਮ ਨੂੰ ਮੰਨਣ ਵਾਲੇ ਲੋਕਾਂ ਨੂੰ ਮੂਰਖ ਅਤੇ ਗਵਾਰ ਕਿਹਾ ਹੈ । ਯਥਾ :

**ਸਤਿਗੁਰ ਬਾਝਹੁ ਅੰਧ ਗੁਬਾਰੁ ।।**
**ਥਿਤੀਂ ਵਾਰ ਸੇਵਹਿ ਮੁਗਧ ਗਵਾਰ ।।** (ਪੰਨਾ ੮੪੩)

## (15) ਰੱਬੀ ਗੁਣ ਅਪਨਾਉਣ ਤੇ ਅਉਗੁਣ ਤਿਆਗਣ ਦੀ ਲੋੜ :

ਗੁਰਮਤ ਵਿਚ ਅਉਗੁਣ ਜਾਂ ਬਦੀਆਂ ਤਿਆਗਣ ਤੇ ਗੁਣ ਗ੍ਰਹਿਣ ਕਰਨ ਦੀ ਸੱਪਸ਼ਟ ਹਿਦਾਇਤ ਕੀਤੀ ਗਈ । ਗੁਰਮਤ ਅਨੁਸਾਰ ਤਾਂ ਨਾਮ ਸਿਮਰਨ ਕੇਵਲ ਤਦ ਹੀ ਹੋ ਸਕਦਾ ਹੈ, ਜੇ ਭੈੜੇ ਗੁਣਾਂ ਤੋਂ ਅਸੀ ਤੋਬਾ ਕਰ ਲਈਏ ਤੇ ਨੇਕ-ਚਲਨ ਬਣੀਏ । ਗੁਰਮਤ ਵਿਚ ਅਜ ਦੇ ਦੇਹਧਾਰੀ ਗੁਰੂਡੰਮੀ ਪ੍ਰਚਾਰਕਾਂ ਦੇ ਇਸ ਖਿਆਲ ਦਾ ਪੂਰਾ ਖੰਡਨ ਹੈ ਕਿ ਬੰਦਾ ਬੱਦ ਤੇ ਨੇਕ ਸਭ ਕਿਸਮਾਂ ਦੇ ਕੰਮ ਕਰਦਾ ਰਹੇ, ਤੇ ਦੇਹਧਾਰੀ ਗੁਰੂਆਂ ਕੋਲੋਂ ਨਾਮ ਲੈ ਲਵੇ, ਤੇ ਇਸ ਹੇਰਾ ਫੇਰੀ ਜਾਂ ਚਤੁਰਾਈ ਨਾਲ ਪ੍ਰਭੂ ਨੂੰ ਪ੍ਰਾਪਤ ਕਰ ਲਵੇਗਾ । ਸਤਿਗੁਰਾਂ ਨੇ ਇਸ ਮਾਅਮਲੇ ਵਿਚ ਬੜਾ ਸਖਤ ਸਟੈਂਡ ਲੈ ਕੇ ਇਹ ਗਲ ਸਮਝਾ ਦਿਤੀ ਹੈ ਕਿ ਨਾਮ ਸਿਮਰਨ ਕੇਵਲ ਉਸ ਹਾਲਤ ਵਿਚ ਹੋ ਸਕਦਾ ਹੈ, ਜਦ ਅਉਗੁਣ ਤਿਆਗ ਕੇ ਰੱਬੀ ਗੁਣਾਂ ਨੂੰ ਗ੍ਰਹਿਣ ਕੀਤਾ ਜਾਵੇ । ਗੁਰੂ ਅਮਰਦਾਸ ਜੀ ਇਸ ਸਬੰਧ ਵਿਚ ਸਾਫ ਲਫ਼ਜ਼ਾਂ ਵਿਚ ਫੁਰਮਾਉਂਦੇ ਹਨ ਕਿ ਰੱਬੀ ਗੁਣ ਗ੍ਰਹਿਣ ਕਰਨ ਨਾਲ ਹੀ ਆਤਮਕ ਅਨੰਦ ਪੈਦਾ ਹੋ ਸਕਦਾ ਹੈ ਤੇ ਇਨਸਾਨ ਰੱਬ ਦੀ ਭਗਤੀ ਕਰ ਸਕਦਾ ਹੈ । ਗੁਰੂ ਉਪਦੇਸ਼ ਰਾਹੀਂ ਰੱਬੀ ਗੁਣਾਂ ਦਾ ਵਪਾਰ ਕਰਨ ਵਾਲੇ ਬੰਦੇ ਹੀ ਨਾਮ ਸਿਮਰਨ ਕਰ ਸਕਦੇ ਹਨ । ਸਚੇ ਭਗਤ ਆਪਣੇ ਅੰਦਰੋਂ ਆਪਾ-ਭਾਵ [ਹਉਮੈ] ਦੂਰ ਕਰ ਲੈਂਦੇ ਹਨ ਕਿਉਂਕਿ ਉਹਨਾਂ ਨੇ ਗੁਣਾਂ ਤੇ ਅਉਗੁਣਾਂ ਦੀ ਪਛਾਣ ਕਰ ਲਈ ਹੁੰਦੀ ਹੈ । ਇਸ ਲਈ ਸਿੱਧਾ ਜੀਵਨ-ਰਾਹ ਤਾਂ ਇਹੋ ਹੈ ਕਿ ਇਨਸਾਨ ਖਿਨ-ਭੰਗਰ ਪਦਾਰਥਾਂ ਦੇ ਮੋਹ ਅਤੇ ਅਉਗੁਣਾਂ ਨਾਲ ਚਿਤ ਨ ਜੋੜੇ ਤੇ ਕੋਈ ਐਸਾ ਬੱਦ-ਕਰਮ ਉਕਾ ਹੀ ਨ ਕਰੇ ਜਿਸ ਨਾਲ ਅੰਤ ਵਿਚ ਪਛਤਾਉਣਾ ਪਏ । ਯਥਾ :

ਗੁਣ ਕੀ ਸਾਂਝ ਸੁਖੁ ਉਪਜੈ ਸਚੀ ਭਗਤਿ ਕਰੇਨਿ ॥
ਸਚੁ ਵਣਜਹਿ ਗੁਰ ਸਬਦ ਸਿਉ, ਲਾਹਾ ਨਾਮੁ ਲਏਨਿ ॥ (ਸੂਹੀ, ਮ ੩-੭੫੬)
ਹਰਿ ਭਗਤਾਂ ਕੀ ਜਾਤਿ ਪਤਿ ਹੈ,
ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥
ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ,
ਜਿਨ੍ ਗੁਣ ਅਵਗਣ ਪਛਾਣੇ ਰਾਮ ॥
ਗੁਨ ਅਉਗਣ ਪਛਾਣੈ ਹਰਿ ਨਾਮੁ ਵਖਾਣੈ,
ਭੈ ਭਗਤਿ ਮੀਠੀ ਲਾਗੀ ॥
ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥
(ਸੂਹੀ, ਮ: ੩, ਪੰਨਾ ੭੬੮)

ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
(ਰਾਮਕਲੀ, ਮ: ੩, ਅਨੰਦੁ-ਪੰਨਾ ੯੧੮).

## (16) ਨਾਮ ਸਿਮਰਨ ਬਾਰੇ ਇਕ ਭੁਲੇਖੇ ਦੀ ਨਿਵਿਰਤੀ :

ਨਾਮ ਸਿਮਰਨ ਉਤੇ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਬਹੁਤ ਜ਼ੋਰ ਦਿਤਾ ਗਿਆ ਹੈ, ਪਰ ਆਪਨੇ ਅਪਾਰ ਕਿਰਪਾ ਕਰਕੇ ਇਹ ਸਪੱਸ਼ਟ ਸਮਝਾ ਦਿਤਾ ਹੈ ਕਿ ਕੇਵਲ ਮਾਤਰ ਤੋਤਾ-ਰਟਨ ਨਾਮ ਸਿਮਰਨਾ (Mechanical repitition) ਸਿਮਰਨ ਨਹੀਂ ਅਖਵਾ ਸਕਦਾ । ਸਿਮਰਨ ਤਦ ਹੀ ਹੋ ਸਕਦਾ ਹੈ ਜਦ ਜਗਿਆਸੂ ਦੇ ਮਨ ਵਿਚ ਦ੍ਰਿੜ ਵਿਸ਼ਵਾਸ ਹੋਵੇ, ਕਿ ਸਾਹਿਬ ਸਦਾ ਉਸਦੇ ਨਾਲ ਵੱਸਦਾ ਹੈ ਅਤੇ ਉਹ ਸਿਰਜਣਹਾਰ ਤੇ ਪਾਲਣਹਾਰ ਰੱਬ ਤੋਂ ਕੁਰਬਾਨ ਜਾਏ । ਆਪਾ-ਭਾਵ ਅਥਵਾ ਹਉਮੈ ਨੂੰ ਤਿਆਗਣ ਬਿਨਾ ਸਿਮਰਨ ਕਿਵੇਂ ਹੋ ਸਕਦਾ ਹੈ ? ਆਪਾ-ਭਾਵ ਤਿਆਗੇ ਬਿਨਾਂ ਪ੍ਰਭੂ ਦਾ ਨਾਮ ਉਚਾਰਨਾ ਬੇਸੁਆਦਾ ਰਹਿੰਦਾ ਹੈ ਅਤੇ ਆਪਾ-ਭਾਵ ਤਿਆਗੇ ਬਿਨਾਂ ਪ੍ਰਮੇਸ਼ਰ ਦਾ ਨਾਮ ਰਟਨ ਕਰਨਾ ਰੱਬੀ ਕਰਮ ਨਹੀਂ ਰਹਿ ਜਾਂਦਾ । ਗੁਰੂ ਦੀ ਸ਼ਰਨ ਵਿਚ ਪਏ ਬਿਨਾਂ ਭਾਵ ਗੁਰੂ ਦੁਆਰਾ ਸਿਖਾਏ ਗੁਣ ਧਾਰਨ ਕੀਤੇ ਬਿਨਾਂ ਨਾਮ ਸਿਮਰਨ ਕਰਨਾ ਊਣਾ ਕਰਮ ਹੈ ਜੋ ਪ੍ਰਮੇਸ਼ਰ ਦੀ ਦਰਗਾਹ ਵਿਚ ਕਬੂਲ ਨਹੀਂ ਹੁੰਦਾ । ਇਸ ਸਬੰਧ ਵਿਚ ਗੁਰੂ ਅਮਰਦਾਸ ਜੀ ਨੇ ਖੂਹ ਦੇ ਹਲਟ ਦੀ ਮਿਸਾਲ ਦੇ ਕੇ ਆਪਣਾ ਗੁਰਮਤ ਸਿਧਾਂਤ ਬਹੁਤ ਖ਼ੂਬਸੂਰਤ ਢੰਗ ਨਾਲ ਸਮਝਾ ਦਿਤਾ ਹੈ, ਕਿ ਚਲਦੇ ਖੂਹ ਦੇ ਹਲਟ ਭੀ ਜੰਤਰਾਂ ਦੇ ਰਗੜ ਖਾਣ ਤੇ ਕਈ ਵਾਰੀ ਤੂੰ ਤੂੰ ਦੀ ਪਿਆਰੀ ਤੇ ਮਿਠੀ ਆਵਾਜ਼ ਕੱਢਣ ਲਗ ਜਾਂਦੇ ਹਨ, ਪਰ ਹਲਟਾਂ ਦੀ ਇਹ ਤੂੰ ਤੂੰ ਦੀ ਆਵਾਜ਼ ਪਿਆਰ ਤੇ ਭਗਤੀ ਜਜ਼ਬੇ ਤੋਂ ਸਖਣੀ ਹੋਣ ਕਾਰਨ ਨਾਮ ਸਿਮਰਨ ਨਹੀਂ ਅਖਵਾ ਸਕਦੀ । ਇਸੇ ਤਰ੍ਹਾਂ ਮਨ ਵਿਚ ਰੱਬੀ ਗੁਣ ਧਾਰਨ ਕੀਤੇ ਬਿਨਾ, ਤੇ ਰੱਬੀ ਪਿਆਰ ਪੈਦਾ ਕੀਤੇ ਬਿਨਾ ਤੋਤਾ ਰਟਨ ਪਾਠ ਸਿਮਰਨ ਨਹੀਂ ਅਖਵਾ ਸਕਦਾ । ਯਥਾ :

"ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥
ਸਾਹਿਬੁ ਸਦਾ ਹਦੂਰਿ ਹੈ, ਕਿਆ ਉਚੀ ਕਰਹਿ ਪੁਕਾਰ ॥
ਜਿਨਿ ਜਗਤੁ ਉਪਾਇ ਹਰਿ ਰੰਗੁ ਕੀਆ, ਤਿਸੈ ਵਿਟਹੁ ਕੁਰਬਾਣੁ ॥
ਆਪੁ ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ ॥
ਹਉਮੈ ਫਿਕਾ ਬੋਲਣਾ, ਬੁਝਿ ਨ ਸਕਾਂ ਕਾਰ ॥
ਵਣਿ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ, ਅਨਦਿਨੁ ਸਦਾ ਵਿਹਾਣ ॥
ਬਿਨੁ ਸਤਿਗੁਰ ਕਿਨੈ ਨ ਪਾਇਆਂ, ਕਰਿ ਕਰਿ ਥਕੇ ਵੀਚਾਰ ॥
ਨਦਰਿ ਕਰਹਿ ਜੇ ਆਪਣੀ ਤਾਂ ਆਪੇ ਲੈਹਿ ਸਵਾਰਿ ॥
ਨਾਨਕ ਗੁਰਮੁਖਿ ਜਿਨ੍ਹੀ ਧਿਆਇਆ, ਆਏ ਸੇ ਪਰਵਾਣੁ ॥

(ਸਲੋਕ ਵਾਰਾ ਤੇ ਵਧੀਕ, ਮ: ੩ ਪੰਨਾ ੧੪੨੦)

## (17) ਬਖਸ਼ਸ਼ ਤੇ ਅਰਦਾਸ ਉਤੇ ਟੇਕ :

ਪ੍ਰਮੇਸ਼ਰ ਪ੍ਰਾਪਤੀ ਲਈ ਪ੍ਰਮੇਸ਼ਰ ਅਗੇ ਅਰਦਾਸ ਕਰਨੀ ਚਾਹੀਦੀ ਹੈ, ਤੇ ਉਸਦੀ ਮਿਹਰ ਜਾਂ ਬਖਸ਼ਸ਼ ਦੀ ਮੰਗ ਮੰਗਣੀ ਚਾਹੀਦੀ ਹੈ । ਅਰਦਾਸ ਲਈ ਵੀ ਕਈ ਜ਼ਰੂਰੀ ਗਲਾ ਧਿਆਨ ਵਿਚ ਰਖਣੀਆਂ ਚਾਹੀਦੀਆਂ ਹਨ । ਆਪਣੇ ਖੋਟੇ ਕਰਮਾਂ ਨੂੰ ਮੰਨਣਾ ਤੇ ਪਰਮੇਸ਼ਰ ਦੀ ਬੇਅੰਤਤਾ ਤੇ ਬਖਸ਼ਣਹਾਰਤਾ ਦਾ ਬਿਆਨ ਕਰਨਾ ਸਾਡੇ ਮਨਾਂ ਵਿਚ ਸ੍ਵੈ-ਵਿਸਵਾਸ਼ ਤੇ ਪਵਿਤਰਤਾ ਪੈਦਾ ਕਰਦਾ ਹੈ ਪਰਮੇਸ਼ਰ ਨਾਲ ਹਿਸਾਬ-ਕਿਤਾਬ ਦੀ ਰੁਚੀ ਰਖਣੀ ਸੱਚੀ ਭਗਤੀ ਦਾ ਪ੍ਰਗਟਾਵਾ ਨਹੀਂ । ਸਚਾ ਭਗਤ ਪਰਮੇਸ਼ਰ ਅਗੇ ਸਦਾ ਇਹੋ ਮੰਨਦਾ ਹੈ ਕਿ ਸਾਡੇ ਅੰਦਰ ਬੇਅੰਤ ਅਉਗੁਣ ਹਨ ਤੇ ਨੇਕੀਆਂ ਨਾਂਹ ਦੇ ਬਰਾਬਰ ਹਨ । ਇਸ ਲਈ ਮਾਲਕ ਤੋਂ ਸਿਰਫ ਉਹਦੀ ਮਿਹਰ ਤੇ ਬਖਸ਼ਸ਼ ਹੀ ਮੰਗਣੀ ਯੋਗ ਹੈ । ਗੁਰੂ ਅਮਰਦਾਸ ਜੀ ਨੇ ਕਿਤਨੇ ਸੁਚਜੇ ਢੰਗ ਨਾਲ ਅਰਦਾਸ ਕਰਨੀ ਸਿਖਾਈ ਹੈ :

ਅਸੀ ਖਤੇ ਬਹੁਤ ਕਮਾਵਦੇ, ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ, ਹਉ ਪਾਪੀ ਵਡ ਗੁਨਹਗਾਰੁ ॥
ਹਰਿ ਜੀਉ ਲੇਖੈ ਵਾਰ ਨ ਆਵਈ, ਤੂੰ ਬਖਸਿ ਮਿਲਾਵਣਹਾਰੁ ॥
ਗੁਰ ਤੁਠੇ ਹਰਿ ਪ੍ਰਭੁ ਮੇਲਿਆ, ਸਭ ਕਿਲਵਿਖ ਕਟਿ ਵਿਕਾਰ ॥
ਜਿਨਾ ਹਰਿ ਹਰਿ ਨਾਮੁ ਧਿਆਇਆ, ਜਨ ਨਾਨਕ ਤਿਨ੍ ਜੈਕਾਰੁ ॥

(ਸਲੋਕ, ਮ: ੩, ਪੰਨਾ-੧੪੧੬)

## (18) ਪ੍ਰਚਾਰਕਾਂ ਲਈ ਅਮਲੀ ਜੀਵਨ ਦੀ ਲੋੜ :

ਦੂਜਿਆਂ ਵਿਚ ਧਰਮ ਦਾ ਪ੍ਰਚਾਰ ਕਰਨ ਵਾਲੇ ਦਾ ਆਪਣਾ ਜੀਵਨ ਉਚਾ-ਸੁੱਚਾ, ਪਾਕ-ਪਵਿਤਰ ਅਰ ਰੱਬੀ ਗੁਣਾਂ ਤੇ ਪਿਆਰ ਨਾਲ ਰੰਗਿਆ ਹੋਣਾ ਚਾਹੀਦਾ ਹੈ । ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਪ੍ਰਚਾਰਕ ਲਈ ਇਹ ਜ਼ਰੂਰੀ ਹੈ ਕਿ ਉਹ ਰੱਬੀ ਗਿਆਨ

ਨੂੰ ਖੁਦ ਵੀ ਚੰਗੀ ਤਰ੍ਹਾਂ ਸਮਝਦਾ ਹੋਵੇ ਤੇ ਅਮਲ ਵਿਚ ਲਿਆਉਂਦਾ ਹੋਵੇ । ਆਪਣੇ ਆਪ ਨੂੰ ਪਛਾਣੇ ਬਿਨਾਂ ਸੱਚੇ ਰੱਬੀ ਗਿਆਨ ਤੋਂ ਵਿਹੂਣਾ ਪ੍ਰਚਾਰਕ ਕੁਦਰਤੀ ਤੌਰ ਤੇ ਹੀ ਪਾਪ ਕਰਮ ਕਮਾਉਂਦਾ ਹੈ ਤੇ ਪ੍ਰਮੇਸ਼ਰ ਦੀ ਦਰਗਾਹ ਵਿਚ ਕਬੂਲ ਨਹੀਂ ਹੁੰਦਾ । ਪ੍ਰਚਾਰਕ ਨੂੰ ਆਪਣੇ ਗਿਆਨ ਵਿਦਵਤਾ ਤੇ ਦਿਲ-ਖਿਚਵੀਂ ਵਖਿਆਨ-ਸ਼ਕਤੀ ਉਤੇ ਭੁਲਕੇ ਵੀ ਮਾਣ ਨਹੀਂ ਕਰਨਾ ਚਾਹੀਦਾ । ਇਹ ਗੁਣ ਵੀ ਤਾਂ ਰੱਬੀ ਦਾਤ ਹੀ ਹਨ । ਇਹਨਾਂ ਗੁਣਾਂ ਤੇ ਹੰਕਾਰ ਕਾਹਦਾ ? ਜਦ ਪ੍ਰਮੇਸ਼ਰ ਆਪਣੀ ਸਤਿਆ ਜਾਂ ਤਾਕਤ ਇਨਸਾਨ ਵਿਚੋਂ ਖਿਚ ਲੈਂਦਾ ਹੈ, ਤਦ ਉਹ ਆਪਣਾ ਗਿਆਨ-ਭਰਪੂਰ ਵਖਿਆਨ ਕਿਵੇਂ ਕਰ ਸਕਦਾ ਹੈ ? ਪ੍ਰਚਾਰਕ ਆਪਣੀ ਬੋਲਣ-ਸ਼ਕਤੀ ਨੂੰ ਪ੍ਰਭੂ ਦੀ ਦਾਤ ਸਮਝੇ ਅਤੇ ਭੁਲਕੇ ਵੀ ਇਸਤੇ ਹੰਕਾਰ ਨ ਕਰੇ ਯਥਾ :

**ਆਪਿ ਨ ਬੂਝੈ ਲੋਕ ਬੁਝਾਵੈ ॥**
**ਮਨ ਕਾ ਅੰਧਾ ਅੰਧੁ ਕਮਾਵੈ ॥**
**ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥** (ਪੰਨਾ ੮੩੨)
**ਕਿਆ ਕੋਈ ਤੇਰੀ ਸੇਵਾ ਕਰੇ, ਕਿਆ ਕੋ ਕਰੇ ਅਭਿਮਾਨਾ ॥**
**ਜਬ ਅਪੁਨੀ ਜੋਤਿ ਖਿੰਚਹਿ ਤੂੰ ਸੁਆਮੀ,**
**ਤਬ ਕੋਈ ਕਰਉ ਦਿਖਾ ਵਖਿਆਨਾਂ ॥**
**(ਬਿਲਾਵਲ,ਮ: ੩, ਪੰਨਾ ੭੯੭)**

**ਪਰਚਾਰਕ ਨਿਮਰਤਾ ਦੇ ਗੁਣ ਨੂੰ ਕਦੀ ਨ ਛੱਡੇ ।**

—o—

# ਕਲਿ ਵਿਚਿ ਧੂ ਅੰਧਾਰ ਸਾ, ਚੜ੍ਹਿਆ ਰੈ ਭਾਣੁ

(ਰੱਬੀ ਗੁਣਾ ਤੇ ਗਿਆਨ ਦੇ ਸੂਰਜ ਗੁਰੂ ਅਮਰਦਾਸ ਜੀ)

ਭੱਟਾਂ ਦੀ ਗੁਰੂ ਉਸਤਤ ਵਿਚ ਉਚਾਰੀ ਬਾਣੀ ਦੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਰਾਇ ਬਲਵੰਡ ਅਤੇ ਸਤੇ ਦੀ ਉਚਾਰੀ ਰਾਮਕਲੀ ਕੀ ਵਾਰ ਵੀ ਦਰਜ ਹੈ, ਜਿਸ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ ਪੰਜ ਗੁਰੂ ਜਾਮਿਆਂ ਦੀਆਂ ਮਹਾਨ ਸ਼ਖਸ਼ੀਅਤਾਂ ਅਤੇ ਉਹਨਾਂ ਦੇ ਉਚੇ ਆਤਮਕ ਗੁਣਾਂ ਦਾ ਜ਼ਿਕਰ ਹੈ ।

ਗੁਰੂ ਅਮਰਦਾਸ ਜੀ ਦੀ ਮਹਾਨ ਸ਼ਖਸ਼ੀਅਤ ਨੂੰ ਸਤਾ ਜੀ ਨੇ ਇਉਂ ਬਿਆਨ ਕੀਤਾ ਹੈ — 'ਗੁਰੂ ਅਮਰਦਾਸ ਜੀ ਆਪਣੇ ਵਡਿਆਂ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਵਰਗੇ ਹੀ ਮਹਾਨ ਹਨ । ਗੁਰੂ ਅਮਰਦਾਸ ਜੀ ਨੇ ਆਤਮਕ ਬਲ ਨੂੰ ਨੇਹਣੀ ਬਣਾਕੇ ਮਨ ਰੂਪੀ ਨਾਗ ਨੂੰ ਨੇੜ੍ਹੇ ਵਿਚ ਪਾਇਆ ਹੈ ਅਤੇ ਆਤਮਕ ਅਡੋਲਤਾ ਦੇ ਪਹਾੜ

ਨੂੰ ਮਧਾਣੀ ਬਣਾਕੇ ਗੁਰੂ ਸ਼ਬਦ ਰੂਪੀ ਸਾਗਰ ਨੂੰ ਰਿੜਕ ਕੇ ਰੱਬੀ ਗੁਣਾਂ ਰੂਪੀ ਰਤਨ ਕਢਕੇ ਸੰਸਾਰ ਦੇ ਲੋਕਾਂ ਨੂੰ ਰੋਸ਼ਨੀ ਦਿੱਤੀ ਹੈ । ਗੁਰੂ ਅਮਰਦਾਸ ਜੀ ਦੇ ਮਸਤਕ ਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਵਰਗਾ ਨੂਰ ਹੀ ਦਿਸਦਾ ਹੈ ਤੇ ਆਪਦਾ ਤਖਤ ਤੇ ਦਰਬਾਰ ਭੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਵਰਗੇ ਹਨ । ਆਪ ਆਤਮਕ ਅਡੋਲਤਾ ਦੇ ਮਾਲਕ ਹਨ ਅਤੇ ਆਪ ਨੇ ਆਪਣੀਆਂ ਇਦ੍ਰੀਆਂ ਨੂੰ ਪੂਰੀ ਤਰ੍ਹਾਂ ਕਾਬੂ ਕਰ ਰਖਿਆ ਹੈ । ਆਪ ਸੁੱਚੇ ਆਚਰਣ ਨਾਲ ਭਰਪੂਰ ਹਨ ਅਤੇ ਸਦਾ ਪ੍ਰਮੇਸ਼ਰ ਦੇ ਜੱਸ ਵਿਚ ਲੀਨ ਰਹਿੰਦੇ ਹਨ । ਸੰਸਾਰ ਵਿਚ ਛਾਏ ਵਿਸ਼ੇ-ਵਿਕਾਰਾਂ ਦੇ ਘੁੱਪ ਹਨੇਰੇ ਨੂੰ ਦੂਰ ਕਰਨ ਲਈ ਆਪ ਰੱਬੀ ਗੁਣਾਂ ਰੂਪੀ ਕਿਰਨਾਂ ਵਾਲੇ ਮਹਾਨ ਸੂਰਜ ਹਨ । ਆਪ ਨੇ ਉਚੇ ਸੁਚੇ ਆਚਰਣ ਰਾਹੀਂ ਧਰਮ ਦੀ ਉਜੜੀ ਖੇਤੀ ਦੁਬਾਰਾ ਪੈਦਾ ਕੀਤੀ ਹੈ ਅਤੇ ਉਸਦੀ ਰਾਖੀ ਕੀਤੀ ਹੈ ।

ਗੁਰੂ ਅਮਰਦਾਸ ਜੀ ਦੇ ਅੰਮ੍ਰਿਤ-ਲੰਗਰ ਰਾਹੀਂ ਲੋਕੀ ਆਤਮਕ ਜੀਵਨ ਦੀ ਉਸਾਰੀ ਕਰ ਰਹੇ ਹਨ । ਜੋ ਮਨੁਖ ਵੀ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਮਨ ਵਿਚ ਵਸਾ ਲੈਂਦਾ ਹੈ, ਉਹ ਹਰ ਥਾਂ ਪ੍ਰਮੇਸਰ ਦਾ ਦੀਦਾਰ ਕਰਦਾ ਹੈ ਤੇ ਉਸਦਾ ਜੰਮਣ-ਮਰਨ ਦਾ ਚੱਕਰ ਮੁਕ ਜਾਂਦਾ ਹੈ । ਗੁਰੂ ਅਮਰਦਾਸ ਜੀ ਦੇ ਗੁਣਾਂ ਨੂੰ ਦੇਖ ਕੇ ਇਉ ਪ੍ਰਤੀਤ ਹੁੰਦਾ ਹੈ ਕਿ ਅਕਾਲ ਪੁਰਖ, ਜਾਣੋ, ਆਪ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪਰੱਤਖ ਹੋਇਆ ਹੈ । ਵਿਕਾਰਾਂ ਦੇ ਝੱਖੜ ਤੇ ਹਨੇਰੀ ਦਾ ਗੁਰੂ ਅਮਰਦਾਸ ਜੀ ਉਤੇ ਰਤਾ ਵੀ ਪ੍ਰਭਾਵ ਨਹੀਂ ਤੇ ਆਪ ਸੁਮੇਰ ਪਰਬਤ ਦੀ ਤਰ੍ਹਾਂ ਅਡੋਲ ਅਤੇ ਮਜ਼ਬੂਤ ਮਨ ਵਾਲੇ ਹਨ । ਆਪ ਸਭ ਜੀਆਂ ਦੇ ਮਾਨਸਕ ਰੋਗਾਂ ਨੂੰ ਸਮਝਦੇ ਹਨ । ਆਪ ਸਾਖਸ਼ਾਤ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੇ ਰੂਪ ਹੀ ਹਨ । ਯਥਾ :

"ਸੋ ਟਿਕਾ, ਸੋ ਬੈਹਣਾ, ਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ, ਪੋਤਾ ਪਰਵਾਣੁ ॥
ਜਿਨਿ ਬਾਸਕੁ ਨੇਤ੍ਰੈ ਘਤਿਆ, ਕਰਿ ਨੇਹੀ ਤਾਣੁ ॥
ਜਿਨਿ ਸਮੁੰਦੁ ਵਿਰੋਲਿਆ, ਕਰਿ ਮੇਰੁ ਮਧਾਣੁ ॥
ਚਉਦਹ ਰਤਨ ਨਿਕਾਲੀਅਨੁ ਕੀਤੋਨੁ ਚਾਨਾਣੁ ॥
ਘੋੜਾ ਕੀਤੋ ਸਹਜ ਦਾ, ਜਤੁ ਕੀਓ ਪਲਾਣੁ ॥
ਧਣਖੁ, ਚੜ੍ਹਾਇਓ ਸਤ ਦਾ, ਜਸ-ਹੰਦਾ ਬਾਣੁ ॥
ਕਲਿ ਵਿਚ ਧੂ ਅੰਧਾਰੁ ਸਾ, ਚੜ੍ਹਿਆ ਰੈ ਭਾਣੁ ॥
ਸਤਹੁ ਖੇਤੁ ਜਮਾਇਓ, ਸਤਹੁ ਛਾਵਾਣੁ ।
ਨਿਤ ਰਸੋਈ ਤੇਰੀਐ, ਘਿਉ ਮੈਦਾ ਖਾਣੁ ॥
ਚਾਰੇ ਕੁੰਡਾਂ ਸੁਝੀਓਸੁ, ਮਨ ਮਹਿ ਸਬਦੁ ਪਰਵਾਣੁ ॥
ਆਵਾਗਉਣ ਨਿਵਾਰਿਓ, ਕਰਿ ਨਦਰਿ ਨੀਸਾਣੁ ॥
ਅਉਤਰਿਆ ਅਉਤਾਰ ਲੈ, ਸੋ ਪੁਰਖੁ ਸੁਜਾਣੁ ॥
ਝਖੜਿ ਵਾਉ ਨ ਡੋਲਈ, ਪਰਬਤੁ ਮੇਰਾਣੁ ॥
ਜਾਣੈ ਬਿਰਥਾ ਜੀਅ ਕੀ, ਜਾਣੀ ਹੂ ਜਾਣੁ ॥" (ਪੰਨਾ-੯੬੮)

# ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ ਭਾਈ ਨੰਦ ਲਾਲ ਸਿੰਘ ਜੀ ਦੀ ਸ਼ਰਧਾਂਜਲੀ

ਤੀਜੀ ਪਾਤਸ਼ਾਹੀ ਸੱਚ ਦੇ ਪਾਲਣਹਾਰ, ਦੇਸ਼ਾ ਦੇ ਸੁਲਤਾਨ ਅਤੇ ਸਖਾਵਤ ਤੇ ਬਖਸ਼ਿਸ਼ ਦੇ ਪਰਸਾਰ ਦੇ ਸੰਸਾਰ ਸਾਗਰ ਦੀ ਹੈ, ਮੌਤ ਦਾ ਡਾਢਾ ਫ਼ਰਿਸ਼ਤਾ ਵੀ ਜਿਸ ਦੇ ਅਧੀਨ ਹੈ ਅਤੇ ਹਿਸਾਬ ਕਿਤਾਬ ਰਖਣ ਵਾਲੇ 'ਦੇਵਤਿਆਂ ਦਾ ਸੁਲਤਾਨ ਜਿਸ ਦੇ ਲੇਖੇ ਵਿਚ ਹੈ । ਇਨ੍ਹਾਂ ਦੋਹਾਂ ਦੀ ਚਮਕ ਦਮਕ ਦਾ ਪਹਿਰਾਵਾ ਸੱਚ ਦੀ ਮਸਾਲ ਅਤੇ ਬੰਧਪਤੀਆਂ ਵਾਲੀ ਹਰ ਕਲੀ ਦੀ ਖ਼ੁਸ਼ੀ ਤੇ ਖੇੜਾ ਹੈ, ਉਸਦੇ ਪਵਿਤਰ ਨਾਮ ਦਾ 'ਅਲਿਫ਼' ਹਰ ਭਟਕ ਰਹੇ ਬੰਦੇ ਲਈ ਸੁਖ ਆਰਾਮ ਬਖਸ਼ਣ ਵਾਲਾ ਹੈ ਅਤੇ ਮੁਬਾਰਕ 'ਮੀਮ' ਹਰ ਆਤਰ ਅਤੇ ਲਾਚਾਰ ਦੇ ਕੰਨਾਂ ਨੂੰ ਕਾਵਿ-ਰਸ ਬਖਸ਼ਦਾ ਹੈ, ਉਸ ਦੇ ਨੰਮ ਦੀ ਚੰਗੇ ਭਾਗਾਂ ਵਾਲੀ 'ਰੇ' ਅਮਰ ਮੁਖੜੇ ਦੀ ਸ਼ੋਭਾ ਅਤੇ ਰੋਣਕ ਹੈ ਅਤੇ ਨੇਕ-ਬਖ਼ਤੀ ਭਰਪੂਰ 'ਦਾਲ' ਹਰ ਨਿਰਾਸੇ ਦੀ ਸਹਾਈ ਹੁੰਦੀ ਹੈ । ਉਸ ਦੇ ਨਾਮ ਦਾ ਦੂਜਾ 'ਆਲਿਫ਼' ਹਰ ਪਾਪੀ ਅਤੇ ਦੋਸ਼ੀ ਸ਼ਰਨ ਅਤੇ ਪਨਾਹ ਦੇਣ ਵਾਲਾ ਹੈ ਅਤੇ ਅੰਤਲਾ 'ਸੀਨ' ਉਸ ਕਰਤਾਰ ਦਾ ਪਰਛਾਵਾਂ ਹੈ ।

ਭਾਈ ਨੰਦ ਲਾਲ ਸਿੰਘ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫਤ ਸਲਾਹ ਆਪਣੀ ਰਚਨਾ 'ਗੰਜ ਨਾਮਾ' ਵਿਚ ਹੇਠਾਂ ਲਿਖੇ ਅਨੁਸਾਰ ਕੀਤੀ ਹੈ ।

**ਵਾਹਿਗੁਰੂ ਜੀਓ ਸਤ**

**ਵਾਹਿਗੁਰੂ ਜੀ ਹਾਜ਼ਰ ਨਾਜ਼ਰ ਹੈ ।**

**ਸ਼ੇਅਰ– ਗੁਰੂ ਅਮਰਦਾਸ ਆਂ ਗਰਾਮੀ ਨਜ਼ਾਦ**
**ਜ਼ਿ ਅਫਜ਼ਲਿ ਹੱਕ ਹਸਤੀਅਸ਼ ਰਾ ਮੂਆਦ ।। ੬੪ ।।**

ਅਰਥ– ਗੁਰੂ ਅਮਰਦਾਸ ਉਸ ਮਹਾਨ ਘਰਾਣੇ ਵਿਚੋਂ ਹੈ, ਜਿਸ ਦੀ ਹਸਤੀ ਨੂੰ
ਰੱਬ ਦੇ ਫ਼ਜਲ ਅਤੇ ਕਰਮ ਤੋਂ ਸਮਿਗਰੀ ਮਿਲੀ ਹੈ ।

**ਸ਼ੇਅਰ–ਜ਼ਿ ਵਸਫ਼ੋ ਸਨਾਇ ਹਮਾ ਬਰਤਰੀਂ**
**ਬ–ਸਦਰਿ ਹਕੀਕਤ ਮੁਰਬਅ ਨਸ਼ੀ ।। ੬੫ ।।**

ਅਰਥ- ਸਿਫ਼ਤ ਸ਼ਲਾਘਾ ਕਰਕੇ ਉਹ ਸਭ ਤੋਂ ਉਚੇਰਾ ਹੈ ।
ਉਹ ਰੱਬ ਸੱਚ ਦੇ ਆਸਣ ਤੇ ਚੌਂਕੜੀ ਮਾਰੀ ਬੈਠਾ ਹੈ ।

**ਸ਼ੇਅਰ– ਜਹਾਂ ਰੌਸ਼ਨ ਅਜ ਨੂਰਿ ਅਰਸ਼ਾਦਿ ਊ**
**ਜ਼ਮੀਨੋ ਜ਼ਮਾਂ ਗੁਲਸ਼ਨ ਅਜ ਦਾਦਿ ਊ ।। ੬੬ ।।**

ਅਰਥ– ਉਸ ਦੇ ਬਚਨਾਂ ਦੇ ਨੂਰ ਨਾਲ ਇਹ ਸੰਸਾਰ ਜਗਮਗਾ ਰਿਹਾ ਹੈ, ਅਤੇ ਉਸ
ਦੇ ਇਨਸਾਫ ਨਾਲ ਇਹ ਧਰਤੀ ਅਤੇ ਦੁਨੀਆਂ ਬਾਗ਼ ਬਣਿਆ ਹੋਇਆ ਹੈ ।

**ਸ਼ੇਅਰ– ਦੋ ਆਲਮ ਗੁਲਾਮਸ਼ ਚਿਹ ਹਜ਼ਦਹਿ ਹਜ਼ਾਰ ।**
**ਫਜ਼ੀਲੋ ਕਰਾਮਸ਼ ਫਜ਼ੂੰ ਅਜ ਸ਼ੁਮਾਰ । ੬੭ ।।।**

ਅਰਥ– ਅਸੀਂ ਹਜ਼ਾਰ ਲੋਕਾਈ ਤਾਂ ਕੀ, ਦੋਵੇਂ ਜਹਾਨ ਹੀ ਉਸਦੇ ਗੁਲਾਮ ਹਨ ਉਸਦੀ
ਵਡਿਆਈ ਅਤੇ ਮਿਹਰ ਗਿਣਤੀ ਤੋਂ ਬਾਹਰ ਹੈ ।

—੦—